# ਚਿਰਾਗ

ਅਪ੍ਰੈਲ -ਜੂਨ 1993

**April - June 1993**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ

ਪੁਸਤਕ ਲੜੀ—4

## ਜੰਗ ਦੀ ਹੋਂਦ/ਵਿਸ਼ਾਲ

ਤੁਸੀਂ ਉਨ੍ਹਾਂ ਦੇ ਵਿਰੁੱਧ ਲਿਖੋਗੇ
ਤਾਂ ਉਹ ਤੁਹਾਨੂੰ ਕਤਲ ਕਰਵਾ ਦੇਣਗੇ

ਤੁਸੀਂ ਉਨ੍ਹਾਂ ਵਿਰੁੱਧ ਬੋਲੋਗੇ
ਤਾਂ ਉਹ ਤੁਹਾਡੀ ਜੀਭ ਕਟਵਾ ਦੇਣਗੇ

ਤੁਸੀਂ ਨਾਹਰੇ ਲਗਾਉਗੇ
ਤਾਂ ਉਹ ਤੁਹਾਨੂੰ ਸੀਖਾਂ ਪਿੱਛੇ ਸੁੱਟ ਦੇਣਗੇ

ਤੇ ਤੁਹਾਡੇ ਹੋਰ ਕਿਸੇ ਵੀ ਵਿਰੋਧ 'ਚ
ਉਹ ਤੁਹਾਨੂੰ ਟੈਂਕਾਂ ਹੇਠ ਵੀ ਲਿਤਾੜ ਦੇਣਗੇ

ਪਰ ਜੋ ਜੰਗ ਤੁਸੀਂ ਆਪਣੇ ਸਾਥੀਆਂ ਨੂੰ ਦੇ ਜਾਉਗੇ
ਉਹ ਉਸ ਜੰਗ ਦਾ ਕੁਝ ਨਹੀਂ ਕਰ ਸਕਣਗੇ ।

ਮੁੱਲ : ਸੱਤ ਰੁਪਏ

ਪੁਸਤਕ ਲੜੀ ਨੰ: 4

# ਚਿਰਾਗ਼

ਅਪਰੈਲ-ਜੂਨ 1993


**ਸੰਪਾਦਕ :** ਹਰਭਜਨ ਸਿੰਘ ਹੁੰਦਲ

**ਸੰਪਾਦਕੀ-ਮੰਡਲ :—**
ਡਾ: ਕਰਮਜੀਤ ਸਿੰਘ
ਸੁਰਜੀਤ ਗਿੱਲ


ਇਸ ਅੰਕ ਦਾ ਕਵੀ : ਮੇਜਰ ਪਿਆਰਾ ਸਿੰਘ

ਗ਼ਜ਼ਲਾਂ : ਗੁਰਨਾਮ ਢਿਲੋਂ, ਨ. ਸ. ਨੂਰ, ਅਜੀਤ ਸਿੰਘ ਆਸ, ਸੁਰਿੰਦਰ ਗਿੱਲ

ਨਜ਼ਮਾਂ : ਹਰਵਿੰਦਰ ਭੰਡਾਲ, ਪ੍ਰੇਮ ਸਾਹਿਲ, ਸੁਰਿੰਦਰ ਗਿੱਲ

ਵਾਘਿਉਂ ਪਾਰ : ਅਸਲਮ ਸਾਕਿਬ, ਬਾਬਾ ਨਜਮੀ, ਹਬੀਬ ਜਾਲਿਬ

ਸੁਹੇਲ-ਕਾਵਿ-ਸ਼ਰਧਾਂਜਲੀ : ਹਰਭਜਨ ਸਿੰਘ ਹੁੰਦਲ, ਸ਼ਬਦੀਸ਼, ਪਿਆਰ ਸਿੰਘ ਸਹਿਰਾਈ, ਡਾ: ਸੁਹਿੰਦਰ ਬੀਰ

ਕਹਾਣੀ : ਸੰਤੋਖ ਸਿੰਘ ਧੀਰ, ਅਤਰਜੀਤ

ਵਿਸ਼ੇਸ਼ ਲੇਖ : ਡਾ: ਸੁਖਦੇਵ ਸਿੰਘ ਸਰਸਾ

ਵਾਦ ਵਿਵਾਦ : ਡਾ: ਸਵਰਨ ਚੰਦਨ, ਡਾ: ਕਰਮਜੀਤ ਸਿੰਘ

ਪੁਸਤਕ ਪੜਚੋਲ : ਸੁਰਜੀਤ ਗਿੱਲ, ਡਾ: ਦਮਨ ਪ੍ਰਭਾਕਰ, ਡਾ: ਸੁਹਿੰਦਰ ਬੀਰ

ਮਿੱਤਰਾਂ ਦੇ ਖ਼ਤ : ਮਕਸੂਦ ਸਾਕਿਬ, ਵਿਸ਼ਾਲ, ਨ. ਸ. ਨੂਰ, ਅਮਰਜੀਤ ਕੋਂਕੇ, ਸੂਫ਼ੀ ਅਮਰਜੀਤ, ਮੋਹਨ ਮਤਿਆਲਵੀ, ਗੁਰਨਾਮ ਢਿਲੋਂ

ਪੁਸਤਕ ਪ੍ਰਾਪਤੀ : …………


ਸਹਾਇਤਾ ਰਕਮ : ਵਾਰਸ਼ਿਕ : 25/- ਇਕ ਕਾਪੀ 7/- ਵਿਦੇਸ਼ : 200/-



ਡਾਕ ਪਤਾ :—ਸੰਪਾਦਕ ਚਿਰਾਗ਼,
ਪਿੰਡ ਫੱਤੂ ਚੱਕ, ਡਾਕਖਾਨਾ ਢਿਲਵਾਂ
ਕਪੂਰਥਲਾ-144804

Postal Address : Editor Chiragh,
V. Fatu Chak, P/o Dhilwan,
Distt. Kapurthala—144804 (Pb.)



ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ: ਅਨੂਪ ਸਿੰਘ ਨੇ ਅਨੂਪਮ ਪ੍ਰਿੰਟਿੰਗ ਪ੍ਰੈਸ, ਜਲੰਧਰ ਤੋਂ ਛਪਵਾ ਕੇ E. J. 272, ਚਹਾਰਬਾਗ਼ ਜਲੰਧਰ ਤੋਂ ਪ੍ਰਕਾਸ਼ਤ ਕੀਤਾ




## ਗ਼ਜ਼ਲ/ਮੇਜਰ ਪਿਆਰਾ ਸਿੰਘ

ਹਰ ਗਲੀ, ਹਰ ਮੋੜ ਤੇ ਡੁਸਕੇ ਖੜੀ
ਘਾਇਲ ਘਰਾਂ ਦੀ ਦਾਸਤਾਂ
ਵਿਲਕਦੀ ਹੈ ਖ਼ਬਰ ਬਣ ਤੇਰੇ ਨਗਰ
ਮੇਰੇ ਗਰਾਂ ਦੀ ਦਾਸਤਾਂ
ਇਹ ਠਰੇ—ਠਹਿਰੇ ਹੋਏ ਜਲ ਕੱਲ੍ਹ ਸੀ
ਭਰ-ਵਹਿ ਰਹੀ ਪਾਵਨ ਨਦੀ
ਕੀ ਪਤਾ ਕਿਹੜੇ ਥਲਾਂ ਵਿਚ ਰੁਲ ਗਈ
ਅੰਮ੍ਰਿਤ ਸਰਾਂ ਦੀ ਦਾਸਤਾਂ
ਓਸ ਦੀਵੇ ਦਾ ਮੁਕੱਦਰ ਕੀ ਕਹੋਗੇ
ਜਿਹੜਾ ਬੁੱਕਲ ਵਿਚ ਬਲੇ
ਕੀ ਸੁਣਾਉਗੇ ਵਿਚਾਰੇ ਨੂੰ ਅਰਸ਼ ਦੇ
ਤਾਰਿਆਂ ਦੀ ਦਾਸਤਾਂ
ਬੇ-ਜ਼ੁਬਾਂ ਰੁੱਖਾਂ ਤੋਂ ਕਿਉਂ ਪੁੱਛੋ ਉਜੜ ਗਏ
ਪੰਛੀਆਂ ਦਾ ਹਾਲ-ਚਾਲ
ਸਿਤਮਗਰ ਪੌਣਾਂ ਦੇ ਮੱਥੇ ਲਿਖ ਕੇ ਖ਼ੁਦ
ਜ਼ਖ਼ਮੀਂ ਪਰਾਂ ਦੀ ਦਾਸਤਾਂ
ਇਹ ਸਮੇਂ ਦਾ ਸਿਤਮ ਹੈ ਜਾਂ ਸੁੱਚੀਆਂ
ਕਲਮਾਂ ਦੇ ਸੰਤਾਪੇ ਨਸੀਬ
ਗ਼ਜ਼ਲ ਦੀ ਸੁਰ ਵਿਚ ਸੁਣਾਈਏ
ਹੌਕਿਆਂ ਦੀ ਦਾਸਤਾਂ

O

## ਕੀ ਹੋਇਆ !/ਮੇਜਰ ਪਿਆਰਾ ਸਿੰਘ

ਐਵੇਂ ਬਗ਼ਲਾਂ ਵਜਾਉਂਦੇ ਹੋ ਬੱਚਿਆਂ ਦੇ ਵਾਂਗ
ਬੜੀ ਦੂਰ
ਹਾਲੇ
ਬਹੁਤ ਦੂਰ ਹੈ
ਆਪਣੀ ਜਿੱਤ-ਹਾਰ ਦੇ ਆਖ਼ਰੀ ਫ਼ੈਸਲੇ ਦੀ ਘੜੀ

ਉਦੋਂ ਤੀਕ
ਬੇਸ਼ੱਕ
ਮਨਾਈ ਚਲੋ ਜਸ਼ਨ ਖ਼ੁਸ਼-ਫ਼ਹਿਮੀਆਂ ਦੇ

ਸਾਡੇ ਢੱਠੇ ਹੋਏ ਘਰ ਦੇ ਮਲਬੇ 'ਚੋਂ ਚੁਣ ਚੁਣ
ਇੱਟਾਂ ਤੇ ਪੱਥਰ ਵਰ੍ਹਾਉਂਦੇ ਚਲੋ
ਸਾਡੇ ਪੀੜਾਂ 'ਚ ਪਿੜਦੇ ਹੋਏ ਤਨ ਸਲਾਮਤ ਅਜੇ।
ਸਾਨੂੰ ਚੌਂਕਾਂ-ਚੁਰਾਹਿਆਂ 'ਚ ਸੰਗਸਾਰ ਕਰਦੇ ਹੋਏ ਦੋਸਤੋ !
ਸਾਡੇ ਹੱਥਾਂ ਦੀ ਹਿੰਮਤ ਤਾਂ ਵੇਖੋ ਜ਼ਰਾ
ਜੋ ਕਰ ਲੀਰ-ਲੀਰ
ਆਪਣੇ ਭਰਮਾਂ ਦਾ ਪਰਦਾ
ਭਰੇ ਜੱਗ ਨੂੰ ਹਰ ਦਾਗ਼ ਦਿਲ ਦਾ ਵਿਖਾ
ਆਪ ਢਾਹ
ਆਪਣੇ ਵਿਸ਼ਵਾਸ ਦੇ ਕੁੱਲ, ਪੁਰਾਣੇ ਕਿਲ੍ਹੇ
ਨੰਗੇ ਧੜ ਤੁਰ ਪਏ ਖੁੱਲ੍ਹੇ ਅੰਬਰ ਦੀ ਛਾਵੇਂ

ਕੀ ਹੋਇਆ
ਤੁਸਾਂ ਜੇ ਬੁਝਾ ਹੀ ਲਿਆ
ਸਾਡਾ ਦੀਵਾ
ਜੋ ਕੱਲ੍ਹ ਤੱਕ ਬਨੇਰੇ ਤੇ ਬਲਦਾ ਸੀ ਲਟ-ਲਟ
ਫੜ ਕੇ ਜੁਗਨੂੰ ਜਿਵੇਂ ਕੋਈ ਨਾਦਾਨ ਬੱਚਾ
ਇਹ ਖ਼ੁਸ਼ ਹੋ ਕੇ ਸੋਚੇ—
ਧਰੂ ਤਾਰਾ ਹੁਣ ਮੇਰੀ ਮੁੱਠੀ 'ਚ ਬੰਦ ਹੈ
ਬਹੁਤ ਦੂਰ ਹੈ ਸਾਡੀ ਜਿੱਤ-ਹਾਰ ਦੇ ਆਖ਼ਰੀ ਫ਼ੈਸਲੇ ਦੀ ਘੜੀ

ਕੀ ਹੋਇਆ ਤੁਸਾਂ ਜੇ ਚੁਰਾ ਹੀ ਲਿਆ
ਸਾਡੇ ਸੁਪਨੇ ਦਾ ਇਕ ਰੰਗ ਸੂਹਾ ਗੁਲਾਬੀ
ਸਾਡਾ ਸੂਰਜ ਤਾਂ ਅੰਬਰ ਤੇ ਮਘਦਾ ਉਵੇਂ
ਜਿਸਦੀ ਸਤਰੰਗੀ ਸਰਗਮ 'ਚ ਨਿਤ ਧੜਕਦੇ
ਸ਼ੋਖ਼ ਸਰਘੀ ਦੇ ਸਜਰੇ, ਸੁਬਕ, ਸੂਹਲ ਰੰਗ
ਕੀ ਹੋਇਆ
ਬੀਆਬਾਨ ਰੱਕੜਾਂ 'ਚ ਜੇ

ਤੁਰ ਰਹੇ ਕਾਫ਼ਲੇ
ਫੇਰ ਗੁੰਮ ਹੋ ਗਏ ਕਿਧਰੇ ਬਿਖੜੀ ਡਗਰ ਤੇ
ਸਾਡੀ ਮੰਜ਼ਿਲ ਤਾਂ ਓਵੇਂ ਹੀ
ਦਿਸ-ਹੱਦ ਦੀ ਦੂਰੀ ਤੋਂ ਆਵਾਜ਼ ਦੇ ਕੇ
ਬੁਲਾਉਂਦੀ ਪਈ ਸਾਡੇ ਕਦਮਾਂ ਨੂੰ ਦਿਨ-ਰਾਤ
ਨਵੇਂ ਕਦਮ



ਜੀਹਨਾਂ 'ਚ ਜਿਉਂਦਾ ਅਜੇ ਚਾਅ ਨਵੇਂ ਸਫ਼ਰ ਦਾ
ਰਾਤ ਦੇ ਸੂਕਦੇ ਸੀਤ ਪਛਾਵਿਆਂ ਵਿਚ
ਤਾਰਿਆਂ ਦੀ ਉਣੀਂਦੀ ਜਿਹੀ ਧੂੜ ਚੋਂ
ਕਦੇ ਨਾ ਕਦੇ
ਸੰਝ ਜਾਂ ਸਵੇਰ
ਅੱਜ ਜਾਂ ਭਲਕ
ਭਾਲ ਹੀ ਲੈਣਗੇ ਆਪਣੀ ਮੰਜ਼ਿਲ ਦੀ ਪੈੜ !

## ਗ਼ਜ਼ਲ (ਉਰਦੂ)/ਮੇਜਰ ਪਿਆਰਾ ਸਿੰਘ

1. ਜਬ ਭੀ ਗੁਜ਼ਰੇ ਹੈਂ ਤਿਰੇ ਕੂਚੇ ਸੇ
ਕੋਈ ਗੀਤ ਉਭਰਾ ਹੈ
ਹਵਾਉਂ ਨੇ ਮਚਲ ਕਰ ਸੁਰੋਂ ਸੇ ਪੂਛਾ
ਇਧਰ ਸੇ ਕੌਣ ਨਿਕਲਾ ਹੈ

2. ਸ਼ਬ ਭਰ ਕੀ ਬੇ-ਖ਼ਾਬੀ[1] ਕਾ ਅਫ਼ਸਾਨਾ ਹੈ
ਖ਼ੂੰ-ਰੰਗ[2] ਆਂਖ ਸੂਰਜ ਕੀ
ਬਿਚਾਰਾ ਰਾਤ ਭਰ, ਬੇ-ਕਫ਼ਨ ਲਾਸ਼ੋਂ ਕੇ
ਸਿਰ੍ਹਾਨੇ ਬੈਠ ਸੁਲਗਾ ਹੈ

3. ਸੁਨਾ ਹੈ ਬਹੁਤ ਕੁਛ ਬਦਲਾ ਜ਼ਮਾਨੇ ਮੇਂ
ਮਗਰ ਕੁਛ ਭੀ ਨਹੀਂ ਬਦਲਾ
ਅਗਰ ਬਦਲਾ ਹੈ ਕੁੱਛ ਤੋ ਫ਼ਕਤ ਉਨਕੇ
ਜਬਰ ਕਾ ਅੰਦਾਜ਼ ਬਦਲਾ ਹੈ

4. ਕਿਉਂ ਹੋ ਫ਼ਿਕਰਮੰਦ ਇਸ ਸ਼ੋਰ ਸੇ
ਕਈ ਬਾਰ ਪਹਿਲੇ ਭੀ
ਅੰਧੇਰੋਂ ਨੇ ਕਿਸੀ ਦੀਪਕ ਕੇ ਬੁਝਨੇ ਕਾ
ਜਸ਼ਨ ਯੂੰ ਹੀ ਮਨਾਇਆ ਹੈ

5. ਨਜਾਨੇ ਕਿਸ ਤਰ੍ਹਾਂ ਕੀ ਫ਼ਸਲ ਅਗਲੀ ਰੁੱਤ
ਮੁਝ ਕੋ ਕਾਟਨਾ ਹੋਗੀ
ਕਿ ਇਸ ਰੁੱਤ ਮੇਰੇ ਖੇਤੋਂ ਮੇਂ ਲਹੂ ਤੁੰਮ ਨੇ
ਬੜੀ ਮਿਹਨਤ ਸੇ ਬੋਇਆ ਹੈ

6. ਤੜਪ ਜਾਏਂ ਨ ਸੁਨ ਕਰ ਅਹਿਲਿ-ਦਿਲ ਮੇਂ
ਇਸ ਲੀਏ ਕੁਛ ਭੀ ਨਹੀਂ ਕਹਿਤਾ
ਸੁਰੋਂ ਕੀ ਜੁਸਤਜੂ ਮੇਂ ਰਾਤ ਦਿਨ ਯਿਹ ਦਰਦ
ਕਿਨ ਗਲੀਉਂ ਮੇਂ ਭਟਕਾ ਹੈ

1. ਉਣੀਂਦਰਾ 2. ਲਹੂ-ਰੰਗੀ

ਦੋ ਨਜ਼ਮਾਂ

## ਵਿਸ਼ਲੇਸ਼ਣ/ਹਰਵਿੰਦਰ ਭੰਡਾਲ

[ 1 ]

ਅਸੀਂ ਜੋ ਕਦੇ
ਅਵਾਜ਼ਾਂ ਦੀ ਪ੍ਰੇਤ ਆਤਮਾ ਦਾ ਪਿੱਛਾ ਕਰਦੇ
ਪੱਥਰਾਂ ਦੇ ਜੰਗਲ 'ਚ ਭਟਕਦੇ ਹਾਂ
ਤੇ ਕਦੇ ਹਨੇਰੀ ਨੂੰ
ਤਲਵਾਰ ਨਾਲ ਕਤਲ ਕਰਨਾ ਲੋਚਦੇ ਹਾਂ
ਸਮੇਂ ਦੇ ਸਮੁੰਦਰ ਕਿਨਾਰੇ
ਬਸ ਗੀਟਿਆਂ ਜਿਹੇ ਰਹਿ ਗਏ ਹਾਂ
ਲਹਿਰਾਂ ਲਈ ਖਿਡਾਉਣਿਆਂ ਜਿਹੇ
ਜਾਂ ਹਵਾ ਦੇ ਬੁੱਲ੍ਹੇ ਨਾਲ ਝੂਲ ਰਹੇ
ਤਾਰ ਉੱਤੇ ਸੁਕਣੇ ਪਾਏ ਵਸਤਰਾਂ ਜਿਹੇ ।

ਅਸੀਂ ਸ਼ਾਇਦ ਸਮੇਂ ਨੂੰ ਅਸੀਲ ਘੋੜਾ ਸਮਝਿਆ ਸੀ
ਜਿਸ ਉੱਤੇ ਪਲਾਕੀ ਮਾਰ ਬੈਠਣਾ
ਸਾਡੇ ਲਈ ਇੰਜ ਹੀ ਸੀ
ਜਿਵੇਂ ਕਿਸੇ ਹੁਸ਼ਿਆਰ ਬੱਚੇ ਲਈ ਪਹਾੜੇ ਸੁਣਾਉਣਾ ਹੁੰਦਾ ਹੈ
ਜਾਂ ਕਿਸੇ ਅਵਾਰਾ ਸ਼ਹਿਰੀ ਮੁੰਡੇ ਲਈ
ਨਵੀਂ ਫਿਲਮ ਦੇ ਪਹਿਲੇ ਸ਼ੋਅ ਦਾ ਟਿਕਟ ਲੈਣਾ ਹੁੰਦਾ ਹੈ
ਪਰ ਬਹੁਤ ਸਮਾਂ ਅਸੀਂ ਜਿਸ ਤੇ ਸਵਾਰੀ ਕਰਦੇ ਰਹੇ
ਉਹ ਸਾਡੀਆਂ ਮੀਟੀਆਂ ਅੱਖਾਂ ਦਾ
ਫਾਇਦਾ ਉਠਾਉਂਦੀ ਕੰਧ ਵਰਗੀ ਸੀ
ਜਿਸਨੇ ਜੇ ਸਫ਼ਰ ਕੀਤਾ ਵੀ
ਤਾਂ ਮਘਦੇ ਸੂਰਜ ਤੋਂ ਬੁਝੇ ਹੋਏ ਜੁਗਨੂੰ ਤੱਕ



ਘੁੰਗਰੂ ਦੀ ਛਣਕਾਰ ਤੋਂ ਬਿਖਰੇ ਹੋਏ ਬੋਰਾਂ ਤੱਕ
ਜਾਂ ਸੰਘਰਸ਼ ਦੀ ਉੱਜਲੀ ਸਵੇਰ ਤੋਂ
ਨਿਰਾਸ਼ਾ ਦੀ ਗਹਿਰੀ ਸ਼ਾਮ ਤੱਕ ।

ਅਸੀਂ ਜੋ ਅੱਜ
ਅੱਕ-ਕੱਕੜੀ ਦੇ ਫੰਬਿਆਂ ਜਿਹੇ ਹਾਂ
ਕੱਲ੍ਹ ਜੇ ਲਹਿਰਾਉਂਦੀਆਂ ਫਸਲਾਂ ਜਿਹੇ ਹੋ ਗਏ
ਤਾਂ ਬੁਝੇ ਹੋਏ ਜੁਗਨੂੰਆਂ ਨੂੰ
ਚਮਕਦੀਆਂ ਅੱਖਾਂ 'ਚ ਰੱਖ
ਨਿਰਾਸ਼ਾ ਦੀ ਗਹਿਰੀ ਸ਼ਾਮ ਦੇ ਆਲੇ ਵਿੱਚ
ਬਿਖਰੇ ਹੋਏ ਬੋਰਾਂ ਦਾ ਸੰਗੀਤ ਸਜਾ ਦਿਆਂਗੇ—
ਫਿਰ ਸਮਾਂ ਭਾਵੇਂ ਅਸੀਲ ਘੋੜੇ ਦਾ ਰੂਪ ਧਾਰੇ
ਜਾਂ ਕਿਸੇ ਕੰਧ ਦਾ
ਅਸੀਂ ਜਵਾਰਭਾਟੇ ਦੇ ਸਿਰਜਕ ਬਣ
ਅਕਾਸ਼ ਵਿੱਚ ਲਿਸ਼ਕ ਜਾਵਾਂਗੇ ।

## 2. ਸੁੱਕ ਗਏ ਦਰਿਆ

(ਰੂਸੀ ਘਟਨਾਵਾਂ ਦੇ ਪ੍ਰਸੰਗ ਵਿਚ)

ਦਰਿਆ
ਜੋ ਚੁੱਪ ਤੋਂ ਬੋਲਾਂ ਤੱਕ ਦੇ ਸਫ਼ਰ ਦਾ
ਹਾਸਿਲ ਸਨ
ਸੁੱਕ ਗਏ ਹਨ

ਦਰਿਆ
ਜੋ ਸੁੱਕ ਰਹੀਆਂ ਫਸਲਾਂ ਲਈ
ਬਰਸਾਤ ਦਾ ਸੁਨੇਹਾ ਸਨ
ਸੁੱਕ ਗਏ ਹਨ ।

ਯੁੱਗਾਂ ਦੇ ਸੰਘਰਸ਼ਾਂ ਦਾ ਟਿੱਕਾ ਮੱਥੇ ਲਾ
ਇਨ੍ਹਾਂ ਦਰਿਆਵਾਂ ਨੇ
ਉਸ ਬਿੰਦੂ ਤੋਂ ਸਫ਼ਰ ਅਰੰਭਿਆ ਸੀ

ਜਿਸ ਬਿੰਦੂ 'ਤੇ
ਜਬਰ-ਅਨਿਆਂ ਦੇ ਗੰਧਲੇ ਪਾਣੀਆਂ ਲਈ
ਗਰਕਣੀ ਪੁੱਟ ਦਿੱਤੀ ਜਾਂਦੀ ਹੈ ਜ਼ਮੀਨ ਵਿੱਚ
ਤੇ ਗਰਦ ਬਣ ਜਾਂਦੀ ਹੈ ਕੇਸਰ

ਬੱਚੇ ਦੀ ਮੁਸਕਾਨ ਜਿਹੇ ਇਹ ਦਰਿਆ
ਚਿੰਤਨ ਦੇ ਸੂਰਜ ਦੀ ਤਪਸ਼ ਨਾਲ ਪਿਘਲੀ
ਖ਼ਾਮੋਸ਼ੀ ਦੀ ਬਰਫ਼ 'ਚੋਂ ਨਿਕਲੇ ਸਨ
ਤੇ ਸਭ ਪਰਬਤਾਂ-ਘਾਟੀਆਂ ਨੂੰ ਪਿਛਾਂਹ ਛੱਡ
ਇੱਕ ਵਿਸ਼ਾਲ ਪੱਧਰੇ ਮੈਦਾਨ ਦੇ ਸੁਪਨੇ ਦਾ ਆਲ੍ਹਣਾ
ਆਪਣੀਆਂ ਅੱਖ 'ਚ ਲਟਕਾ
ਵਗਦੀ ਪੌਣ ਦੇ ਖੰਭਾਂ ਤੇ ਸਵਾਰ ਹੋ ਗਏ ਸਨ ।
ਇਹ ਦਰਿਆ
'ਇੰਦਰਪ੍ਰਸਥ' ਵਿੱਚ ਵਗਦੇ
'ਐਰਾਵਤੀ' ਦੇ ਪਾਣੀਆਂ ਜਿਹੇ ਹੀ ਸਨ
ਕਿਸੇ ਬਰਸਾਤੀ ਚੋਅ ਜਿਹਾ ਸਿਰਨਾਵਾਂ
ਇਨ੍ਹਾਂ ਦੀਆਂ ਲਹਿਰਾਂ ਤੇ ਨਹੀਂ ਸੀ ਉਕਰਿਆ
ਪਰ ਫਿਰ ਵੀ ਇਹ ਆਬ
ਅੱਜ 'ਸਰਸਵਤੀ' ਵਾਂਗ ਅਲੋਪ ਹੋ ਗਏ ਹਨ
ਨਵੀਂ ਮੁਕਲਾਵੇ ਆਈ ਮੁਟਿਆਰ ਦੇ ਚਾਵਾਂ ਜਿਹੇ
ਇਹ ਦਰਿਆ ਵੀ ਸੁੱਕ ਗਏ ਹਨ ।

ਇਹ ਦਰਿਆ ਮਾਵਾਂ ਜਿਹੇ ਸਨ
ਪਰ ਇਨ੍ਹਾਂ ਦੀ ਕੁੱਖ 'ਚੋਂ ਜਨਮੀਆਂ ਮਛਲੀਆਂ
ਮਾਪ ਹੀ ਨਹੀਂ ਸਕੀਆਂ
ਇਨ੍ਹਾਂ ਦੇ ਦਿਲਾਂ ਦੀ ਸਾਗਰੀ ਡੂੰਘਾਈ
ਇਹ ਦਰਿਆ ਧੀਆਂ ਜਿਹੇ ਸਨ
ਪਰ ਇਨ੍ਹਾਂ ਦੇ ਪਾਲਕ ਜੀਅ
ਪਹਿਚਾਣ ਹੀ ਨਹੀਂ ਸਕੇ
ਇਨ੍ਹਾਂ ਦੀ ਹਿੱਕ 'ਚ ਖੁੱਭਦੀਆਂ
ਤੇਜ਼ਾਬੀ-ਤਾਬੂਤੀ ਨਜ਼ਰਾਂ
—ਤੇ ਦਰਿਆ ਸੁੱਕ ਗਏ ਹਨ ।



ਦਰਿਆ ਸੁੱਕ ਗਏ ਹਨ
ਪਰ ਅਜੇ ਉਵੇਂ ਹੀ ਹਨ
ਉੱਚੇ ਅਸਮਾਨ 'ਚ ਉੱਡਦੀਆਂ ਗਿਰਝਾਂ
ਸਾਡੇ ਹਿੱਸੇ ਦੇ ਚੰਦਨ-ਰੁੱਖ ਦੁਆਲੇ
ਲਿਪਟੇ ਹਵਸੀ ਨਾਗ
ਰੀਝਾਂ ਦੇ ਕਾਂ ਵੀ ਅਜੇ
ਸਾਡੇ ਮਨਾਂ ਦੇ ਬਨੇਰਿਆਂ ਤੋਂ ਨਹੀਂ ਉੱਡੇ ।
ਸੱਧਰਾਂ ਦੇ ਮੋਰ
ਅਜੇ ਵੀ ਪੈਲਾਂ ਪਾਉਂਦੇ ਹਨ
ਸਾਡੇ ਜੀਵਨ ਦੇ ਬਾਗਾਂ 'ਚ
ਸਾਡੇ ਸਬਰਾਂ ਦੇ ਉੱਚੇ ਪਹਾੜਾਂ ਦੀਆਂ
ਚੋਟੀਆਂ ਉੱਤੇ ਅਜੇ ਵੀ ਬਰਫ਼ ਹੈ
ਤੇ ਇਹ ਬਰਫ਼ ਜਦੋਂ ਵੀ ਪਿਘਲੀ
ਦਰਿਆ ਫਿਰ ਤੋਂ ਵਹਿਣ ਲੱਗ ਪੈਣੇ ਹਨ,
ਸੁੱਕੇ ਦਰਿਆਵਾਂ ਦੀਆਂ ਪੈੜਾਂ ਅਜੇ ਨਹੀਂ ਮਿਟੀਆਂ ।
ਸੋ ਮਾਰੂਥਲ ਦੀ ਪਿਆਸ ਤੇ ਭਟਕਣ ਵਿੱਚੋਂ
ਖ਼ੁਸ਼ੀ ਦੀ ਰੇਤ ਭਾਲਣ ਵਾਲੇ ਦੋਸਤੋ—
ਇਹ ਰੇਤ ਤੁਹਾਡੀਆਂ ਉਂਗਲਾਂ 'ਚੋਂ ਕਿਰ ਜਾਵੇਗੀ ।

—148, ਮਾਡਲ ਟਾਊਨ, ਕਪੂਰਥਲਾ

## ਗ਼ਜ਼ਲ/ਗੁਰਨਾਮ ਢਿਲੋਂ

—ਬੱਚਿਆਂ ਸੁੱਤਿਆਂ ਛੱਡ ਕੇ ਕੰਮ ਤੇ ਜਾਈਦਾ,
ਬੱਚਿਆਂ ਸੁੱਤਿਆਂ ਪਿਛੋਂ ਕੰਮ ਤੋਂ ਆਈਦਾ ।
—ਅੰਮ੍ਰਿਤ ਵੇਲੇ ਸਿਰ ਦੁਖਦਾ ਫੜ ਚੜਦੇ ਹਾਂ,
ਸੰਧਿਆ ਵੇਲੇ ਦਾਰੂ ਵਿੱਚ ਡੁੱਬ ਜਾਈਦਾ ।
—ਕਾਰ, ਵਿਹਾਰ, ਵਪਾਰ ਹੀ ਇਸ਼ਟ ਅਸਾਡਾ ਹੈ,
ਹਰ ਇੱਕ ਸਾਹ ਬੱਸ ਏਸੇ ਲੇਖੇ ਲਾਈਦਾ ।
—ਘਰ ਵਿੱਚ ਮੁਰਦੇ ਵਾਂਙੂੰ ਢੱਠੇ ਰਹਿੰਦੇ ਹਾਂ,
ਪੱਬਾਂ ਦੇ ਵਿੱਚ ਮਿਰਜ਼ਾ-ਸਾਹਿਬਾਂ ਗਾਈਦਾ ।
—ਤੋੜ, ਵਿਛੋੜ, ਅਜੋੜ ਦੀ ਜਿੱਥੇ ਗੱਲ ਤੁਰੇ,
ਉਹਦੇ ਵਿਚ ਵਧ ਚੜ੍ਹ ਕੇ ਹਿੱਸਾ ਪਾਈਦਾ ।
—ਦੇਸੀ ਬੰਦਾ ਜ਼ਹਿਰ ਵਿਖਾਈ ਦਿੰਦਾ ਹੈ,
ਚਿੱਟੇ ਨੂੰ ਝੱਟ ਆਪਣਾ ਸੀਸ ਝੁਕਾਈਦਾ ।
—ਕਿਰਨ ਰੁਪਹਿਲੀ ਜੇ ਕਿਧਰੇ ਸਿਰ ਚੁੱਕ ਲਵੇ,
ਉਹਦੇ ਉੱਤੇ ਬੱਦਲ ਬਣ ਕੇ ਛਾਈਦਾ ।

(ਇੰਗਲੈਂਡ)

## ਗ਼ਜ਼ਲ/ਨਰਿੰਜਨ ਸਿੰਘ ਨੂਰ

ਫਾਇਲਾਤੁਨ ਨੂੰ ਨਹੀਂ ਫੁਰਦੀ ਗ਼ਜ਼ਲ,
ਚੇਤਨਾ ਦਾ ਤੋਲ ਹੈ ਅਸਲੀ ਗ਼ਜ਼ਲ ।

ਇਹਦਿਆਂ ਨਕਸ਼ਾਂ 'ਚ ਕਿਹੜਾ ਰੰਗ ਨਹੀਂ,
ਜ਼ਿੰਦਗੀ ਵਰਗੀ ਨਹੀਂ ਕੋਈ ਗ਼ਜ਼ਲ ।

ਵੇਖਿਆ ਤੈਨੂੰ, ਤਿਰੀ ਧੜਕਣ ਸੁਣੀ,
ਰੂਪ ਤੇਰਾ ਗੀਤ, ਰੂਹ ਤੇਰੀ ਗ਼ਜ਼ਲ ।

ਰਿਸ਼ਤਿਆਂ ਦੇ ਸਾਜ਼ ਬੇ-ਸੁਰ ਹੋ ਗਏ,
ਮਾਮਤਾ ਵਰਗੀ ਨਹੀਂ ਸੁੱਚੀ ਗ਼ਜ਼ਲ ।

ਗੀਤ ਪਹਿਲੇ ਮੇਲ ਦਾ ਅਹਿਸਾਸ ਹੈ,
ਬ੍ਰਿਹੜੇ ਦੀ ਪੀੜ ਹੈ ਪਹਿਲੀ ਗ਼ਜ਼ਲ ।

ਤੇਰਿਆਂ ਬੋਲਾਂ 'ਚ ਧੜਕਣ ਲੋਕ-ਗੀਤ,
ਤਿਰੀ ਚੁਪ-ਰੰਗੀ ਨਹੀਂ ਵੇਖੀ ਗ਼ਜ਼ਲ ।

ਹਿਜਰ ਦੀ ਭੱਠੀ 'ਚੋਂ ਮਾਰੂਥਲ ਬਣੇ,
ਬਣ ਗਏ ਸਾਗਰ ਜਦੋਂ ਰੋਈ ਗ਼ਜ਼ਲ ।

ਤਣ ਗਈ ਓਜ਼ੋਨ ਤੇ ਅੰਬਰ ਬਣੇ,
ਜਗੇ ਚੰਨ, ਤਾਰੇ ਜਦੋਂ ਮਹਿਕੀ ਗ਼ਜ਼ਲ ।

ਜ਼ਿੰਦਗੀ ਵਿਚ ਕੋਈ ਸਕਤਾ ਨਾ ਰਹੇ,
ਸਿਰ ਜੇ ਸੁਣ ਸੱਕੋ ਕਿਤੇ ਦਿਲ ਦੀ ਗ਼ਜ਼ਲ ।

ਕਿਰਤ ਦੀ ਅੰਗੜਾਈ 'ਚੋਂ ਨਿੰਮਦੀ ਕਲਾ,
ਕਲਾ ਦੀ ਮੁਸਕਾਨ 'ਚੋਂ ਝਰਦੀ ਗ਼ਜ਼ਲ ।

ਰੂਹ ਭਾਲੇ ਜਿਵੇਂ ਜੁੱਸੇ ਦਾ ਲਿਬਾਸ,
ਫਾਇਲਾਤੁਨ ਪਹਿਨਦੀ ਸੂਹਣੀ ਗ਼ਜ਼ਲ ।

ਸ਼ਾਇਰੀ ਦੀ ਆਤਮਾ ਦਾ ਨੂਰ ਇਹ,
ਗ਼ਜ਼ਲ ਹੋਵੇ, ਕਦੀ ਨਾ ਮੋਈ ਗ਼ਜ਼ਲ ।

—13 ਰੋਜ਼ਮੇਰੀ ਕਰੀਸੈਂਟ ਵੈਸਟ ਵੌਲਰਹੈਂਪਟਨ ਯੂ. ਕੇ.

○





## ਗੁਰਬਾਣੀ ਦਾ ਕਾਵਿ-ਸ਼ਾਸਤਰ

—ਡਾ. ਸੁਖਦੇਵ ਸਿੰਘ

ਮੱਧਕਾਲੀਨ ਪੰਜਾਬੀ ਕਾਵਿ ਦੇ ਕਾਵਿ-ਸ਼ਾਸਤਰ ਦੀ ਤਲਾਸ਼ ਅਤੇ ਉਸਦੀ ਵਿਲੱਖਣਤਾ ਨੂੰ ਨਿਸ਼ਚਿਤ ਕਰਨ ਲਈ ਪੂਰਬੀ ਅਤੇ ਪੱਛਮੀ ਕਾਵਿ-ਸ਼ਾਸਤਰ ਸਾਡੇ ਲਈ ਸਹਾਇਕ ਤਾਂ ਹੋ ਸਕਦੇ ਹਨ, ਪਰ ਉਹਨਾਂ ਤੋਂ ਪ੍ਰਾਪਤ ਅੰਤਰ-ਦ੍ਰਿਸ਼ਟੀਆਂ ਨੂੰ ਮੱਧਕਾਲੀਨ ਪੰਜਾਬੀ ਕਾਵਿ ਉੱਪਰ ਜਿਉਂ ਦਾ ਤਿਉਂ ਆਰੋਪਿਤ ਕਰਨਾ ਤਰਕ-ਸੰਗਤ ਨਹੀਂ ਹੋਵੇਗਾ। ਇਸਦਾ ਇਕ ਕਾਰਨ ਇਹ ਹੈ ਕਿ ਮੱਧਕਾਲੀਨ ਪੰਜਾਬੀ ਕਾਵਿ ਦੀਆਂ ਪ੍ਰਮੁੱਖ ਕਾਵਿ-ਧਾਰਾਵਾਂ ਵਿਚਾਰਧਾਰਕ ਤੌਰ ਉਤੇ ਨਾ ਕੇਵਲ ਦੋ ਵਿਭਿੰਨ ਸਭਿਆਚਾਰਕ ਸਰੋਤਾਂ ਅਤੇ ਸਿਮਰਤੀਆਂ ਨਾਲ ਜੁੜੀਆਂ ਹੋਈਆਂ ਹਨ, ਸਗੋਂ ਇਹ ਦੋ ਅਸਲੋਂ ਵਿਰੋਧੀ ਸਭਿਆਚਾਰਾਂ—ਭਾਰਤੀ ਤੇ ਸਾਮੀ ਸਭਿਆਚਾਰ ਦੇ ਆਪਸੀ ਤਨਾਉ ਅਤੇ ਸੁਮੇਲ ਤੋਂ ਪੈਦਾ ਹੋਈ ਚੇਤਨਾ ਨੂੰ ਆਪਣਾ ਵਿਚਾਰਧਾਰਕ ਪ੍ਰੇਰਨਾ ਸਰੋਤ ਬਣਾਉਂਦੀਆਂ ਹਨ। ਇਸ ਲਈ ਮੱਧਕਾਲੀਨ ਪੰਜਾਬੀ ਕਾਵਿ ਦੇ ਕਾਵਿ-ਸ਼ਾਸਤਰ ਦੀ ਗੱਲ ਕਰਦਿਆਂ ਜਿਥੇ ਗੁਰਮਤਿ, ਸੂਫ਼ੀ, ਕਿੱਸਾ ਅਤੇ ਵਾਰ ਆਦਿ ਕਾਵਿ-ਧਾਰਾਵਾਂ ਦੇ ਆਪਣੇ ਵਿਲੱਖਣ ਵਸਤੂ-ਸਾਰ ਅਤੇ ਸੰਰਚਨਾਤਮਕ ਮੁਹਾਂਦਰੇ ਨੂੰ ਧਿਆਨ ਕੇਂਦਰਤ ਕਰਨਾ ਜ਼ਰੂਰੀ ਹੈ, ਉੱਥੇ ਉਸ ਇਤਿਹਾਸਕ-ਸਮਾਜਕ ਅਨੁਭਵ-ਸਾਰ ਦੇ ਸੁਭਾਅ ਨੂੰ ਸਮਝਣਾ ਵੀ ਜ਼ਰੂਰੀ ਹੈ ਜਿਸ ਦੀ ਇਹ ਕਾਵਿ-ਧਾਰਾਵਾਂ ਉਪਜ ਹਨ। ਮੱਧਕਾਲੀਨ ਭਾਰਤੀ ਸਮਾਜ ਦੀ ਸਾਮੰਤਕ ਬਣਤਰ ਨੂੰ ਪਹਿਲੀ ਵੰਗਾਰ ਭਗਤੀ ਲਹਿਰ (ਸਿੱਖ ਲਹਿਰ ਜਿਸਦਾ ਸਿਖਰ ਹੈ) ਅਤੇ ਸੂਫ਼ੀ ਸੰਤਾਂ ਵਲੋਂ ਪੈਣੀ ਸ਼ੁਰੂ ਹੋਈ। ਭਗਤ ਕਵੀਆਂ, ਸਿੱਖ ਗੁਰੂ ਸਾਹਿਬਾਨ ਅਤੇ ਸੂਫ਼ੀ ਸੰਤਾਂ ਨੇ ਮਾਨਵਵਾਦੀ ਆਧਾਰ ਉਤੇ ਸਾਮੰਤੀ ਬਣਤਰ ਉਤੇ ਉਸਰੇ ਉਹਨਾਂ ਸਭਿਆਚਾਰਕ ਮੁੱਲਾਂ ਨੂੰ ਚੁਣੌਤੀ ਦਿੱਤੀ, ਜੋ ਕੁਲੀਨ ਵਰਗ ਦੇ ਹਿੱਤਾਂ ਦੇ ਅਨੁਸਾਰੀ ਸਨ। ਭਗਤੀ ਜਮਾਤਾਂ (ਕੰਮੀ, ਕਿਸਾਨ, ਕਾਰੀਗਰ ਤੇ ਦਸਤਕਾਰ ਆਦਿ) ਦੇ ਹਿੱਤਾਂ ਅਨੁਕੂਲ ਨਵੀਆਂ ਜੀਵਨ-ਕੀਮਤਾਂ ਦੀ ਸਿਰਜਣਾ ਕੀਤੀ। ਫ਼ਿਊਡਲ ਦੇ ਵਿਰੋਧ ਵਿਚ ਸਰਬ-ਹਿਤੈਸ਼ੀ ਰੱਬ, ਪ੍ਰੋਹਿਤ ਦੇ ਮੁਕਾਬਲੇ ਪਰ-ਉਪਕਾਰੀ ਗੁਰੂ ਧਾਰਮਿਕ ਕਰਮਕਾਂਡ ਦੀ ਕੱਟੜਤਾ ਨਾਲ ਪਾਲਣਾ ਦੇ ਵਿਰੋਧ ਵਿਚ ਚੰਗੇ ਅਮਲਾਂ ਉੱਪਰ ਬਲ ਅਤੇ ਵਿਸ਼ੇਸ਼ ਵਰਗ ਲਈ ਮੁਕਤੀ ਦੇ ਵਿਰੋਧ ਵਿਚ ਸਭ ਲਈ ਮੁਕਤੀ ਦੇ ਸੰਕਲਪ ਪ੍ਰਸਤੁਤ ਕਰਕੇ ਇਹਨਾਂ ਲਹਿਰਾਂ ਨੇ ਕੁਲੀਨ ਅਤੇ ਪ੍ਰੋਹਿਤ ਵਰਗ ਦੀ ਸਰਦਾਰੀ ਨੂੰ ਚਣੌਤੀ ਦਿੱਤੀ। ਆਪਣੀ ਧਾਰਮਿਕ ਦਿੱਖ ਤੇ ਚੇਤਨਾ ਦੇ ਧਾਰਮਿਕ ਮੁਹਾਵਰੇ ਦੇ ਬਾਵਜੂਦ ਇਹ ਲਹਿਰਾਂ ਉਸ ਵਿਸ਼ੇਸ਼ ਇਤਿਹਾਸਕ ਸੰਦਰਭ ਵਿਚ ਇਨਕਲਾਬੀ ਲਹਿਰਾਂ ਸਨ, ਜਿਹਨਾਂ ਨੇ ਆਮ ਲੋਕਾਂ ਦੇ ਮਨਾਂ ਉੱਤੋਂ ਕੁਲੀਨ ਅਤੇ ਪ੍ਰੋਹਿਤ ਵਰਗ ਦੇ ਹਿੱਤਾਂ ਦਾ ਪੱਖ ਪੂਰਨ ਵਾਲੀ ਵਿਚਾਰਧਾਰਾ ਦੀ ਛੱਟ ਲਾਹੀ। ਸਾਡੇ ਅਧਿਐਨ ਲਈ ਦਿਲਚਸਪ ਨੁਕਤਾ ਇਹ ਹੈ ਕਿ ਜਿਸ ਤਰ੍ਹਾਂ ਪੰਜਾਬੀ ਸੂਫ਼ੀ ਮੱਤ ਅਤੇ ਭਗਤੀ/ਸਿੱਖ ਲਹਿਰ ਨੇ ਮੱਧਕਾਲੀ ਸਮਾਜ ਦੀ ਸਾਮੰਤਕ ਬਣਤਰ ਅਤੇ ਉਸ ਉੱਪਰ ਉਸਰੇ ਸਨਾਤਨੀ ਸਭਿਆਚਾਰਕ ਮੁੱਲਾਂ ਦੇ ਵਿਰੁੱਧ ਮਾਨਵਵਾਦੀ ਦ੍ਰਿਸ਼ਟੀ ਤੋਂ

ਵਿਦਰੋਹ ਕੀਤਾ, ਉਸੇ ਤਰ੍ਹਾਂ ਇਹਨਾ ਲਹਿਰਾਂ ਤੋਂ ਪ੍ਰਭਾਵਿਤ ਮੱਧਕਾਲੀਨ ਪੰਜਾਬੀ ਕਵਿਤਾ ਨੇ ਸੰਸਕ੍ਰਿਤ ਅਤੇ ਫਾਰਸੀ ਦੀ ਸਨਾਤਨੀ ਕਾਵਿ-ਪਰੰਪਰਾ ਦਾ ਰਚਨਾਤਮਕ ਨਕਾਰਣ ਕੀਤਾ। ਜਿਵੇਂ ਪੰਜਾਬੀ ਸੂਫ਼ੀ ਸੰਤਾਂ, ਭਗਤ ਕਵੀਆਂ ਅਤੇ ਗੁਰੂ ਸਾਹਿਬਾਨ ਨੇ ਫਿਰਕੂ ਕੱਟੜਤਾ, ਬ੍ਰਾਹਮਣੀ ਕਰਮਕਾਂਡ ਅਤੇ ਰੂੜ੍ਹੀਵਾਦੀ ਸਾਮੰਤਕ ਸਭਿਆਚਾਰਕ ਮੁੱਲਾਂ ਤੋਂ ਵਿਦਰੋਹ ਕਰਦੇ ਹੋਏ ਭਗਤੀ, ਇਸ਼ਕ ਅਤੇ ਬੀਰਤਾ ਆਦਿ ਨੈਤਿਕ ਮੁੱਲਾਂ ਦੀ ਇਨਸਾਨੀਅਤ ਦੇ ਪੈਂਤੜੇ ਤੋਂ ਨਵੀਂ ਵਿਆਖਿਆ ਪੇਸ਼ ਕੀਤੀ, ਉਸੇ ਤਰ੍ਹਾਂ ਗੁਰਬਾਣੀ ਅਤੇ ਪੰਜਾਬੀ ਸੂਫੀ ਕਵਿਤਾ ਵਿਚ ਸੰਸਕ੍ਰਿਤ ਅਤੇ ਫ਼ਾਰਸੀ ਦੀ ਸਨਾਤਨੀ ਕਾਵਿ-ਪਰੰਪਰਾ ਅਤੇ ਸਨਾਤਨੀ ਕਾਵਿ-ਸ਼ਾਸਤਰ ਦੇ ਰੂਪਵਾਦੀ ਰੁਝਾਨ ਦਾ ਸੁਚੇਤ ਨਕਾਰਣ ਵੀ ਹੋਇਆ ਹੈ। ਕੁਲੀਨ ਵਰਗ ਦੀ ਭਾਸ਼ਾ—'ਸੰਸਕ੍ਰਿਤ'. 'ਫ਼ਾਰਸੀ' ਦੀ ਥਾਂ ਆਮ ਬੋਲ ਚਾਲ ਦੀ ਬੋਲੀ ਨੂੰ ਅਪਣਾਉਣਾ, ਓਜਮਈ ਦਰਬਾਰੀ-ਸ਼ੈਲੀ ਦੀ ਥਾਂ ਲੋਕ ਕਾਵਿ-ਰੂਪਾਂ, ਲੋਕ-ਧੁਨਾਂ ਅਤੇ ਲੋਕ-ਪ੍ਰਚਲਿਤ ਛੰਦਾਂ ਦੀ ਵਰਤੋਂ ਅਤੇ ਪੰਜਾਬ ਦੀ ਮਿੱਟੀ ਦੇ ਘਰੋਗੀ ਜੀਵਨ ਨਾਲ ਜੁੜੇ ਬਿੰਬਾਂ/ਚਿੰਨਾਂ ਤੇ ਉਪਮਾਵਾਂ ਆਦਿ ਨੂੰ ਆਪਣੀ ਰਚਨਾਤਮਕ ਸਾਧਨਾ ਦੀ ਟੇਕ ਬਣਾਉਣਾ ਉਹ ਤੱਥ ਹਨ, ਜੋ ਗੁਰੂ ਸਾਹਿਬਾਨ ਅਤੇ ਸੂਫ਼ੀ ਕਵੀਆਂ ਦੀ ਸਨਾਤਨੀ ਕਾਵਿ-ਪਰੰਪਰਾ ਅਤੇ ਸਨਾਤਨੀ ਕਾਵਿ-ਚਿੰਤਨ ਤੋਂ ਉਪਰਾਮਤਾ ਅਤੇ ਵਿਦਰੋਹ ਦੇ ਸੂਚਕ ਹਨ। ਇਸ ਪ੍ਰਸੰਗ ਵਿਚ ਡਾ. ਅਤਰ ਸਿੰਘ ਦਾ ਇਹ ਵਿਚਾਰ ਬੜਾ ਮਹੱਤਵਪੂਰਨ ਹੈ;

In so far as Sikhism and Punjabi Suffism were movements of protest against denominationalism, priestly ritualism or dogmatism, Punjabi poetic tradition also flourished as a movement of cultural renewal of the medieval Punjab in opposition to the classical literature whether Sanskrit or Persian and the formalism to which those movements had been reduced. Adoption of the spoker language itself was in the nature of a radical departure from the Sanskrit tradition. Import of folkmotifs and folk-forms in the poetic structures evolved in the oral poetry further testify to the spirit of revolt against tne rigid conventionalism of the older traditton.

(Secularization of Modern Punjabi Poetry. P. 44)

ਚੇਤਨਾ ਦੇ ਧਾਰਮਿਕ ਮੁਹਾਵਰੇ ਕਾਰਨ ਮੱਧਕਾਲੀਨ ਪੰਜਾਬੀ ਕਾਵਿ ਦਾ ਵਾ-ਮੰਡਲ ਧਾਰਮਿਕ ਹੈ। ਮਨੁੱਖੀ ਜੀਵਨ ਦੇ ਲੌਕਿਕ ਸਰੋਕਾਰਾਂ ਨੂੰ ਵੀ ਧਾਰਮਿਕ ਮੁਹਾਵਰੇ ਵਿਚ ਹੀ



ਪ੍ਰਗਟਾਵਾ ਮਿਲਿਆ ਹੈ। ਜੇ ਵਾਰਿਸ ਵਰਗੇ ਪ੍ਰਬੁੱਧ ਕਿੱਸਾਕਾਰਾਂ ਨੇ ਇਸ਼ਕ ਦੇ ਲੌਕਿਕ ਸੰਦਰਭ ਨੂੰ ਵੀ ਅਧਿਆਤਮਕ ਅਰਥ ਦੇਣ ਦੇ ਯਤਨ ਕੀਤੇ ਹਨ ਤਾਂ ਅਜੇਹਾ ਉਸ ਯੁੱਗ ਦੀ ਚੇਤਨਾ ਵਿਚ ਭਾਰੂ ਧਾਰਮਿਕ ਮੁਹਾਵਰੇ ਕਾਰਨ ਹੀ ਹੋਇਆ ਹੈ। ਚੇਤਨਾ ਦੇ ਧਾਰਮਿਕ ਕਾਰਨ ਹੀ ਆਨੰਦ ਕੁਮਾਰ ਸਵਾਮੀ ਵਰਗੇ ਕਲਾ-ਚਿੰਤਕ ਮੱਧਕਾਲੀਨ ਭਾਰਤੀ ਕਲਾ ਨੂੰ ਧਰਮ-ਮੂਲਕ ਸੁਭਾਅ ਵਾਲੀ ਮੰਨਦੇ ਹੋਏ ਇਸ ਦਾ ਸੁਚੇਤ ਉਦੇਸ਼ ਦਿੱਬ-ਤੱਤ ਦੀ ਪੇਸ਼ਕਾਰੀ ਨੂੰ ਮੰਨਣ ਦੀ ਗਲਤੀ ਕਰਦੇ ਹਨ। ਮੱਧਕਾਲੀਨ ਪੰਜਾਬੀ ਕਾਵਿ ਉਸ ਯੁੱਗ ਦੀ ਚਿੰਤਨ ਵਿਧੀ ਵਾਂਗ ਧਾਰਮਿਕ ਮੁੱਲ-ਦ੍ਰਿਸ਼ਟੀ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਆਪਣੇ ਸਮੇਂ ਦੇ ਦਾਰਸ਼ਨਿਕ, ਨੈਤਿਕ, ਸਮਾਜਕ ਅਤੇ ਰਾਜਸੀ ਸਰੋਕਾਰਾਂ ਨਾਲ ਜੁੜਿਆ ਹੋਇਆ ਹੈ। ਸਿੱਖ ਗੁਰੂ ਸਾਹਿਬਾਨ ਅਤੇ ਪੰਜਾਬੀ ਸੂਫ਼ੀ ਕਵੀਆਂ ਨੇ ਧਾਰਮਿਕ, ਨੈਤਿਕ ਅਤੇ ਸੁਹਜਾਤਮਕ ਮੁੱਲਾਂ ਦੀ ਸਾਧਨਾ ਸਮਾਨ ਰੂਪ ਵਿਚ ਕੀਤੀ ਹੈ। ਗੁਰਬਾਣੀ ਅਤੇ ਪੰਜਾਬੀ ਸੂਫ਼ੀ ਕਵਿਤਾ ਦੀ ਸਿਰਜਣਾ ਵਿਚ ਧਰਮ-ਸਾਧਨਾ ਅਤੇ ਸੁਹਜ-ਸਾਧਨਾ ਦਾ ਇਕੋ ਜਿੰਨਾ ਦਖਲ ਹੈ। ਇਸ ਲਈ ਗੁਰਬਾਣੀ ਅਤੇ ਸੂਫ਼ੀ ਕਵਿਤਾ ਦੇ ਕਾਵਿ-ਸ਼ਾਸਤਰ ਦੀ ਨਿਸ਼ਾਨਦੇਹੀ ਕਰਨ ਸਮੇਂ ਸਾਨੂੰ ਧਰਮ-ਸਾਧਨਾ ਅਤੇ ਸੁਹਜ-ਸਾਧਨਾ ਨੂੰ ਇਕ ਦੂਜੇ ਦੇ ਪੂਰਕ ਮੰਨ ਕੇ ਚੱਲਣਾ ਪਏਗਾ, ਨਾ ਕਿ ਵਿਰੋਧੀ। ਗੁਰਬਾਣੀ ਦੇ ਚਿਹਨ-ਪ੍ਰਬੰਧ ਵਿਚ ਤਾਂ ਧਰਮ, ਦਰਸ਼ਨ ਅਤੇ ਕਾਵਿ ਦਾ ਨਿਖੇੜਾ ਕਰਨਾ ਹੈ ਹੀ ਬਹੁਤ ਮੁਸ਼ਕਲ। ਇਸੇ ਲਈ ਵਿਭਿੰਨ ਵਿਦਵਾਨਾਂ ਵਲੋਂ ਗੁਰਬਾਣੀ ਨੂੰ 'ਦਰਸ਼ਨ-ਕਾਵਿ' ਜਾਂ 'ਧਰਮ-ਕਾਵਿ' ਆਦਿ ਸੰਗਿਆਵਾਂ ਦੇ ਕੇ ਇਸਨੂੰ ਸ਼ੁੱਧ ਕਾਵਿ-ਪ੍ਰਵਚਨ ਦੀ ਦ੍ਰਿਸ਼ਟੀ ਤੋਂ ਨਾ ਵਾਚਣ ਦੀ ਹਦਾਇਤ ਕੀਤੀ ਗਈ ਹੈ। ਸਾਡੇ ਅਧਿਐਨ ਲਈ ਮਹੱਤਵਪੂਰਨ ਨੁਕਤਾ ਇਹ ਹੈ ਕਿ ਆਪਣੇ ਯੁੱਗ ਦੇ ਪ੍ਰਮੁੱਖ ਦਾਰਸ਼ਨਿਕ, ਨੈਤਿਕ, ਸਮਾਜਕ, ਰਾਜਸੀ ਅਤੇ ਧਾਰਮਿਕ ਸਰੋਕਾਰਾਂ ਨਾਲ ਅਨਿੱਖੜ ਰੂਪ ਵਿਚ ਜੁੜੀ ਹੋਣ ਕਾਰਨ ਮੱਧਕਾਲੀਨ ਪੰਜਾਬੀ ਕਵਿਤਾ ਸੰਸਕ੍ਰਿਤ-ਫ਼ਾਰਸੀ ਦੀ ਸਨਾਤਨੀ ਕਾਵਿ-ਪਰੰਪਰਾ ਵਾਂਗ ਕੋਰੀ ਸ਼ਿਲਪ-ਘਾੜਤ ਦੀਆਂ ਭੁੱਲ-ਭੁਲਾਈਆਂ ਵਿਚ ਨਹੀਂ ਗੁਆਚਦੀ, ਸਗੋਂ ਇਹ ਕਾਵਿ-ਸਿਰਜਣਾ ਨੂੰ ਇਕ ਨਵੀਂ ਸਭਿਆਚਾਰਕ ਮੁੱਲ-ਦ੍ਰਿਸ਼ਟੀ ਦੀ ਸਿਰਜਨਾ ਦੇ ਸਾਧਨ ਵਜੋਂ ਵਰਤਦੀ ਹੈ। ਇਹੀ ਕਾਰਨ ਹੈ ਕਿ ਡਾ. ਅਤਰ ਸਿੰਘ ਵਰਗੇ ਚਿੰਤਕਾਂ ਨੂੰ ਨਾ ਕੇਵਲ ਪੰਜਾਬੀ ਕਵਿਤਾ, ਸਗੋਂ ਸਮੁੱਚਾ ਮੱਧਕਾਲੀਨ ਭਾਰਤੀ ਸਾਹਿਤ ਸਨਾਤਨੀ ਰੂਪਵਾਦ ਦੀ ਕਠੋਰਤਾ ਨੂੰ ਘਟਾਉਣ ਅਤੇ ਕਲਾ ਨੂੰ ਮਾਨਵੀ ਅਤੇ ਸਮਾਜੀ ਸਾਰਥਕਤਾ ਦੀਆਂ ਲੋੜਾਂ ਅਧੀਨ ਕਰਨ ਲਈ ਯਤਨਸ਼ੀਲ ਨਜ਼ਰ ਆਉਂਦਾ ਹੈ।

ਗੁਰਬਾਣੀ ਅਤੇ ਪੰਜਾਬੀ ਸੂਫ਼ੀ ਕਵਿਤਾ ਵਿਚ ਸੁਹਜ-ਸਿਰਜਣ ਨੂੰ ਇਕ ਸੁਤੰਤਰ, ਨਿਰਪੇਖ ਸੱਚ ਮੰਨ ਕੇ ਉਸਨੂੰ ਨੈਤਿਕ/ਸਮਾਜਕ ਜ਼ਿੰਮੇਵਾਰੀ ਤੋਂ ਮੁਕਤ ਕਰਨ ਦੀ ਭਾਵਨਾ ਸ਼ਾਇਦ ਹੀ ਕਿਧਰੇ ਵਿਅਕਤ ਹੋਈ ਹੋਵੇ। ਮੱਧਕਾਲੀਨ ਪੰਜਾਬੀ ਰਹੱਸਵਾਦੀ ਕਵਿਤਾ ਵਿਚ ਸੁਹਜਾਤਮਕ ਮੁੱਲ ਨੂੰ ਨੈਤਿਕ ਮੁੱਲ ਦੀ ਅਧੀਨਗੀ ਵਿਚ ਹੀ ਆਪਣਾ ਸੱਚ ਉਚਾਰਣ ਦੀ ਪ੍ਰਵਾਨਗੀ ਮਿਲੀ ਹੈ। ਪ੍ਰਮਾਣ ਵਜੋਂ ਨਾਨਕ-ਬਾਣੀ ਵਿਚੋਂ ਇਹ ਸ਼ਬਦ ਪ੍ਰਸਤੁਤ ਕੀਤਾ ਜਾ

ਸਕਦਾ ਹੈ :

ਜੈਸੀ ਮੈ ਆਵੈ ਖਸਮ ਕੀ ਬਾਂਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥ 1 ॥
ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸਪੁਰੀ ਵਿਚਿ ਆਖੁ ਮਸੋਲਾ ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥ 2 ॥

ਆਦਿ ਗ੍ਰੰਥ, ਪੰਨੇ 722-23

ਇਸ ਸ਼ਬਦ ਵਿਚ ਗੁਰੂ ਨਾਨਕ ਨੇ ਪ੍ਰਮਾਤਮਾ ਪ੍ਰਤੀ ਆਪਣੀ ਨਿਸ਼ਠਾ ਨੂੰ ਸੁਹਜ-ਚਿਤਰ ਰਾਹੀਂ ਪ੍ਰਗਟਾ ਕੇ ਆਪਣੀ ਕਾਵਿਕ-ਬਿਰਤੀ ਦਾ ਪ੍ਰਮਾਣ ਵੀ ਦਿੱਤਾ ਹੈ ਅਤੇ ਆਪਣੀ ਇਤਿਹਾਸਕ ਸੋਝੀ ਦਾ ਪ੍ਰਮਾਣ ਵੀ। ਬਾਬਰ ਬਾਣੀ ਦਾ ਇਹ ਸ਼ਬਦ ਕਵਿਤਾ ਵੀ ਹੈ ਅਤੇ ਕਵਿਤਾ ਬਾਰੇ ਗੁਰੂ ਨਾਨਕ ਦੇਵ ਜੀ ਦਾ ਕਾਵਿ-ਮੈਨੀਫ਼ੈਸਟੋ ਵੀ। ਗੁਰੂ ਸਾਹਿਬ ਨੇ ਜਿਥੇ ਆਪਣੀ ਰਚਨਾ ਨੂੰ 'ਖਸਮ ਕੀ ਬਾਣੀ' ਕਹਿ ਕੇ ਇਸਦੀ ਅਧਿਆਤਮਕ ਪ੍ਰਕਿਰਤੀ ਵੱਲ ਸੰਕੇਤ ਕੀਤਾ ਹੈ, ਉਥੇ ਇਸਨੂੰ 'ਸਚ ਕੀ ਬਾਣੀ' ਕਹਿ ਕੇ ਭੋਗੇ-ਭੁਗਤੇ ਮਨੁੱਖੀ ਅਨੁਭਵ (ਇਤਿਹਾਸਕ ਅਨੁਭਵ) ਨਾਲ ਸੰਬੰਧਿਤ ਵੀ ਕੀਤਾ ਹੈ। ਇਸ ਰਚਨਾ ਦਾ ਮੂਲ ਸਿਰਜਨ-ਸਰੋਤ ਇਤਿਹਾਸਕ ਸਥਿਤੀ ਦਾ ਸੱਚ ਹੈ। ਗੁਰੂ ਨਾਨਕ ਨੇ ਆਪਣੇ ਯੁੱਗ ਦੇ ਧਾਰਮਿਕ ਮੁਹਾਵਰੇ ਕਾਰਨ ਆਪ ਭਾਵੇਂ ਇਸ ਰਚਨਾ ਨੂੰ 'ਖਸਮ ਕੀ ਬਾਣੀ' ਕਿਹਾ ਹੈ, ਪਰ ਇਸਦੇ ਪਾਠ ਤੋਂ ਇਹ ਤੱਥ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਰਚਨਾ ਇਤਿਹਾਸਕ ਸਮੇਂ ਸਥਾਨ 'ਚ ਵਾਪਰੇ ਮਨੁੱਖੀ ਅਨੁਭਵ ਨਾਲ ਸੰਬੰਧਿਤ ਹੈ। ਇਹ ਬਾਬਰ ਦੇ ਹਿੰਦੋਸਤਾਨ ਉੱਪਰ ਹੋਏ ਹਮਲੇ ਤੇ ਉਸਦੇ ਜ਼ਬਰ ਤੋਂ ਪੈਦਾ ਹੋਏ ਕੁਹਰਾਮ ਦਾ ਸ਼ਬਦ-ਚਿਤਰ ਹੈ। ਸਾਡੀ ਜਾਚੇ ਇਸ ਰਚਨਾ ਦਾ ਮਹੱਤਵ ਸਿਰਫ਼ ਇਸ ਲਈ ਨਹੀਂ ਕਿ ਇਹ 'ਖਸਮ' ਜਾਂ 'ਧੁਰਿ ਕੀ ਬਾਣੀ' ਹੈ, ਸਗੋਂ ਇਸ ਲਈ ਵੀ ਹੈ ਕਿ ਇਹ ਦੇਸ਼-ਕਾਲ ਵਿਚ ਵਾਪਰੇ ਮਨੁੱਖੀ ਸੱਚ ਨੂੰ ਉਚਾਰਣ ਦੀ ਦਲੇਰੀ ਕਰਦੀ ਹੋਈ ਨੈਤਿਕ ਜ਼ਿੰਮੇਵਾਰੀ ਨਿਭਾਉਂਦੀ ਹੈ। ਇਸ ਰਚਨਾ ਬਾਰੇ ਡਾ. ਹਰਿਭਜਨ ਸਿੰਘ ਦੀ ਇਹ ਟਿੱਪਣੀ ਧਿਆਨਯੋਗ ਹੈ ਕਿ, "ਬਾਣੀ ਖਸਮ ਪਾਸੋਂ ਆਈ ਹੈ, ਪਰ ਇਹ ਹੈ ਮਨੁੱਖ ਅਤੇ ਉਸਦੇ ਸੰਸਾਰ ਨਾਲ ਸੰਬੰਧਿਤ। ਦੇਸ-ਕਾਲ ਰਹਿਤ ਪਵਿੱਤਰ



ਪਾਰਬ੍ਰਹਮ ਦੇ ਮੁਕਾਬਲੇ ਇਸ ਬਾਣੀ ਨੇ ਦੇਸ-ਕਾਲ ਵਿਚ ਬੱਝੇ ਮਨੁੱਖ ਵੱਲ ਵਧੇਰੇ ਧਿਆਨ ਦਿੱਤਾ ਹੈ।" (ਅਧਿਅਨ ਤੇ ਅਧਿਆਪਨ, ਪੰਨਾ 20) ਇਹ ਗੁਣ ਕੇਵਲ ਇਸ ਰਚਨਾ ਦਾ ਹੀ ਨਹੀਂ, ਸਗੋਂ ਸਮੁੱਚੀ ਗੁਰਬਾਣੀ ਅਤੇ ਭਗਤ-ਬਾਣੀ ਵਿਚੋਂ ਇਸੇ ਸੱਚ ਦੀਆਂ ਗੂੰਜਾਰਾਂ ਸੁਣਾਈ ਦਿੰਦੀਆਂ ਹਨ। ਇਸੇ ਕਰਕੇ ਪ੍ਰੋ: ਕਿਸ਼ਨ ਸਿੰਘ ਸਾਰੀ ਬਾਣੀ ਨੂੰ 'ਇਨਕਲਾਬ ਅਤੇ ਇਨਸਾਨੀਅਤ ਦੇ ਨੁਕਤੇ ਤੋਂ ਸਮਾਜ ਦਾ ਚਿਤਰ' ਕਹਿੰਦਾ ਹੈ। ਅਧਿਆਤਮਵਾਦੀ ਵਿਸ਼ਵ-ਦ੍ਰਿਸ਼ਟੀ ਅਤੇ ਚੇਤਨਾ ਦੇ ਧਾਰਮਿਕ ਮੁਹਾਵਰੇ ਕਾਰਨ ਗੁਰਬਾਣੀ ਵਿਚ ਕਾਵਿ ਦਾ ਸਿਰਜਨ ਸਰੋਤ ਭਾਵੇਂ ਜ਼ਾਹਰਾ ਤੌਰ ਤੇ ਅਰੂਪ ਬ੍ਰਹਮ ਨੂੰ ਹੀ ਮੰਨਿਆ ਗਿਆ ਹੈ, ਪਰ ਮਨੁੱਖੀ ਅਨੁਭਵ ਦੇ ਰਚਨਾਤਮਕ ਮਹੱਤਵ ਨੂੰ ਕਿਧਰੇ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਗਿਆ। ਭਾਵੇਂ ਚੇਤਨਾ ਦੇ ਧਾਰਮਿਕ ਮੁਹਾਵਰੇ ਕਾਰਨ ਗੁਰੂ ਸਾਹਿਬਾਨ ਨੇ ਕਾਵਿ ਨੂੰ ਦੈਵੀ ਆਵੇਸ਼ ਅਤੇ ਕਵੀ ਨੂੰ ਦਿੱਬਤਾ ਦੇ ਸੰਚਾਰਕ ਵਲੋਂ ਪ੍ਰਵਾਨ ਕਰਦੇ ਹੋਏ ਕਾਵਿ-ਸਿਰਜਨ-ਪ੍ਰਕਿਰਿਆ ਦੀ ਵਿਆਖਿਆ ਦੈਵੀ-ਇਲਹਾਮ ਵਜੋਂ ਕੀਤੀ ਹੈ, ਪਰ ਉਹਨਾਂ ਨੇ ਕਾਵਿ-ਸਿਰਜਨਾ ਦਾ ਮੁੱਖ ਮਨੋਰਥ ਮਨੁੱਖੀ ਜੀਵਨ ਦੇ ਸੱਚ ਦੀ ਸਾਧਨਾ ਨੂੰ ਹੀ ਸਵੀਕਾਰ ਕੀਤਾ ਹੈ। ਗੁਰਬਾਣੀ ਵਿਚ ਕਾਵਿ-ਸਿਰਜਨਾ ਨੂੰ ਅਨਾਤਮ ਦੇ ਪ੍ਰਕਾਸ਼, ਆਤਮ-ਖੋਜ ਅਤੇ ਰੋਗ-ਵਿਨਾਸ਼ ਦੇ ਸਾਧਨਾਂ ਵਜੋਂ ਪ੍ਰਵਾਨ ਕੀਤਾ ਗਿਆ ਹੈ। ਕੁਝ ਆਲੋਚਕਾਂ ਵਲੋਂ ਗੁਰਬਾਣੀ ਦੇ ਇਨਕਲਾਬੀ ਵਸਤੂ-ਸਾਰ ਨੂੰ ਸਮਝੇ ਬਿਨਾਂ ਬਾਣੀ ਦੇ ਕਾਵਿ-ਚਿੰਤਨ ਨੂੰ ਸਨਾਤਨੀ ਕਾਵਿ-ਸ਼ਾਸਤਰ ਦਾ ਅਨੁਸਾਰੀ ਸਿੱਧ ਕਰਨ ਦੇ ਯਤਨ ਹੋਏ ਹਨ। ਇਸ ਭੁਲੇਖੇ ਦਾ ਆਧਾਰ ਗੁਰਬਾਣੀ ਵਿਚੋਂ ਲਈਆਂ ਅਜੇਹੀਆਂ ਵਿਕੋਲੋਤਰੀਆਂ ਟੂਕਾਂ ਹਨ, ਜਿਵੇਂ :—

(ੳ) ਤਾ ਮੈ ਕਹਿਆ ਕਹਣੁ ਜਾਂ ਤੁਝੈ ਕਹਾਇਆ ॥
ਅੰਮ੍ਰਿਤੁ ਹਰਿ ਕਾ ਨਾਮੁ ਮੇਰੇ ਮਨ ਭਇਆ ॥

(ਅ) ਮੈਂ ਆਪੂ ਬੋਲ ਨ ਜਾਣਦਾ
ਸਭ ਕਹਿਆ ਤੁਧ ਹੁਕਮਾਇ ਜੀਉ ॥

(ੲ) ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥

ਜਿਹੜੇ ਆਲੋਚਕ ਗੁਰਬਾਣੀ ਨੂੰ ਮਨੁੱਖੀ ਸਿਰਜਣਾ ਮੰਨਣ ਦੀ ਬਜਾਏ 'ਧੁਰ ਕੀ ਬਾਣੀ' ਕਵੀ ਨੂੰ ਪ੍ਰਮਾਤਮਾ ਦੇ 'ਪੈਗੰਬਰ' ਅਤੇ ਕਾਵਿ-ਸਿਰਜਣ ਦੀ ਪ੍ਰਕਿਰਿਆ ਨੂੰ ਦੈਵੀ ਆਵੇਸ਼ ਜਾਂ ਇਲਹਾਮ ਵਜੋਂ ਪ੍ਰਭਾਸ਼ਿਤ ਕਰਦੇ ਹਨ, ਉਹਨਾਂ ਦੀ ਦਲੀਲ ਦਾ ਆਧਾਰ ਉਪਰੋਕਤ ਸਤਰਾਂ ਦਾ ਸਰਲ-ਅਰਥੀ ਸਾਰ ਹੈ। ਗੁਰਬਾਣੀ ਦੇ ਕ੍ਰਾਂਤੀਕਾਰੀ ਸਾਰ ਨੂੰ ਸਮਝੇ ਬਗੈਰ ਇਹ ਚਿੰਤਕ ਗੁਰਬਾਣੀ ਦੇ ਕਾਵਿ-ਸ਼ਾਸਤਰ ਨੂੰ ਉਸ ਸਨਾਤਨੀ ਕਾਵਿ-ਸ਼ਾਸਤਰ ਦਾ ਅਨੁਸਾਰੀ ਸਿੱਧ ਕਰ ਦਿੰਦੇ ਹਨ, ਜਿਸ ਤੋਂ ਉਹ ਸੁਚੇਤ ਵਿਦਰੋਹ ਕਰਦੀ ਹੈ। ਜਦੋਂ ਕਿਸੇ ਕਾਵਿ-ਸ਼ਾਸਤਰ ਦੀ ਗੱਲ ਉਸਨੂੰ ਉਸਦੇ ਮੂਲ ਇਤਿਹਾਸਕ-ਸਮਾਜਕ ਸੰਦਰਭ ਤੋਂ ਤਰੋੜ ਕੇ ਕੀਤੀ ਜਾਵੇਗੀ ਤਾਂ ਅਜਿਹੇ ਗੈਰ-ਵਿਗਿਆਨਕ ਸਿੱਟੇ ਨਿਕਲਣੇ ਕੁਦਰਤੀ ਹਨ।

ਚੇਤਨਾ ਦੇ ਧਾਰਮਿਕ ਮੁਹਾਵਰੇ ਕਾਰਨ ਨਾ ਕੇਵਲ ਗੁਰਬਾਣੀ, ਸਗੋਂ ਸਮੁੱਚੀ

ਮੱਧਕਾਲੀਨ ਪੰਜਾਬੀ ਕਵਿਤਾ ਵਿਚ ਕਾਵਿ-ਸਿਰਜਣਾ ਲਈ 'ਖਸਮ ਕੀ ਬਾਣੀ', 'ਧੁਰ ਕੀ ਬਾਣੀ', 'ਫ਼ੈਜ਼ਾਨ ਇਲਾਹੀ' ਅਤੇ 'ਸੁਖ਼ਨ ਇਲਾਹੀ' ਆਦਿ ਸੰਗਿਆਵਾਂ ਦੀ ਵਰਤੋਂ ਹੋਈ ਹੈ। ਬਾਣੀਕਾਰਾਂ ਨੇ ਆਪਣੀ ਰਚਨਾ ਲਈ ਤਿੰਨ ਸੰਗਿਆਵਾਂ—'ਖਸਮ ਕੀ ਬਾਣੀ', 'ਧੁਰ ਕੀ ਬਾਣੀ' ਅਤੇ 'ਸੱਚ ਕੀ ਬਾਣੀ' ਦੀ ਵਰਤੋਂ ਸੁਚੇਤ ਤੌਰ ਤੇ ਕੀਤੀ ਹੈ। 'ਖਸਮ ਕੀ ਬਾਣੀ' ਜਾਂ 'ਧੁਰ ਕੀ ਬਾਣੀ' ਦਾ ਅਰਥ ਕਾਵਿ-ਸਿਰਜਣਾ ਨੂੰ ਇਲਹਾਮ ਦੇ ਰੂਪ ਵਿਚ ਅਨਾਤਮ ਦੇ ਪ੍ਰਕਾਸ਼ ਵਜੋਂ ਪ੍ਰਵਾਨ ਕਰਨਾ ਹੈ। ਇਹਨਾਂ ਅਰਥਾਂ ਵਿਚ 'ਕਾਵਿ', ਪਰੰਪਰਾ ਤੋਂ ਪ੍ਰਾਪਤ 'ਸ਼ਾਸਤਰ' ਨਹੀਂ ਸਗੋਂ ਧੁਰੋਂ ਪ੍ਰਾਪਤ ਆਵੇਸ਼ ਹੈ। ਆਵੇਸ਼ ਦਾ ਸੰਬੰਧ ਕਵੀ-ਮਾਨਸ ਦੀ ਅੰਤਰ-ਪ੍ਰੇਰਨਾ ਨਾਲ ਹੈ, ਪਰੰਪਰਾ ਦੁਆਰਾ ਸਥਾਪਿਤ ਪ੍ਰਤਿਮਾਨਾਂ ਦੀ ਨਕਲ ਨਾਲ ਨਹੀਂ। ਇਉਂ ਬਾਣੀਕਾਰਾਂ ਨੇ ਕਾਵਿ-ਸਿਰਜਣਾ ਨੂੰ ਪਰੰਪਰਾ ਦੁਆਰਾ ਸਥਾਪਿਤ ਕਾਵਿ-ਰੀਤੀਆਂ ਦੇ ਅੰਧਾ-ਧੁੰਦ ਦੁਹਰਾਉ ਦੇ ਅਰਥਾਂ ਵਿਚ ਗ੍ਰਹਿਣ ਕਰਨ ਦੀ ਸਨਾਤਨੀ ਧਾਰਨਾ ਦਾ ਵਿਰੋਧ ਕੀਤਾ। 'ਸੱਚ ਕੀ ਬਾਣੀ' ਤੋਂ ਭਾਵ ਕਾਵਿ-ਸਿਰਜਣਾ ਨੂੰ ਭੋਗੇ-ਭੁਗਤੇ ਮਨੁੱਖੀ ਅਨੁਭਵ ਦੇ ਰੂਪ ਵਿਚ ਪ੍ਰਵਾਨ ਕਰਨਾ ਹੈ—'ਸੰਤਨ ਕੀ ਸੁਣਿ ਸਾਚੀ ਸਾਖੀ/ਸੋ ਬੋਲਹਿ ਜੋ ਪੇਖਹਿ ਆਖੀ।' ਭੋਗੇ-ਭੁਗਤੇ ਜਾਂ ਦੇਖੇ/ਸੁਣੇ ਸੱਚ ਨੂੰ ਉਚਾਰਣ ਦੇ ਅਰਥਾਂ ਵਿਚ ਕਾਵਿ-ਸਿਰਜਨਾ ਮਨੁੱਖ ਦੇ ਆਤਮ-ਪ੍ਰਕਾਸ਼ ਅਤੇ ਆਤਮ-ਉਥਾਨ ਦਾ ਸਾਧਨ ਹੈ, ਨਾ ਕਿ ਕੇਵਲ ਕੋਰੀ ਸ਼ਿਲਪ ਘਾੜਤ। ਗੁਰਬਾਣੀ ਵਿਚ ਤਾਂ ਕਾਵਿ-ਸਿਰਜਣਾ ਨੂੰ ਮਨੁੱਖ ਦੀ ਆਪਣੇ ਤੋਂ ਵਡੇਰੇ ਮਨੁੱਖੀ ਸਮੂਹ ਨੂੰ ਕਹਿਣ/ਸੁਣਨ ਦੀ ਅਕਾਂਖਿਆ ਦਾ ਹੀ ਸਿੱਟਾ ਮੰਨਿਆ ਗਿਆ ਹੈ। ਭੋਗੇ-ਭੁਗਤੇ ਮਨੁੱਖੀ ਅਨੁਭਵ ਅਤੇ ਦੇਖੇ/ਸੁਣੇ ਸੱਚ ਨੂੰ ਉਚਾਰਣ ਦੀ ਅਭਿਲਾਸ਼ਾ ਵੱਸ ਹੀ ਬਾਣੀਕਾਰਾਂ ਅਤੇ ਸੂਫ਼ੀ ਕਵੀਆਂ ਨੇ ਕਿਤਾਬੀ-ਗਿਆਨ ਦੇ ਮੁਕਾਬਲੇ ਮਨੁੱਖੀ ਅਨੁਭਵ ਦੀ ਮਹਿਮਾ ਨੂੰ ਪ੍ਰਵਾਨ ਕੀਤਾ ਹੈ। ਡਾ. ਅਤਰ ਸਿੰਘ ਅਨੁਸਾਰ, ਮੱਧਕਾਲੀਨ ਪੰਜਾਬੀ ਕਵਿਤਾ ਜੇ ਪੁਸਤਕੀ-ਕਲਚਰ ਅਤੇ ਸਨਾਤਨੀ ਸ਼ਾਸਤਰਵਾਦ ਦਾ ਨਿਖੇਧ ਕਰ ਸਕੀ ਹੈ ਤਾਂ ਇਸਦਾ ਕਾਰਨ ਮੱਧਕਾਲੀ ਪੰਜਾਬੀ ਕਵੀਆਂ ਦੀ ਅੱਖੀਂ ਦੇਖੇ ਸੱਚ ਨੂੰ ਉਚਾਰਣ ਜਾਂ ਅਨੁਭਵ ਉੱਪਰ ਜ਼ੋਰ ਦੇਣ ਦੀ ਰੁਚੀ ਹੈ। ਜੇ ਗੁਰਬਾਣੀ ਅਤੇ ਪੰਜਾਬੀ ਸੂਫ਼ੀ ਕਵਿਤਾ ਵਿਚ ਨਿਰਾਕਾਰ ਬ੍ਰਹਮ ਸ਼ਾਸਤਰੀ-ਬਹਿਸ ਦਾ ਵਿਸ਼ਾ ਬਣਨ ਦੀ ਬਜਾਇ ਪਤੀ-ਪਤਨੀ ਅਤੇ ਪ੍ਰੇਮੀ-ਪ੍ਰੇਮਿਕਾ ਦੇ ਘਰੋਗੀ ਦ੍ਰਿਸ਼ਟਾਂਤ ਰਾਹੀਂ ਰੂਪਮਾਨ ਹੋ ਕੇ ਠੋਸ ਮਨੁੱਖੀ ਅਨੁਭਵ ਦਾ ਸਹਿਜ ਅੰਗ ਬਣ ਸਕਿਆ ਹੈ ਤਾਂ ਇਸਦਾ ਕਾਰਨ ਵੀ ਉਪਰੋਕਤ ਰੁਚੀ ਹੀ ਹੈ। ਸਨਾਤਨੀ ਸਭਿਆਚਾਰਕ ਮੁੱਲਾਂ ਵਾਂਗ ਗੁਰਬਾਣੀ ਵਿਚ ਸਨਾਤਨੀ ਗਿਆਨ-ਵਿਧੀ ਦੀ ਆਲੋਚਨਾ ਵੀ ਹੋਈ ਹੈ। ਇਹ ਵਿਧੀ ਸ਼ਾਸਤਾਰਥ (ਸੰਬਾਦ) ਦੀ ਹੈ ਵੇਦ, ਪੁਰਾਣ, ਸਿਮਰਤੀਆਂ ਇਸਦੇ ਚਿਹਨਕ ਹਨ। ਇਸਦਾ ਉਦੇਸ਼ ਮਨੁੱਖ ਨੂੰ ਆਤਮ-ਸੋਝੀ ਦੇ ਕੇ, ਉਸਦੇ ਮਨੁੱਖੀ ਆਪੇ ਤੋਂ ਚੇਤੰਨ ਕਰਕੇ ਉਸਨੂੰ ਮਾਇਆਵਾਦੀ ਬੰਧਨਾਂ ਤੋਂ ਮੁਕਤ ਕਰਨਾ ਸੀ। ਪਰ ਗੁਰੂ ਸਾਹਿਬ ਦੇ ਸਮੇਂ ਵਿਚ ਇਹ ਗਿਆਨ-ਵਿਧੀ 'ਪਾਖੰਡ' ਬਣ ਕੇ ਰਹਿ ਗਈ ਸੀ। ਮਨੁੱਖ ਨੂੰ ਸੱਚ ਦੀ ਸੋਝੀ ਦੀ ਬਜਾਇ ਇਹ ਸੱਚ ਤੋਂ ਦੂਰ ਲਿਜਾਂਦੀ ਸੀ। ਇਹ ਦਿੱਖ ਨੂੰ ਹੀ ਸੱਚ ਮੰਨਣ ਦਾ ਭਰਮ ਸਿਰਜਦੀ ਸੀ, ਕਿਉਂਕਿ ਇਸਦੇ ਪੈਰੋਕਾਰ—ਕਾਜ਼ੀ, ਪੰਡਿਤ, ਜੋਗੀ ਆਦਿ ਸਥਾਪਤੀ ਦੇ, ਵਕਤ ਦੇ ਹਾਕਮਾਂ ਦੇ ਹਿੱਤਾਂ ਦੇ ਬੁਲਾਰੇ ਬਣ ਚੁੱਕੇ ਸਨ। ਪੁਜਾਰੀ ਵਰਗ ਸ਼ਾਸਤਰਾਂ ਦੀ ਵਿਆਖਿਆ ਹਾਕਮ-ਵਰਗ



ਹਿੱਤਾਂ ਅਨੁਸਾਰ ਕਰ ਰਹੇ ਸਨ। ਇਉਂ ਸ਼ਾਸਤਰ ਅਤੇ ਪੁਜਾਰੀ-ਵਰਗ ਆਪਣੀ ਨੈਤਿਕ-ਸਮਾਜਕ ਜ਼ਿੰਮੇਵਾਰੀ ਤੋਂ ਥਿੜਕ ਚੁੱਕੇ ਸਨ। ਗੁਰੂ ਨਾਨਕ ਬਾਣੀ ਵਿਚ ਕਿਤਾਬੀ-ਗਿਆਨ ਦੇ ਪਿੱਛਲਗ ਪੁਜਾਰੀ ਵਰਗ ਨੂੰ—"ਅੰਧੇ ਅਕਲੀ ਬਾਹਰੇ" ਜਾਂ "ਅਸਲਿ ਖਰ" ਕਹਿ ਕੇ ਛੁਟਿਆਇਆ ਗਿਆ ਹੈ ਅਤੇ ਪੁਸਤਕੀ-ਕਲਚਰ ਦੇ ਪਿਛਲੱਗ ਵੇਦ-ਪਾਠੀ ਦੀ 'ਕਾਰ' ਨੂੰ ਪਾਖੰਡ ਕਹਿ ਕੇ ਭੰਡਿਆ ਗਿਆ ਹੈ, ਜੋ ਵੇਦ ਦੇ ਮਰੂਮ ਨੂੰ ਜਾਣੇ ਬਿਨਾ ਤੋਤਾ-ਰਟਣੀ ਪਾਠ ਵਿਚ ਖਚਿਤ ਹੋ ਕੇ ਖੁਦ ਵੀ ਖੁਆਰ ਹੁੰਦਾ ਹੈ :

—ਅੰਧੇ ਅਕਲੀ ਬਾਹਰੇ, ਕਿਆ ਤਿਨ ਸਿਉ ਕਹੀਐ ॥  
ਬਿਨ ਗੁਰ ਪੰਥ ਨ ਸੂਝਈ ਕਿਤੁ ਬਿਧਿ ਨਿਰਬਹੀਐ।  
ਖੋਟੇ ਕੋ ਖਰਾ ਕਹੈ ਖਰੇ ਸਾਰ ਨ ਜਾਣੈ ॥  
ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਡਾਣੈ ॥

—ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥  
ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥  
ਬੇਦ ਪਾਠ ਸੰਸਾਰ ਕੀ ਕਾਰ ॥ ਪੜਿ ਪੜਿ ਪੰਡਿਤ ਕਰਹਿ ਬੀਚਾਰ ॥  
ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥

ਕਬੀਰ ਬਾਣੀ ਵਿਚ ਪੁਸਤਕੀ-ਕਲਚਰ ਅਤੇ ਸ਼ਾਸਤਰਵਾਦੀ ਕਾਵਿ-ਦ੍ਰਿਸ਼ਟੀ ਪ੍ਰਤੀ ਵਿਦਰੋਹ ਦੀ ਸੁਰ ਕੁਝ ਵਧੇਰੇ ਉਭਰਵੀਂ ਹੈ। ਉਹ 'ਕਾਗਤ ਕੀ ਲੇਖੀ' ਅਤੇ 'ਆਂਖਨ ਦੇਖੀ' ਦੇ ਵਿਰੋਧ ਰਾਹੀਂ 'ਸ਼ਾਸਤਰ' ਅਤੇ 'ਮਨੁੱਖੀ ਅਨੁਭਵ' ਦੇ ਵਿਰੋਧ ਨੂੰ ਉਜਾਗਰ ਕਰਦਾ ਹੈ ਅਤੇ ਇਹਨਾਂ ਵਿਚ ਮੇਲ ਦੀ ਕਿਸੇ ਵੀ ਸੰਭਾਵਨਾ ਨੂੰ ਅਸਲੋਂ ਰੱਦ ਕਰਦਾ ਹੋਇਆ 'ਸ਼ਾਸਤਰ' ਤੋਂ ਪ੍ਰਾਪਤ ਗਿਆਨ ਨਾਲੋਂ ਮਨੁੱਖੀ ਅਨੁਭਵ ਤੋਂ ਪ੍ਰਾਪਤ ਗਿਆਨ ਨੂੰ ਵਡਿਆਉਂਦਾ ਹੈ।

ਮੇਰਾ ਤੇਰਾ ਮਨੂਆ ਕੈਸੇ ਇਕ ਹੋਈ ਰੇ ॥  
ਮੈਂ ਕਹਿਤਾ ਹੂੰ ਆਖਨ ਦੇਖੀ ॥ ਤੂ ਕਾਗਤ ਕੀ ਲੇਖੀ ਰੇ ॥  
ਮੈਂ ਕਹਿਤਾ ਸੁਰਝਾਵਣਹਾਰੀ ॥ ਤੂ ਰਾਖਿਓ ਉਰਝਾਈ ਰੇ ॥  
ਮੈਂ ਕਹਿਤਾ ਹੂੰ ਜਾਗਤ ਰਹੀਓ ॥ ਤੂ ਕਹਿਤਾ ਹੈ ਸੋਈ ਰੇ ॥

ਗੁਰਬਾਣੀ ਅਤੇ ਸੂਫ਼ੀ ਕਵਿਤਾ ਵਿਚ 'ਸ਼ਾਸਤਰ' ਅਤੇ ਪਰੋਹਿਤ ਵਰਗ ਦਾ ਵਿਰੋਧ ਲੋਕ-ਹਿੱਤ ਦੀ ਦ੍ਰਿਸ਼ਟੀ ਤੋਂ ਕੁਲੀਨ ਵਰਗ ਦੇ ਵਿਚਾਰਧਾਰਕ ਆਡੰਬਰ ਦਾ ਵਿਰੋਧ ਹੈ। ਸੰਸਾਰ ਦੇ ਸੁਖ-ਸਾਧਨਾਂ ਉੱਪਰ ਕਾਬਜ਼ ਕੁਲੀਨ ਵਰਗ ਆਪਣੀ ਲੁੱਟ ਨੂੰ ਬਰਕਰਾਰ ਰੱਖਣ ਲਈ ਸੰਸਾਰ ਦੀ ਮੌਜੂਦ ਦਸ਼ਾ ਨੂੰ ਰੱਬ ਦੀ ਰਜ਼ਾ ਦਾ ਨਾਮ ਦਿੰਦਾ ਹੈ ਅਤੇ ਸ਼ਾਸਤਰਾਂ ਨੂੰ ਗਵਾਹੀ ਵਜੋਂ ਵਰਤਦਾ ਹੈ। ਇੰਜ ਸ਼ਾਸਤਰ ਅਤੇ ਉਹਨਾਂ ਦੇ ਵਿਆਖਿਆਕਾਰ ਪਰੋਹਿਤ ਵਰਗ, ਕਾਬਜ਼ ਜਮਾਤ ਦੀ ਦਿੱਤੀ ਚੇਤਨਾ ਦੇ ਸੰਵਾਹਕ ਬਣ ਕੇ ਰਹਿ ਜਾਂਦੇ ਹਨ। ਗੁਰਬਾਣੀ ਅਤੇ ਪੰਜਾਬੀ ਸੂਫ਼ੀ ਕਵਿਤਾ ਵਿਚ ਜਿਵੇਂ ਇਨਸਾਨੀਅਤ ਦੇ ਪੈਂਤੜੇ ਤੋਂ ਖੁੰਝੇ ਅਤੇ ਸਥਾਪਤ ਸਾਮੰਤਕ ਬਣਤਰ ਦੇ ਅਨੁਸਾਰੀ ਵਗਣ ਕਾਰਨ ਪਰੋਹਿਤ ਵਰਗ ਦਾ ਤਿੱਖਾ ਵਿਰੋਧ ਹੋਇਆ

ਹੈ, ਉਸੇ ਤਰ੍ਹਾਂ ਨੈਤਿਕ ਜ਼ਿੰਮੇਵਾਰ ਤੋਂ ਮੁਕਤ ਹੋਣ ਕਾਰਨ ਵੇਦ ਕਤੇਬੀ ਰੀਤ ਦਾ ਜਾਂ ਤਾਂ ਕਰੜਾ ਵਿਰੋਧ ਹੋਇਆ ਹੈ ਜਾਂ ਉਸ ਦੀ ਮਾਨਵਵਾਦੀ ਦ੍ਰਿਸ਼ਟੀ ਤੋਂ ਨਵੀਂ ਵਿਆਖਿਆ ਹੋਈ ਹੈ। ਗੁਰਬਾਣੀ ਵਿਚ ਜਿਵੇਂ ਸਨਾਤਨੀ ਕਰਮਕਾਂਡ ਅਤੇ ਰੀਤੀਬੱਧ ਪੂਜਾ-ਅਰਚਾ ਦੇ ਮੁਕਾਬਲੇ ਨਾਮ ਜਪਣ ਨੂੰ ਮਨੁੱਖੀ ਸਾਧਨਾਂ ਦੇ ਰੂਪ ਵਿਚ ਪ੍ਰਵਾਨ ਕਰਕੇ ਧਰਮ-ਸਾਧਨਾਂ ਦੇ ਖੇਤਰ ਵਿਚ ਸ਼ਾਸਤਰੀ ਕਠੋਰਤਾ ਨੂੰ ਘਟਾਉਣ ਦਾ ਯਤਨ ਹੋਇਆ ਹੈ, ਉਸੇ ਤਰ੍ਹਾਂ ਕਾਵਿ-ਸਿਰਜਣਾ ਨੂੰ ਮਨੁੱਖੀ ਅਨੁਭਵ ਤੇ ਅੰਤਰ-ਪ੍ਰੇਰਨਾ ਦੀ ਉਪਜ ਪ੍ਰਵਾਨ ਕਰਕੇ ਰੀਤੀਬੱਧ ਦੁਹਰਾਉ ਦੀ ਸ਼ਾਸਤਰੀ ਧਾਰਨਾ ਦਾ ਨਕਾਰਣ ਵੀ ਹੋਇਆ।

ਮੱਧਕਾਲੀਨ ਪੰਜਾਬੀ ਰਹੱਸਵਾਦੀ ਕਵੀਆਂ ਦੀ ਸਨਾਤਨੀ ਕਾਵਿ-ਸ਼ਾਸਤਰ ਤੋਂ ਵਿਦਰੋਹ ਦੀ ਭਾਵਨਾ ਦਾ ਪਤਾ ਉਹਨਾਂ ਦੀ ਕਾਵਿ-ਪ੍ਰਯੋਜਨ ਦੀ ਧਾਰਨਾ ਤੋਂ ਵੀ ਲੱਗਦਾ ਹੈ। ਆਪਣੇ ਯੁੱਗ ਦੇ ਮਨੁੱਖੀ ਮਸਲਿਆਂ ਨੂੰ ਸਿੱਧੇ ਮੁਖ਼ਾਤਿਬ ਹੋਣ ਕਾਰਨ ਗੁਰੂ ਸਾਹਿਬਾਨ ਅਤੇ ਪੰਜਾਬੀ ਸੂਫ਼ੀ ਕਵੀਆਂ ਨੇ ਸ਼ੁੱਧ ਕਾਵਿ-ਆਨੰਦ ਦੀ ਸਨਾਤਨੀ ਕਾਰਨਾਂ ਨੂੰ ਅਪ੍ਰਵਾਨ ਕੀਤਾ। ਉਹਨਾਂ ਨੇ ਕਾਵਿ-ਆਨੰਦ ਨੂੰ ਨੈਤਿਕ ਸਮਾਜਕ ਮੁੱਲ ਦੀ ਅਧੀਨਗੀ ਵਿਚ ਸਵੀਕਾਰ ਕਰਕੇ ਕਾਵਿ-ਸਿਰਜਨਾ ਨੂੰ ਇਕ ਮਾਨਵਕਾਰੀ ਕਾਰਜ ਸਿੱਧ ਕੀਤਾ। ਜਿਹੜੇ ਸਰਗੁਣਵਾਦੀ ਸੰਤ ਕਵੀ ਰਾਮ ਅਤੇ ਕ੍ਰਿਸ਼ਨ ਆਦਿ ਮਿਥਿਹਾਸਕ ਨਾਇਕਾਂ ਦੀ ਉਪਾਸਨਾ ਦੁਆਰਾ ਉਹਨਾਂ ਦੇ ਮਿੱਥ-ਸੰਸਾਰ ਨੂੰ ਪੁਨਰ-ਸਿਰਜ ਕੇ ਆਨੰਦ-ਸਿਰਜਣ ਦੇ ਆਹਾਰ ਵਿਚ ਸਨ, ਉਹ ਮੱਧਕਾਲੀਨ ਪੰਜਾਬੀ ਕਾਵਿ-ਧਾਰਾ ਵਿਚ ਮਕਬੂਲ ਨਹੀਂ ਹੋ ਸਕੇ। ਜੇ ਉਹਨਾਂ ਦੀ ਕਾਵਿ-ਰਚਨਾ ਨੂੰ ਬਾਣੀ ਦਾ ਦਰਜਾ ਨਹੀਂ ਮਿਲਿਆ ਤਾਂ ਇਸ ਦਾ ਮੁੱਖ ਕਾਰਨ ਉਹਨਾਂ ਦੀ ਆਨੰਦਵਾਦੀ ਸੁਹਜ-ਸ਼ਾਸਤਰੀ ਦ੍ਰਿਸ਼ਟੀ ਪ੍ਰਤੀ ਉਸ ਸਮੇਂ ਦੇ ਪਾਠਕ ਸਮੂਹ ਦੀ ਤ੍ਰਿਸਕਾਰ ਦੀ ਭਾਵਨਾ ਹੈ। ਬਾਣੀਕਾਰਾਂ ਨੇ ਗਿਆਨ ਅਤੇ ਆਨੰਦ ਜਾਂ ਨੈਤਿਕਤਾ ਅਤੇ ਸੁਹਜ ਨੂੰ ਕਾਵਿ ਦੇ ਅਨਿੱਖੜ ਤੱਤ ਵਜੋਂ ਪ੍ਰਵਾਨ ਕੀਤਾ ਹੈ। ਬਾਣੀ-ਚਿੰਤਨ ਅਨੁਸਾਰ ਕਵੀ ਨੇ ਭੋਗੇ-ਭੁਗਤੇ ਸੱਚ ਦਾ 'ਸੰਸਾਰ' ਅਤੇ ਕਾਵਿ-ਪਾਠੀ ਨੇ ਉਸ ਦੀ 'ਸੰਭਾਲ' ("ਸਮਾਲਸੀ ਬੋਲਾ") ਕਰਨੀ ਹੈ। ਆਪਣੇ ਸਮੇਂ ਦੇ ਸੱਚ ਨੂੰ ਪਛਾਣਨਾ ਅਤੇ ਉਸ ਨੂੰ ਬੇਝਿਜਕ ਉਚਾਰਣ ਦੀ ਦਲੇਰੀ ਕਰਨਾ ਉਹ ਗੁਣ ਹੈ ਜਿਸ ਨੂੰ ਡਾ. ਅਤਰ ਸਿੰਘ ਨੇ 'ਭਾਰਤੀ ਸਾਹਿਤਕਾਰ ਦੀ ਆਪਣੇ ਲੋਕਾਂ ਪ੍ਰਤੀ ਨੈਤਿਕ ਪ੍ਰਤਿਬੱਧਤਾ' ਦਾ ਨਾਮ ਦਿੱਤਾ ਹੈ। ਗੁਰਬਾਣੀ ਵਿਚ ਕਵੀ ਦੇ ਸਮਾਜਕ ਦਾਇਤਵ ਦੀ ਧਾਰਨਾ ਨੂੰ ਅਨੇਕਾਂ ਪ੍ਰਸੰਗਾਂ ਵਿਚ ਪ੍ਰਗਟਾਵਾ ਮਿਲਿਆ ਹੈ। 'ਕਾਇਆ ਕਪੜੁ ਟੁਕ ਟੁਕ ਹੋਸੀ' ਦਾ ਸੰਕੇਤ ਉਸ ਸੰਭਾਵੀ ਜ਼ਬਰ ਵੱਲ ਹੈ ਜਿਸ ਦਾ ਸ਼ਿਕਾਰ ਸੱਚ ਨੂੰ ਉਚਾਰਣ ਵਾਲੇ ਕਵੀ ਨੂੰ ਹੋਣਾ ਪੈਣਾ ਹੈ। ਗੁਰਬਾਣੀ ਅਤੇ ਪੰਜਾਬੀ ਸੂਫ਼ੀ ਕਵਿਤਾ ਦਾ ਸੰਬੋਧਨ ਰਸਿਕ (ਜਾਂ ਸਨਾਤਨੀ ਕਾਵਿ-ਸ਼ਾਸਤਰ ਦੇ ਸੁਹਿਰਦ ਪਾਠਕ) ਵੱਲ ਨੂੰ ਨਹੀਂ, ਸਗੋਂ ਸਧਾਰਨ ਜਨ-ਸਮੂਹ ਵੱਲ ਨੂੰ ਹੈ ਜਿਸ ਨੇ ਕਾਵਿ ਦੇ ਮਰ੍ਹਮ ਨੂੰ ਸਮਝ ਕੇ ਉਸ ਨੂੰ ਜੀਵਨ-ਜਾਚ ਦੇ ਅਰਥਾਂ ਵਿਚ ਸੰਭਾਲਣਾ ਵੀ ਹੈ। ਇੰਜ ਗੁਰੂ ਸਾਹਿਬਾਨ, ਭਗਤ ਅਤੇ ਸੂਫ਼ੀ ਕਵੀਆਂ ਲਈ ਕਾਵਿ-ਸਿਰਜਨਾ ਸਹਿਜ ਸ਼ਬਦ-ਘਾੜਤ ਨਹੀਂ, ਸਗੋਂ ਸ਼ਬਦ ਦੇ ਮਾਧਿਅਮ ਦੁਆਰਾ "ਸੁਰਤਿ ਮਤਿ ਮਨਿ ਬੁਧਿ" ਦੀ ਘਾੜਤ ਹੈ। ਗੁਰਬਾਣੀ ਵਿਚ ਸ਼ਬਦ



ਨੂੰ 'ਗੁਰੂ' ਅਤੇ 'ਬ੍ਰਹਮ' ਦਾ ਦਰਜਾ ਦਿੱਤਾ ਗਿਆ ਹੈ, ਕਿਉਂਕਿ ਸ਼ਬਦ ਜਾਂ ਅੱਖਰ ਵੀ ਗੁਰੂ ਵਾਂਗ ਗਿਆਨ ਦੇ ਸੰਚਾਰ ਦਾ ਹੀ ਸਾਧਨ ਹੈ। ਇਥੇ ਇਹ ਸਮਝ ਲੈਣਾ ਵੀ ਜ਼ਰੂਰੀ ਹੈ ਕਿ ਗੁਰਬਾਣੀ ਵਿਚ ਸ਼ਬਦ-ਸਾਧਨਾ ਨੂੰ ਸੁਰਤਿ-ਸਾਧਨਾ (ਸੁਰਤਿ-ਘਾੜਤ) ਦੇ ਅਰਥਾਂ ਵਿਚ ਪ੍ਰਵਾਨ ਕਰਨ ਸਮੇਂ ਕਵੀ ਅਤੇ ਕਾਵਿ-ਪਾਠੀ ਦੋਹਾਂ ਨੂੰ ਧਿਆਨ ਵਿਚ ਰਖਿਆ ਗਿਆ ਹੈ। ਕਾਵਿ, ਜਿਥੇ ਕਵੀ ਲਈ ਆਤਮ-ਖੋਜ, ਆਤਮ-ਪ੍ਰਕਾਸ਼ ਅਤੇ ਆਤਮ-ਵਿਕਾਸ ਦਾ ਸਾਧਨ ਹੈ ਉਥੇ ਕਾਵਿ-ਪਾਠੀ ਜਾਂ ਕਾਵਿ-ਸਰੋਤੇ ਲਈ ਵੀ ਸੋਝੀ ਵਿਸਤਾਰ ਦਾ ਵਸੀਲਾ ਹੈ— "ਕਹਿਤੇ ਪਵਿਤ੍ਰ ਸੁਣਤੇ ਪੁਨੀਤ"। ਅੱਜ ਵੀ ਜਦੋਂ 'ਆਇਆ ਪੜ੍ਹਣ ਸੁਣਨ ਕੋ ਬਾਣੀ' ਨੂੰ ਜੀਵਨ-ਆਦਰਸ਼ ਮੰਨਿਆ ਜਾਂਦਾ ਹੈ ਜਾਂ 'ਬਾਣੀ ਗੁਰੂ, ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ' ਦਾ ਉਪਦੇਸ਼ ਦਿੱਤਾ ਜਾਂਦਾ ਹੈ ਤਾਂ ਸੁਚੇਤ ਤੌਰ ਤੇ ਗੁਰਬਾਣੀ ਦੇ ਨੈਤਿਕ-ਸਮਾਜਕ ਮਹੱਤਵ ਨੂੰ ਹੀ ਦ੍ਰਿੜ ਕੀਤਾ ਜਾ ਰਿਹਾ ਹੁੰਦਾ ਹੈ।

ਗੁਰੂ ਨਾਨਕ ਦੀ ਸਰਬਗ੍ਰਾਹੀ ਦ੍ਰਿਸ਼ਟੀ ਸ਼ਬਦ-ਘਾੜਤ ਅਤੇ ਸੁਰਤਿ-ਘਾੜਤ ਨੂੰ ਦੋ ਨਹੀਂ ਮੰਨਦੀ। ਉਹਨਾਂ ਨੇ ਸ਼ਬਦ-ਘਾੜਤ ਅਤੇ ਸੁਰਤਿ-ਘਾੜਤ ਨੂੰ ਇਕੋ ਅਮਲ ਮੰਨ ਕੇ ਸੁਰਤਿ/ਸ਼ਬਦ-ਘਾੜਤ ਦੀ ਜਿਸ ਪ੍ਰਕ੍ਰਿਆ ਨੂੰ ਪੇਸ਼ ਕੀਤਾ ਹੈ ਉਹ ਕੋਈ ਅਚੇਤ ਕਾਰਜ ਨਹੀਂ ਸਗੋਂ ਸੁਚੇਤ ਮਨੁੱਖੀ ਕਰਮ ਹੈ, ਜੋ ਵਿਸ਼ੇਸ਼ ਸਮਾਜਕ ਲੋੜ ਦੀ ਪੂਰਤੀ ਹਿਤ ਵਾਪਰਦਾ ਹੈ:

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਿਰਣ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸ਼ਬਦੁ ਸਚੀ ਟਕਸਾਲ ॥

ਗੁਰੂ ਸਾਹਿਬ ਨੇ ਸ਼ਬਦ-ਘਾੜਤ ਅਰਥਾਤ ਕਾਵਿ ਦੀ ਸਿਰਜਨ ਪ੍ਰਕਿਰਿਆ ਨੂੰ ਟਕਸਾਲ ਦੇ ਰੂਪਕ ਰਾਹੀਂ ਪੇਸ਼ ਕੀਤਾ ਹੈ, ਜਿਵੇਂ ਸੁਨਿਆਰ ਆਪਣੀ ਟਕਸਾਲ ਵਿਚ (ਅਹਿਰਣ, ਹਥੌੜਾ, ਧੌਂਕਣੀ ਤੇ ਅਗਨੀ ਆਦਿ ਦੀ ਮਦਦ ਨਾਲ) ਕਿਸੇ ਧਾਤ ਨੂੰ ਢਾਲ ਕੇ ਨਵਾਂ ਗਹਿਣਾ/ਸਿੱਕਾ ਘੜਦਾ ਹੈ, ਇਸੇ ਤਰ੍ਹਾਂ ਜਤ, ਧੀਰਜ, ਗਿਆਨ, ਸੰਜਮ ਅਤੇ ਸਾਧਨਾਂ ਆਦਿ ਮਨੁੱਖੀ ਗੁਣਾਂ ਦੀ ਸਹਾਇਤਾ ਨਾਲ ਅੰਮ੍ਰਿਤ ਰੂਪੀ ਸ਼ਬਦ ਦੀ ਘਾੜਤ ਹੁੰਦੀ ਹੈ। ਇਹ 'ਅੰਮ੍ਰਿਤ' ਕਾਵਿ-ਆਨੰਦ ਜਾਂ ਕਾਵਿ-ਰਸ ਹੈ, ਅਰਥਾਤ ਕਾਵਿ ਤੋਂ ਪ੍ਰਾਪਤ ਹੋਣ ਵਾਲਾ 'ਵਿਵੇਕ'। ਕਾਵਿ-ਪਾਠੀ ਜਾਂ ਸ਼ਬਦ-ਰਸੀਏ ਨੂੰ ਇਸ ਦੀ ਪ੍ਰਾਪਤੀ ਤਾਂ ਹੁੰਦੀ ਹੈ ਜੇ ਉਹ ਕਾਵਿ-ਸਿਰਜਨਾ ਦੀ ਪ੍ਰਕਿਰਿਆ ਨੂੰ ਗਿਆਨ-ਸੰਪੰਨ ਕਾਰਜ ਮੰਨ ਕੇ ਇਸ ਨਾਲ ਸੁਚੇਤ ਹੋ ਕੇ ਨਾਤਾ ਜੋੜੇ। ਬਾਣੀਕਾਰਾਂ ਨੇ ਇਸੇ ਨੂੰ 'ਬੋਲ ਦੀ ਸੰਭਾਲ' ਜਾਂ 'ਅੱਖਰ ਕਾ ਭੇਉ' ਜਾਨਣ ਦਾ ਨਾਂ ਦਿੱਤਾ ਹੈ।

ਕੋਰੀ ਸ਼ਿਲਪ-ਘਾੜਤ ਜਾਂ ਮਨੁੱਖੀ ਜੀਵਨ ਦੇ ਸੱਚ ਤੋਂ ਸੱਖਣੇ ਸ਼ਬਦ-ਸੁਹਜ ਨੂੰ ਬਾਣੀ-ਕਾਰਾਂ ਨੇ 'ਕਾਵਿ' ਦੀ ਸੰਗਿਆ ਨਹੀਂ ਦਿੱਤੀ। ਗੁਰਬਾਣੀ ਵਿਚ 'ਕਾਵਿ' ਨੂੰ ਨਾਦ ਅਤੇ ਵੇਦ

ਅਰਥਾਤ ਧੁਨੀ ਅਤੇ ਗਿਆਨ ਦਾ ਸੰਵਾਹਕ ਮੰਨਿਆ ਗਿਆ ਹੈ। ਕਾਵਿ ਤਾਂ ਹੀ ਸਾਰਥਕ ਹੈ ਜੇ ਉਸ ਉਪਰ ਗਿਆਨ ਦਾ ਸੰਜਮ ਹੈ, ਜੇ ਉਹ ਮਨੁੱਖ ਨੂੰ ਆਤਮਾ-ਸੋਝੀ ਦੇ ਕੇ ਮਾਇਆਵੀ ਬੰਧਨਾਂ, ਲਾਲਸਾਵਾਂ ਤੋਂ ਮੁਕਤ ਹੋਣ ਦੀ ਸੋਝੀ ਪ੍ਰਦਾਨ ਕਰਦਾ ਹੈ। ਗੁਰਬਾਣੀ ਵਿਚ ਜਿਵੇਂ ਬਾਹਰਲੀ ਚਮਕ-ਦਮਕ ਵਾਲੇ ਜੀਵਨ ਨੂੰ 'ਮਾਇਆਵੀ-ਭਰਮ' ਜਾਂ 'ਕੂੜਿ ਦੀ ਪਾਲ' ਕਹਿ ਕੇ ਛੁਟਿਆਇਆ ਗਿਆ ਹੈ, ਉਸੇ ਤਰ੍ਹਾਂ ਮਨੁੱਖੀ ਜੀਵਨ ਦੇ ਸਾਰ ਤੋਂ ਸੱਖਣੀ ਸ਼ਬਦ-ਘਾੜਤ ਨੂੰ ਕਾਵਿ ਮੰਨਣ ਤੋਂ ਹੀ ਇਨਕਾਰ ਕੀਤਾ ਗਿਆ ਹੈ। ਗੁਰੂ ਨਾਨਕ ਅਤੇ ਭਗਤ ਕਬੀਰ ਦੋਹਾਂ ਨੇ ਹੀ ਕਾਵਿ-ਸਿਰਜਣ-ਪ੍ਰਕਿਰਿਆ ਨੂੰ ਗਿਆਨ-ਸੰਪੰਨ ਕਿਰਿਆ ਮੰਨ ਕੇ ਕਾਵਿ ਨੂੰ 'ਬ੍ਰਹਮ-ਬੀਚਾਰ' ਦੀ ਸੰਗਿਆ ਦਿੱਤੀ ਹੈ :

— ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ ॥
ਲੋਗੁ ਜਾਨੈ ਇਹੁ ਗੀਤ ਹੈ ਇਹੁ ਤਉ ਬ੍ਰਹਮ ਬੀਚਾਰੁ ॥
ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥

ਗੁਰੂ ਨਾਨਕ ਅਤੇ ਭਗਤ ਕਬੀਰ ਨੇ ਜਿਥੇ ਮਨੁੱਖੀ ਸੱਚ ਦੇ ਸਮਾਵੇਸ਼ ਤੋਂ ਸੱਖਣੇ ਗੀਤ ਜਾਂ 'ਬਿਰਹੜੇ' ਦੀ ਸਿਰਜਨਾ ਕਰਨ ਵਾਲੇ ਸ਼ਬਦ-ਸਾਧਨਾਂ ਨੂੰ ਨਿੰਦਿਆ ਹੈ, ਉਥੇ ਉਹਨਾਂ ਨੇ ਅਜੇਹੇ ਕਾਵਿ-ਪਾਠੀ (ਵੇਦ-ਪਾਠੀ) ਨੂੰ ਵੀ ਕਰੜੇ ਹੱਥੀਂ ਲਿਆ ਹੈ ਜੋ ਸ਼ਬਦ ਦੇ ਮਰੂਮ ਨੂੰ ਸਮਝੇ ਬਿਨਾਂ ਤੋਤਾ-ਰਟਣੀ ਪਾਠ ਕਰਦੇ ਹਨ। ਗੁਰਬਾਣੀ ਵਿਚ ਭਾਵੇਂ ਸੰਸਕ੍ਰਿਤ ਕਾਵਿ-ਸ਼ਾਸਤਰ ਵਾਂਗ ਕਾਵਿ-ਪਾਠੀ ਤੋਂ ਅਜੇਹੇ 'ਸੁਹਿਰਦ ਜਾਂ ਰਸਿਕ' ਪਾਠਕ ਹੋਣ ਦੀ ਤਵੱਕੋਂ ਨਹੀਂ ਕੀਤੀ ਗਈ, ਜੋ ਸਾਹਿਤ-ਸਿਰਜਨਾ ਦੀ ਗਰਾਮਰ ਦਾ ਗਿਆਤਾ ਹੋਵੇ, ਪਰ ਅਜੇਹੇ ਪਾਠਕ ਨੂੰ ਵੀ ਪ੍ਰਵਾਨ ਨਹੀਂ ਕੀਤਾ ਗਿਆ ਜੋ ਕਾਵਿ ਦੇ ਮਰੂਮ ਨੂੰ ਸਮਝੇ ਬਿਨਾਂ ਅਚੇਤ ਉਪਭੋਗੀ ਵਾਂਗ ਕਾਵਿ ਨਾਲ ਆਪਣਾ ਨਾਤਾ ਜੋੜੇ। ਹੇਠਲੇ ਉਦਾਹਰਨਾਂ ਵਿਚ ਜਿਥੇ ਗੁਰੂ ਨਾਨਕ ਨੇ ਸ਼ਬਦ ਦੇ ਮਰੂਮ ਨੂੰ ਸਮਝੇ ਬਿਨਾਂ ਤੋਤਾ-ਰਟਣੀ ਪਾਠ ਕਰਨ ਵਾਲੇ ਵੇਦ-ਪਾਠੀ ਨੂੰ 'ਅਸਲਿ ਖਰ' ਕਹਿ ਕੇ ਨਿੰਦਿਆ ਹੈ, ਉਥੇ ਭਗਤ ਕਬੀਰ ਨੇ ਅਜੇਹੇ ਸ਼ਬਦ-ਸਾਧਕਾਂ ਦੀ ਭੰਡੀ ਕੀਤੀ ਹੈ ਜੋ ਕਾਵਿ-ਸਿਰਜਨਾ ਨੂੰ ਕੋਰੀ ਸ਼ਿਲਪ-ਘਾੜਤ ਪ੍ਰਵਾਨ ਕਰਦੇ ਹਨ :

(ੳ) ਇਕਨਾ ਨਾਦ ਨ ਬੇਦ ਨ ਗੀਆ ਰਸੁ, ਰਸ ਕਸ ਨ ਜਾਣੰਤਿ ॥
ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥

(ਆਦਿ ਗਰੰਥ, ਪੰਨਾ 1246)

(ਅ) ਬਾਵਨ ਅਖਰ ਜੋਰੇ ਆਨਿ ॥ ਸਕਿਆ ਨ ਅਖਰੁ ਏਕ ਪਛਾਨਿ ॥
ਸਤ ਕਾ ਸਬਦੁ ਕਬੀਰਾ ਕਹੈ ॥ ਪੰਡਿਤ ਹੋਇ ਸੋ ਅਨਭੈ ਰਹੈ ॥
ਪੰਡਿਤ ਲੋਗਨਿ ਕਉ ਬਿਉਹਾਰ ॥ ਗਿਆਨਵੰਤ ਕਉ ਤਤ ਬੀਚਾਰ ॥
ਜਾਕੈ ਜੀਅ ਜੈਸੀ ਬੁਧਿ ਹੋਇ ॥ ਕਹਿ ਕਬੀਰ ਜਾਨੈਗਾ ਸੋਈ ॥

(ਆਦਿ ਗਰੰਥ, ਪੰਨਾ 343)



ਸਨਾਤਨੀ ਕਾਵਿ-ਪਰੰਪਰਾ ਅਤੇ ਕਾਵਿ-ਸ਼ਾਸਤਰ ਤੋਂ ਗੁਰਬਾਣੀ ਦੇ ਸੁਚੇਤ ਵਿਦਰੋਹ ਦਾ ਇਕ ਪ੍ਰਮਾਣ ਇਹ ਹੈ ਕਿ ਇਸ ਵਿਚ ਪ੍ਰਚਲਿਤ ਕਾਵਿ-ਰੂਪਾਂ, ਕਾਵਿ-ਭੇਦਾਂ ਅਤੇ ਕਾਵਿ-ਸ਼ੈਲੀਆਂ ਦਾ ਅੰਧਾ-ਧੁੰਦ ਅਨੁਕਰਣ ਨਹੀਂ ਹੋਇਆ। ਗੁਰਬਾਣੀ ਵਿਚ ਪ੍ਰਚਲਿਤ ਕਾਵਿ-ਰੂਪਾਂ ਅਤੇ ਸਨਾਤਨੀ ਕਾਵਿ-ਪਰੰਪਰਾ ਦੁਆਰਾ ਮਰਿਯਾਦਾਤ ਕਾਵਿ-ਰੀਤੀਆਂ ਦਾ ਜਾਂ ਤਾਂ ਤਿਆਗ ਹੋਇਆ ਜਾਂ ਉਹਨਾਂ ਦਾ ਨਵੀਆਂ ਸਮਾਜਕ-ਕਦਰਾਂ ਮੁਤਾਬਕ ਰੂਪਾਂਤਰਣ ਹੋਇਆ ਹੈ। ਪ੍ਰਮਾਣ ਵਜੋਂ ਗੁਰਬਾਣੀ ਵਿਚ ਆਏ ਵਾਰ ਅਤੇ ਬਾਰਹਮਾਹ ਆਦਿ ਲੋਕ ਕਾਵਿ-ਰੂਪਾਂ ਦਾ ਵਿਵੇਚਨ ਕੀਤਾ ਜਾ ਸਕਦਾ ਹੈ। ਕਾਵਿ-ਸਿਰਜਨਾ ਦੇ ਖੇਤਰ ਵਿਚ ਗੁਰੂ ਸਾਹਿਬਾਨ ਨੇ ਇਕ ਤਾਂ ਸਨਾਤਨੀ ਕਾਵਿ-ਪਰੰਪਰਾ ਦੇ ਦੁਹਰਾਉ ਦੀ ਥਾਂ ਲੋਕ ਕਾਵਿਕ-ਪਰੰਪਰਾ ਨੂੰ ਆਪਣੇ ਪ੍ਰਗਟਾ ਦਾ ਮਾਧਿਅਮ ਬਣਾਇਆ ਅਤੇ ਦੂਜੇ ਲੋਕ-ਕਾਵਿ-ਰੂਪਾਂ, ਲੋਕ-ਕਾਵਿ-ਧੁਨਾਂ ਅਤੇ ਲੋਕ-ਛੰਦਾਂ ਆਦਿ ਦੀ ਵਰਤੋਂ ਸਮੇਂ ਨਵੀਆਂ ਸਮਾਜਕ ਲੋੜਾਂ ਮੁਤਾਬਕ ਉਹਨਾਂ ਵਿਚ ਵਿਚ ਵੀ ਰਚਨਾਤਮਿਕ ਪਰਿਵਰਤਨ ਕੀਤਾ।

ਮੱਧਕਾਲੀਨ ਪੰਜਾਬੀ ਰਹੱਸਵਾਦੀ ਕਵੀਆਂ ਦੁਆਰਾ 'ਪੁਸਤਕੀ ਕਲਚਰ' ਦਾ ਨਕਾਰਨ ਅਤੇ ਦੇਸ਼-ਕਾਲ ਬੱਝੇ ਅਨੁਭਵ ਨੂੰ ਕਾਵਿ ਦਾ ਸਿਰਜਨ ਸਰੋਤ ਮੰਨਣ ਦੀ ਧਾਰਨਾ, ਕਵਿਤਾ ਨੂੰ ਧੁਰੋਂ ਪ੍ਰਾਪਤ ਸ਼ਾਸ਼ਤਰ ਮੰਨਣ ਦੀ ਥਾਂ ਕਵੀ ਦੀ ਆਂਤਰਿਕ ਪ੍ਰੇਰਨਾ ਅਤੇ ਭੋਗੇ-ਭੁਗਤੇ ਅਨੁਭਵ ਦੇ ਪ੍ਰਗਟਾਵੇ ਦੀ ਅਭਿਲਾਖਾ ਦਾ ਸਿੱਟਾ ਮੰਨਣਾ, ਕਵਿਤਾ ਨੂੰ ਕੋਰੀ ਸ਼ਿਲਪ-ਘਾੜਤ ਮੰਨਣ ਦੀ ਰੂਪਵਾਦੀ ਧਾਰਨਾ ਦੇ ਵਿਪਰੀਤ ਕਾਵਿ-ਸਿਰਜਨਾ ਨੂੰ ਗਿਆਨ-ਸੰਪੰਨ ਕਿਰਿਆ ਵਜੋਂ ਪਰਿਭਾਸ਼ਤ ਕਰਨਾ, ਆਨੰਦ ਦੀ ਥਾਂ ਗਿਆਨ-ਸੰਚਾਰ ਨੂੰ ਕਾਵਿ ਦਾ ਪ੍ਰਯੋਜਨ ਸਵੀਕਾਰ ਕਰਨਾ ਅਤੇ ਕਵੀ ਦੇ ਸਮਾਜਕ ਦਾਇਤਵ ਨੂੰ ਕਵੀ-ਕਰਮ ਦੀ ਲਾਜ਼ਮੀ ਕਸੌਟੀ ਮਿਥਣਾ ਉਹ ਗੁਣ ਹਨ ਜਿਹਨਾਂ ਦੇ ਆਧਾਰ ਉੱਤੇ ਡਾ. ਅਤਰ ਸਿੰਘ, ਕੈਨਿਥ ਬਰਾਂਇੰਟ ਅਤੇ ਸਿਸੁਰ ਕੁਮਾਰ ਦਾਸ ਵਰਗੇ ਚਿੰਤਕ ਮੱਧਕਾਲੀਨ ਪੰਜਾਬੀ ਰਹੱਸ-ਵਾਦੀ ਕਾਵਿ ਦੇ ਕਾਵਿ-ਸ਼ਾਸਤਰ ਨੂੰ ਸੰਸਕ੍ਰਿਤ ਅਤੇ ਫ਼ਾਰਸੀ ਦੇ ਸਨਾਤਨੀ ਕਾਵਿ-ਸ਼ਾਸਤਰ ਦੇ ਵਿਰੋਧ ਵਿਚ ਖੜਾ ਦੇਖਦੇ ਹਨ। ਜਦੋਂ ਸ਼ਾਰਲੋਟ ਵਾਦੇਵਿਲ ਇਹ ਕਹਿੰਦਾ ਹੈ ਕਿ 'ਕਬੀਰ ਨੂੰ ਪਰੰਪਰਾਗਤ ਭਾਰਤੀ ਅਰਥਾਂ ਵਿਚ ਕਵੀ ਨਹੀਂ ਕਿਹਾ ਜਾ ਸਕਦਾ' ਤਾਂ ਉਸ ਦੀ ਦਲੀਲ ਦਾ ਆਧਾਰ ਇਹ ਹੈ ਕਿ ਸਨਾਤਨੀ ਕਾਵਿ-ਸ਼ਾਸਤਰ, ਪਿੰਗਲ ਅਤੇ ਅਲੰਕਾਰ ਸਿਧਾਂਤ ਆਦਿ ਤੋਂ ਕਬੀਰ ਦੀ ਉਦਾਸੀਨਤਾ ਦਾ ਕਾਰਨ, ਉਸਦੀ ਇਹਨਾਂ ਤੋਂ ਅਗਿਆਨਤਾ ਨਹੀਂ, ਸਗੋਂ ਸੁਚੇਤ ਵਿਦਰੋਹ ਹੈ। ਉਸ ਅਨੁਸਾਰ ਕਬੀਰ ਦੇ ਅਭਿਵਿਅੰਜਨ ਦਾ ਰੁੱਖਾਪਣ, ਉਪਮਾਵਾਂ ਦਾ ਹਲਕਾਪਣ ਜਾਂ ਤੁੱਛਤਾ ਸਨਾਤਨੀ ਕਾਵਿ-ਸ਼ਾਸਤਰ ਦੇ ਆਦਿ ਸਰੋਤੇ/ਪਾਠਕ ਨੂੰ ਝੰਜੋੜ ਕੇ ਰੱਖ ਦਿੰਦੀ ਹੈ। (ਹਵਾਲਾ, ਡਾ. ਅਤਰ ਸਿੰਘ, ਸਾਹਿਤ ਸੰਵੇਦਨਾ, ਪੰਨਾ 68) ਸਨਾਤਨੀ ਕਾਵਿ-ਸ਼ਾਸਤਰ ਨਾਲੋਂ ਗੁਰਬਾਣੀ ਦੇ ਕਾਵਿ-ਚਿੰਤਨ ਦੀ ਵਿਲੱਖਣਤਾ ਅਤੇ ਮੌਲਿਕਤਾ ਨੂੰ ਸਮਝਣ ਲਈ ਸਿਸੁਰ ਕੁਮਾਰ ਦਾਸ ਦਾ ਇਹ ਕਥਨ ਦੁਹਰਾਅ ਲੈਣਾ ਉਚਿਤ ਹੈ ਕਿ, "ਜੇ ਭਗਤੀ ਲਹਿਰ ਨੂੰ ਸਨਾਤਨੀ ਬ੍ਰਾਹਮਣਵਾਦ ਦੇ ਵਿਰੋਧ ਵਿਚ ਦੇਖਿਆ ਜਾਏ ਤਾਂ ਮੂਲ ਵਿਰੋਧ ਸ਼ਾਸਤਰੀ ਗਿਆਨ ਤੇ ਅਨੁਭਵ, ਕਰਮਕਾਂਡ ਤੇ ਭਗਤੀ, ਬੁੱਧੀ ਤੇ ਭਾਵਨਾ

ਅਤੇ ਬ੍ਰਾਹਮਣੀ-ਧਰਮਤੰਤਰ ਤੇ ਮਨੁੱਖ ਦੀ ਬਰਾਬਰੀ ਦੇ ਸੰਕਲਪਾਂ ਵਿਚ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਇਸ ਲਹਿਰ ਦੇ ਸਾਹਿਤਕ ਪ੍ਰਗਟਾ ਨੂੰ ਸਨਾਤਨੀ ਤੇ ਅਸਨਾਤਨੀ, ਕੁਲੀਨ ਤੇ ਲੋਕ ਅਤੇ ਸ਼ਾਸਤਰੀ ਅਤੇ ਦੇਸੀ ਦੇ ਵਿਰੋਧ ਜੁੱਟਾਂ ਦੇ ਸੰਦਰਭ ਵਿਚ ਹੀ ਦੇਖਿਆ ਜਾ ਸਕਦਾ ਹੈ (Journal of Medieval Indian Literature, Sep 1977 P.16)

ਮੱਧਕਾਲੀਨ ਪੰਜਾਬ ਦੇ ਵਿਸ਼ੇਸ਼ ਇਤਿਹਾਸਕ ਸੰਦਰਭ ਵਿਚ ਜਿਸ ਤਰ੍ਹਾਂ ਸਿੱਖ/ਭਗਤੀ ਅਤੇ ਸੂਫ਼ੀ ਲਹਿਰ ਨੇ ਕੁਲੀਨ ਅਤੇ ਪੁਜਾਰੀ ਵਰਗਾਂ ਦੇ ਵਿਚਾਰਧਾਰਕ ਆਡੰਬਰ ਦਾ ਸੁਚੇਤ ਵਿਰੋਧ ਕਰਦਿਆਂ ਹੋਇਆਂ ਲੋਕ-ਹਿਤ ਦੇ ਪੈਂਤੜੇ ਤੋਂ ਨਵੇਂ ਸਭਿਆਚਾਰਕ ਮੁੱਲਾਂ ਦੀ ਸਿਰਜਣਾ ਕੀਤੀ, ਉਸੇ ਤਰ੍ਹਾਂ ਗੁਰਬਾਣੀ ਅਤੇ ਪੰਜਾਬੀ ਸੂਫ਼ੀ ਕਵਿਤਾ ਵਿਚ ਕੁਲੀਨ ਵਰਗ ਦੇ ਕਾਵਿ-ਸ਼ਾਸ਼ਤਰੀ ਚਿੰਤਨ ਦੇ ਵਿਰੋਧ ਵਿਚ ਨਵੇਂ ਸਾਹਿਤਕ ਮਾਨਦੰਡਾਂ ਦੀ ਸਿਰਜਣਾ ਹੋਈ, ਜਿਸ ਨੇ ਪਹਿਲਾਂ ਤੋਂ ਤੁਰੀ ਆਉਂਦੀ ਕਾਵਿ-ਪਰੰਪਰਾ ਅਤੇ ਕਾਵਿ-ਸ਼ਾਸਤਰੀ ਚਿੰਤਨ ਵਿਚ ਇਕ ਇਤਿਹਾਸਕ ਕੱਟ ਦੀ ਮਹੱਤਵਪੂਰਨ ਰਚਨਾਤਮਿਕ ਭੂਮਿਕਾ ਨਿਭਾਈ ਹੈ।

ਸਰਕਾਰੀ ਪੋਸਟ ਗਰੈਜੂਏਟ ਕਾਲਜ
ਸਿਰਸਾ (ਹਰਿਆਣਾ)

○

## ਗ਼ਜ਼ਲ/ਅਜੀਤ ਸਿੰਘ ਆਸ

ਭਰਨੀ ਉਡਾਰ ਆਪਾਂ, ਉੱਡਣਾ ਉਕਾਬ ਵਾਂਗੂ,
ਮੁੜ ਟਹਿਕਣਾ ਹੈ, ਯਾਰੋ ! ਸੱਜਰੇ ਗੁਲਾਬ ਵਾਂਗੂ।

ਗਰਦਸ਼ 'ਚ ਚੰਨ ਤਾਰੇ, ਰੁਕਦਾ ਸਮਾਂ ਨਾ ਕਿਧਰੇ,
ਇਹ ਦਿਨ ਵੀ ਬੀਤ ਜਾਣੇ, ਭੈੜੇ ਖ਼ੁਆਬ ਵਾਂਗੂ।

ਹੱਥਕੜੀਆਂ, ਬੇੜੀਆਂ ਸੰਗ, ਜਕੜੀ ਨਾ ਸੋਚ ਜਾਵੇ,
ਸੱਚ 'ਤੇ ਹੈ ਹੁਸਨ ਚੜ੍ਹਦਾ ਦੱਗਦਾ ਸ਼ਬਾਬ ਵਾਂਗੂ।

ਉਹਨਾਂ ਦੀ ਯਾਦ ਤਾਜ਼ਾ, ਦਿਲ ਵਿਚ ਰਹੇ ਹਮੇਸ਼ਾਂ,
ਜੋ ਯਾਰ ਸਾਥੋਂ ਵਿੱਛੜੇ, ਜਿਹਲਮ, ਚਨਾਬ ਵਾਂਗੂ।

ਇਹ ਕੂੜ ਦਾ ਹਨੇਰਾ, ਇਹ ਧੁੰਦ ਹੈ ਜੋ ਪਸਰੀ,
ਇਸ ਨੇ ਹੈ ਲੋਪ ਹੋਣਾ, ਮੂੰਹ ਤੋਂ ਨਕਾਬ ਵਾਂਗੂ।

ਗੇਟ ਹਕੀਮਾਂ (ਅੰਮ੍ਰਿਤਸਰ)

○



ਕਹਾਣੀ

## ਜ਼ਮਪਰੀ ਵੱਲ ਜਾਂਦਾ ਰਾਹ

ਸੰਤੋਖ ਸਿੰਘ ਧੀਰ

ਕਾਮਰੇਡ ਜੱਸਾ ਸਿੰਘ ਦੀ ਪਿੰਡ ਵਿਚ ਛੋਟੀ ਜਿਹੀ ਵੈਦਕ ਦੀ ਦੁਕਾਨ ਸੀ। ਬੰਦਾ ਬਹੁਤ ਚੰਗਾ ਸੀ। ਜਨਮ ਤਾਂ ਪੰਜਾਬ ਦੇ ਕਿਸਾਨ ਘਰ ਵਿਚ ਹੋਇਆ ਸੀ, ਪਰ ਉਸਦਾ ਆਪਣਾ ਰਹਿਣ-ਸਹਿਣ ਮਹਾਜਨਾਂ ਜਿਹਾ ਬਹੁਤਾ ਸੀ। ਗੋਲ਼ ਪੱਗ ਬੰਨ੍ਹਦਾ ਤੇ ਸਾਦਾ ਅਤੇ ਸਾਫ਼ ਜਿਹਾ ਕਮੀਜ਼-ਪਜਾਮਾ ਪਹਿਨਦਾ। ਉਤੇ ਵਾਸਕਟ ਹੁੰਦੀ ਸੀ—ਬੰਦ ਗਲੇ ਦੀ ਵਾਸਕਟ। ਸਰਦੀਆਂ ਵਿਚ ਬੰਦ ਗਲ ਦਾ ਲੰਮਾ ਕੋਟ ਪਹਿਨਦਾ। ਬੋਲ ਬੜਾ ਧੀਮਾ ਸੀ। ਜੱਟਪੁਣਾ ਤਾਂ ਉਸਦੇ ਬੋਲ ਵਿਚ ਉੱਕਾ ਹੈ ਹੀ ਨਹੀਂ ਸੀ। ਪਹਿਲੇ ਸਮੇਂ ਦੀਆਂ ਸੱਤ-ਅੱਠ ਜਮਾਤਾਂ ਪੜ੍ਹਿਆ ਹੋਇਆ ਸੀ। ਸੱਤ-ਅੱਠ ਜਮਾਤਾਂ ਉਦੋਂ ਕਾਫੀ ਮੰਨੀਆਂ ਜਾਂਦੀਆਂ ਸਨ। ਉਰਦੂ ਮਾਧਿਅਮ ਹੁੰਦਾ ਸੀ। ਕਿਤਾਬਾਂ ਬਹੁਤ ਥੋੜ੍ਹੀਆਂ। ਅੱਜ ਵਾਂਗ ਗਧੇ ਦਾ ਲੱਦ ਕਿਤਾਬਾਂ ਨਹੀਂ ਸਨ ਹੁੰਦੀਆਂ ਉਦੋਂ।

ਜ਼ਮੀਨ ਬਹੁਤੀ ਨਹੀਂ ਸੀ। ਇਕ ਭਰਾ ਤੇ ਦੋ ਭੈਣਾਂ ਦਾ ਸਭ ਤੋਂ ਵੱਡਾ ਭਾਈ ਸੀ। ਵੱਡੀ ਭੈਣ ਚੰਗੇ ਵੱਡੇ ਘਰ ਵਿਆਹੀ ਗਈ ਸੀ। ਛੋਟੀ ਸਿੱਧੇ ਸਾਦੇ ਘਰ। ਵੱਡੀ ਦਾ ਪਰਾਹੁਣਾ ਵੱਡੇ ਸ਼ਹਿਰ ਵਿਚ ਵਕੀਲ ਸੀ। ਛੋਟੀ ਵਾਲੇ ਸਿੱਧੇ-ਸਾਦੇ ਖੇਤੀ ਕਰਨ ਵਾਲੇ ਸਨ। ਭਰਾ ਖੇਤੀ ਕਰਦਾ ਸੀ। ਫੇਰ ਫ਼ੌਜ ਵਿਚ ਚਲਾ ਗਿਆ। ਜ਼ਮੀਨ ਹਿੱਸੇ-ਠੇਕੇ ਉਤੇ ਆਪਣੇ ਭਾਈਚਾਰੇ ਵਿਚੋਂ ਹੀ ਕਿਸੇ ਨੂੰ ਦੇ ਦਿੱਤੀ ਗਈ। ਆਪ ਤਾਂ ਕਦੇ ਹੱਲ ਦੀ ਹੱਥੀ ਫੜਕੇ ਦੇਖੀ ਹੀ ਨਹੀਂ ਸੀ। ਪੜ੍ਹਾਈ ਛੱਡਦੇ ਸਾਰ ਹੀ ਉਹ ਕਿਸੇ ਨੇੜੇਂ ਦੇ ਵੈਦ ਕੋਲ ਹੀ ਵੈਦਕ ਸਿੱਖਣ ਲੱਗ ਪਿਆ। ਹੁਣ ਉਹ ਆਪਣੇ ਪਿੰਡ ਵਿਚ ਹੀ ਛੋਟੀ ਜਿਹੀ ਵੈਦਕ ਦੀ ਦੁਕਾਨ ਕਰਦਾ ਹੁੰਦਾ ਸੀ। ਪਿੰਡ ਵਾਲੇ ਲੋਕਾਂ ਲਈ ਉਹ ਵੈਦ-ਹਕੀਮ ਦੋਵੇਂ ਹੀ ਸੀ। ਕੋਈ ਵੈਦ ਆਖਦਾ, ਕੋਈ ਹਕੀਮ ਆਖ ਦਿੰਦਾ।

ਅਜੇ ਤੱਕ ਉਹ ਸਿੱਧਾ-ਸਾਦਾ ਤੇ ਇਕ ਆਮ ਜਿਹਾ ਬੰਦਾ ਹੀ ਸੀ। ਉਂਜ ਤਾਂ ਸਿਆਣਾ ਸੀ, ਪਰ ਰਾਜਨੀਤਕ ਸੂਝ-ਬੂਝ ਉਸਨੂੰ ਕੋਈ ਵੀ ਨਹੀਂ ਸੀ। ਪੱਛਮ ਦੀ ਹਵਾ ਹੈ ਤਾਂ ਪੂਰਬ ਵੱਲ ਨੂੰ ਤੁਰ ਪਏ, ਪੂਰਬ ਦੀ ਹਵਾ ਹੈ ਤਾਂ ਪੱਛਮ ਵੱਲ ਨੂੰ ਉੱਡ ਪਏ। ਜਾਣਾ ਚਾਹੀਦਾ ਕਿੱਧਰ ਹੈ ? ਅਜੇ ਉਸਨੂੰ ਇਸ ਗੱਲ ਦਾ ਕੋਈ ਵੀ ਪਤਾ ਨਹੀਂ ਸੀ। ਹਾਂ, ਸਿੱਖ ਹੋਣ ਕਰਕੇ, ਸਿੱਖ ਗੁਰੂ ਸਾਹਿਬਾਨ ਉਹਨੂੰ ਚੰਗੇ ਲੱਗਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਉਤੇ ਕੁਝ ਵੀ ਨਹੀਂ ਸੀ। ਸਿੱਖੀ ਸਭ ਤੋਂ ਉੱਚੀ ਸੀ।

ਨਹਿਰੂ ਅਤੇ ਗਾਂਧੀ ਦੀ ਵੀ ਉਸਦੇ ਦਿਲ ਵਿਚ ਇੱਜ਼ਤ ਸੀ। ਉਹ ਜੇਲ੍ਹਾਂ ਕੱਟ ਰਹੇ ਅਤੇ ਦੇਸ਼ ਲਈ ਲੜ ਰਹੇ ਸਨ।

1947 ਵਿਚ ਉਹ ਮੁਸਲਮਾਨਾਂ ਨੂੰ ਮਾਰਨ ਲਈ ਵੀ ਅੱਗੇ-ਅੱਗੇ ਹੋ ਤੁਰਿਆ ਸੀ। ਤੁਰਦਾ ਭਾਵੇਂ ਅੱਗੇ ਸੀ, ਪਰ ਅਸਲ ਵਿਚ ਉਹ ਉਸ ਹਵਾ ਦੇ ਪਿੱਛੇ ਲੱਗਾ ਹੋਇਆ ਸੀ

ਜੋ ਉਹਨੀਂ ਦਿਨੀਂ ਵਗ ਰਹੀ ਸੀ । ਇਹ ਹਵਾ ਕੀ ਸੀ ? ਉਹ ਸਮਝ ਨਹੀਂ ਸਕਿਆ ਸੀ । ਬਥੇਰੇ ਨੇਕ ਇਨਸਾਨ ਸਨ ਜੋ ਉਹਨੀਂ ਦਿਨੀਂ ਇਸ ਹਵਾ ਨੂੰ ਸਮਝ ਨਹੀਂ ਸਨ ਸਕੇ ਤੇ ਪਿੱਛੇ ਲੱਗੇ ਹੋਏ ਸਨ । ਕਿਉਂਕਿ ਉਹ ਸਿਰਫ਼ ਨੇਕ ਇਨਸਾਨ ਸਨ, ਸਮਝਦਾਰ ਨਹੀਂ ਸਨ । ਇਸ ਲਈ ਉਹ ਉਸ ਹਵਾ ਨੂੰ ਠੀਕ ਸਮਝ ਰਹੇ ਸਨ ।

ਤੀਹ ਕੁ ਵਰ੍ਹੇ ਦੀ ਉਮਰ ਸੀ ਜੱਸਾ ਸਿੰਘ ਵੈਦ ਦੀ ਉਦੋਂ । ਜਦੋਂ ਹਵਾ ਥੰਮੀ ਤਾਂ ਉਹਨੂੰ ਜਿਵੇਂ ਸਾਰਾ ਕੁਝ ਇਹ ਬਹੁਤ ਹੀ ਗ਼ਲਤ ਜਾਪਿਆ । ਇਹ ਤਾਂ ਠੀਕ ਨਹੀਂ ਸੀ। ਨਿਰੀ ਭੂਤਾਂ ਦੀ ਖੇਡ ਸੀ । ਗੁਰੂ ਸਾਹਿਬ ਤਾਂ ਇਸਦੀ ਕਿਤੇ ਉੱਕਾ ਹੀ ਨਹੀਂ ਆਗਿਆ ਦਿੰਦੇ। ਬਹੁਤ ਮਾੜੀ ਗੱਲ ਸੀ ਇਹ । ਬਹੁਤ ਮਾੜੀ—ਬਹੁਤ ਮਾੜੀ । ਪਰ ਇਹ ਬਹੁਤ ਮਾੜੀ ਗੱਲ ਦੋਵੇਂ ਪਾਸੇ ਹੀ ਹੋਈ ਸੀ । ਏਧਰ ਮੁਸਲਮਾਨ ਤੇ ਉਧਰ ਪਾਕਿਸਤਾਨ ਵਿਚ ਇਸੇ ਤਰ੍ਹਾਂ ਹਿੰਦੂ ਸਿੱਖ ਕਤਲ ਕੀਤੇ ਗਏ ਸਨ । ਗੀਤਾ, ਕੁਰਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਕੋਈ ਨਹੀਂ ਸੀ ਬਹੁੜਿਆ । ਨਾ ਕਿਤੇ ਅੱਲਾ ਸੀ, ਨਾ ਈਸ਼ਵਰ, ਨਾ ਵਾਹਿਗੁਰੂ । ਬੱਸ ਖ਼ੂਨ ਹੀ ਖ਼ੂਨ ਸੀ । ਇਸ ਖ਼ੂਨ ਵਿਚ ਸਾਰਾ ਕੁਝ ਲਥ-ਪਥ ਹੋ ਚੁੱਕਾ ਸੀ :

1951 ਸੀ । ਸਰਦੀਆਂ ਦੀ ਇਕ ਸ਼ਾਮ । ਦੋ ਕਿ ਤਿੰਨ ਕਾਮਰੇਡ ਸ਼ਹਿਰੋਂ ਪਿੰਡ ਆਏ ਤੇ ਜਲਸੇ ਲਈ ਮੁਨਾਦੀ ਕੀਤੀ । ਵੈਦ ਜੱਸਾ ਸਿੰਘ ਕੋਲੋਂ ਲਾਲਟੈਣ ਮੰਗੀ ਗਈ । ਇਕ ਕੁਰਸੀ, ਇਕ ਮੇਜ਼ । ਜਲਸੇ ਦੀ ਸਮਾਪਤੀ ਉਤੇ ਕਾਮਰੇਡ ਆਪੋ ਵਿਚ ਗੱਲਬਾਤ ਕਰ ਰਹੇ ਸਨ । "ਚੱਲੀਏ ਕਿ ਰਹੀਏ ?" ਪਿੰਡ ਵਿਚ ਕਿਸੇ ਨਾਲ ਕੋਈ ਬਹੁਤੀ ਵਾਕਫ਼ੀ ਨਹੀਂ ਸੀ । ਰਾਤ ਡੂੰਘੀ ਹੋ ਚੁੱਕੀ ਸੀ । ਵੈਦ ਜੱਸਾ ਸਿੰਘ ਨੇ ਗੱਲਬਾਤ ਸੁਣੀ ਤਾਂ ਕਾਮਰੇਡਾਂ ਨੂੰ ਆਪਣੇ ਕੋਲ ਹੀ ਰਹਿ ਜਾਣ ਲਈ ਆਖਿਆ । ਕਾਮਰੇਡ ਉਹਨੂੰ ਕੁਝ ਚੰਗੇ ਬੰਦੇ ਵੀ ਜਾਪੇ ਸਨ । ਬੋਲੇ ਵੀ ਕਾਫ਼ੀ ਚੰਗਾ ਸਨ । ਪੁਲਿਸ ਦੇ ਖ਼ਿਲਾਫ਼, ਮਹਿੰਗਾਈ ਦੇ ਖ਼ਿਲਾਫ਼, ਏਥੋਂ ਤੱਕ ਕਿ ਨਹਿਰੂ ਦੇ ਖ਼ਿਲਾਫ਼ ਵੀ ਉਹ ਬੋਲੇ ਸਨ ।

ਇਕ ਗੱਲ ਉਹਨੂੰ ਬੜੀ ਅਲੋਕਾਰ ਜਿਹੀ ਲੱਗੀ ਸੀ । ਉਹ ਵਾਰ-ਵਾਰ ਕਹਿੰਦੇ ਸਨ : "ਲੋਕਾਂ ਦੀ ਖ਼ਰੀਦ-ਸ਼ਕਤੀ ।" ਇਹ ਖ਼ਰੀਦ-ਸ਼ਕਤੀ ਕੀ ? ਸ਼ਕਤੀਆਂ ਤਾਂ ਹੁੰਦੀਆਂ ਹਨ, ਹਨੂਮਾਨ ਦੀ ਸ਼ਕਤੀ, ਦੇਵੀ ਦੀ ਸ਼ਕਤੀ, ਪੀਰਾਂ-ਫ਼ਕੀਰਾਂ ਜਾਂ ਗੁਰੂਆਂ ਦੀ ਸ਼ਕਤੀ, ਪਰ ਇਹ 'ਖ਼ਰੀਦ-ਸ਼ਕਤੀ'......ਜਦੋਂ ਪਤਾ ਲੱਗਾ, ਖ਼ਰੀਦ-ਸ਼ਕਤੀ ਇਹ ਹੈ ਤਾਂ ਉਹਨੂੰ ਕੁਝ ਨਵੀਂ ਜਿਹੀ ਸਮਝ ਦਾ ਇਹਸਾਸ ਹੋਇਆ । ਕਾਹਨੂੰ ਦੱਸੀਆਂ ਜਾਂਦੀਆਂ ਹਨ ਗੁਰਦੁਆਰਿਆਂ-ਮੰਦਰਾਂ ਵਿਚ ਇਹੋ ਜਿਹੀਆਂ ਗੱਲਾਂ । ਬੱਸ, ਘਸੀਆਂ-ਪਿਟੀਆਂ ਜਿਹੀਆਂ ਗੱਲਾ ਕੀਤੀਆਂ ਜਾਂਦੀਆਂ ਹਨ : ਨਾਮ ਜਪੋ—ਨਾਮ ਜਪੋ । ਜਪੀ ਜਾਵੋ ਨਾਮ ਨੂੰ । ਭੁੱਖੇ ਢਿੱਡ ਕੌਣ ਕਿਸੇ ਨਾਮ ਨੂੰ ਜਪ ਸਕਦਾ ਹੈ ? ਧੰਨੇ ਨੂੰ ਹੀ ਪੁੱਛ ਲਵੋ ।

ਅਤੇ ਵੈਦ ਜੱਸਾ ਸਿੰਘ ਉਦੋਂ ਤੋਂ ਹੀ ਕਮਿਊਨਿਸਟ ਪਾਰਟੀ ਵੱਲ ਚਲਾ ਗਿਆ । ਪਹਿਲਾਂ ਹਮਦਰਦ ਬਣਿਆ, ਫੇਰ ਮੈਂਬਰ ਬਣ ਗਿਆ । ਸਿੱਖੀ ਦੀ ਫ਼ਿਲਾਸਫ਼ੀ ਜਾਂ ਸਿੱਖਿਆ ਉਹਨੂੰ ਕਮਿਊਨਿਸਟ ਪਾਰਟੀ ਵਿਚ ਨਜ਼ਰ ਆਈ—ਲਾਲੋਆਂ ਦੀ ਹੋਣ ਕਾਰਣ ।

ਪਿੰਡ ਵਿਚ ਬਰਾਂਚ ਬਣੀ । ਕਾਫ਼ੀ ਲੋਕ ਪਿੰਡ ਵਿਚੋਂ ਹੀ ਉਹਨੇ ਨਾਲ ਜੋੜ ਲਏ ।



ਆਪ ਉਹ ਸਕੱਤਰ ਬਣਿਆ ।

ਕਈ ਘੋਲ ਲੜੇ ਗਏ । 1952, 1957 ਦੇ ਚੋਣਾਂ ਲੜੀਆਂ ਗਈਆਂ । ਖ਼ੁਸ਼-ਹੈਸੀਅਤੀ ਮੋਰਚੇ ਵਿਚ ਬੜਾ ਉਭਾਰ ਆਇਆ ਸੀ । ਪੰਜਾਬ ਵਿਚ ਲਾਲ ਝੰਡਾ ਹੀ ਲਾਲ ਝੰਡਾ ਦਿਸ ਰਿਹਾ ਸੀ । ਇਤਿਹਾਸ ਨੇ ਅਜੇ ਕਈਆਂ ਹੋਰਾਂ ਦੌਰਾਂ ਵਿਚੋਂ ਲੰਘਣਾ ਸੀ ।

ਕੁਲਹਿਣੇ ਦਿਨ ਸ਼ੁਰੂ ਹੋਏ । ਰੂਸ ਅਤੇ ਚੀਨ ਵਿਚ ਵਿਰੋਧ ਪੈਦਾ ਹੋ ਗਏ ਤੇ ਫੇਰ ਹਿੰਦੋਸਤਾਨ ਉਤੇ ਚੀਨ ਦਾ ਹਮਲਾ ਹੋ ਗਿਆ । ਭਾਰਤ ਵਿਚ ਕਮਿਊਨਿਸਟ ਪਾਰਟੀ ਦੁਫਾੜ ਹੋਈ । ਸੀ.ਪੀ.ਆਈ.ਐਮ. ਬਣ ਗਈ । ਕਾਮਰੇਡ ਜੱਸਾ ਸਿੰਘ ਸੀ. ਪੀ. ਆਈ. ਐਮ. ਵੱਲ ਚਲਾ ਗਿਆ । ਸੀ: ਪੀ. ਆਈ. ਵਿਚ ਵੀ ਉਹਦੇ ਦੋਸਤ ਅਤੇ ਮਿੱਤਰ ਸਨ, ਪਰ ਨਵੀਂ ਬਣੀ ਸੀ.ਪੀ.ਆਈ. ਐਮ. ਨੇ ਉਹਦਾ ਮਨ ਖਿੱਚ ਲਿਆ । ਕਿਸਾਨੀ ਕਾਡਰ ਬਹੁਤਾ ਸੀ.ਪੀ.ਆਈ. ਐਮ ਵੱਲ ਹੀ ਗਿਆ ਸੀ । ਵੈਦ ਜੱਸਾ ਸਿੰਘ ਵੀ ਕਿਸਾਨੀ ਕਾਡਰ ਵਿਚੋਂ ਹੀ ਸੀ । ਕਿਸਾਨੀ ਕਾਡਰ ਸੀ. ਪੀ. ਆਈ. ਨੂੰ ਮਤੇ ਹੀ ਪਾਸ ਕਰਨ ਵਾਲੀ ਕਿਤਾਬੀ ਪਾਰਟੀ ਕਹਿੰਦਾ ਸੀ ਜੋ ਚਮੜੀ ਬਚਾਉਂਦੀ ਤੇ ਨਰਮ ਨਾਹਰੇ ਦਿੰਦੀ ਸੀ ਜਦ ਕਿ ਲੋੜ ਭਾਰਤ ਵਿਚ ਹਥਿਆਰਬੰਦ ਘੋਲ ਦੀ ਸੀ । ਕਾਮਰੇਡ ਜੱਸਾ ਸਿੰਘ ਇਸ ਕਾਰਨ ਵੀ ਸੀ.ਪੀ.ਆਈ.ਐਮ, ਵੱਲ ਜਾਣ ਲਈ ਰੁਚਿਤ ਹੋ ਗਿਆ ਸੀ । ਹਥਿਆਰਬੰਦ ਘੋਲ ਭਾਵੇਂ ਲੜਨਾ ਔਖਾ ਹੁੰਦਾ ਹੈ, ਪਰ ਇਸਦੀ ਗੱਲ ਦਿਲਕਸ਼ ਜਿਹੀ ਜ਼ਰੂਰ ਮਨ ਨੂੰ ਲਗਦੀ ਹੈ । ਫੁੱਲਾਂ ਦੀਆਂ ਗੱਲਾਂ ਹੀ ਰੋਮਾਂਸ-ਭਰੀਆਂ ਨਹੀਂ ਹੁੰਦੀਆਂ ਹਨ । ਭਾਵੇਂ ਲਹੂ ਵਗਦਾ ਬੜਾਂ ਹੀ ਕੋਝਾ ਕਿਉਂ ਨਾ ਲਗਦਾ ਹੋਵੇ ।

ਭਾਰਤ ਵਿਚ ਛੇਤੀ ਹੀ ਇਕ ਹੋਰ ਘਟਨਾ ਵਾਪਰ ਗਈ । ਬੰਗਾਲ ਵਿਚ ਨਕਸਲ-ਬਾੜੀ ਲਹਿਰ ਸ਼ੁਰੂ ਹੋ ਗਈ ਸੀ ਤੇ ਇਹ ਲਹਿਰ, ਨਾਲ ਦੀ ਨਾਲ, ਪੰਜਾਬ ਵਿਚ ਪੁੱਜ ਗਈ ਸੀ । ਕਾਮਰੇਡ ਜੱਸਾ ਸਿੰਘ ਹੁਣ ਨਕਸਲਬਾੜੀ ਲਹਿਰ ਦੇ ਪਰਭਾਵ ਵਿਚ ਆ ਗਿਆ ਸੀ । "ਇਹ ਹੈ ਅਸਲੀ ਗੱਲ ! ਸੀ.ਪੀ.ਆਈ.ਐਮ. ਵੀ ਕੁਝ ਨਹੀਂ । ਇਹ ਵੀ ਸੀ. ਪੀ. ਆਈ. ਵਾਲੀ ਹੀ ਲੀਹ ਉਤੇ ਚੱਲ ਰਹੀ ਹੈ । ਕਿੱਥੇ ਗਿਆ ਹਥਿਆਰਬੰਦ ਘੋਲ—ਜਿਸਦਾ ਲਾਰਾ ਦਿੱਤਾ ਸੀ ? ਇਹ ਵੀ ਬੱਸ ਉਸ ਵਾਂਗ ਹੀ ਮਤੇ ਪਾਸ ਕਰ ਰਹੀ ਹੈ । ਇਨਕਲਾਬ ਦਾ ਤੱਤ ਨਹੀਂ । ਨਾ ਇਸ ਵਿਚ, ਨਾ ਉਸ ਵਿਚ ।"

ਕਾਮਰੇਡ ਜੱਸਾ ਸਿੰਘ, ਨਕਸਲਬਾੜੀ ਲਹਿਰ ਵੱਲ, ਅਸਲ ਵਿਚ, ਆਪਣੇ ਪੁੱਤਰ ਕਾਰਨ ਆਇਆ । ਉਸ ਦੇ ਦੋ ਪੁੱਤਰ ਸਨ ਤੇ ਇਕ ਬੜੀ ਸੁਸ਼ੀਲ ਧੀ, ਜੋ ਵੱਡੇ ਨਾਲੋਂ ਛੋਟੀ ਤੇ ਛੋਟੇ ਨਾਲੋਂ ਵੱਡੀ ਸੀ । ਵੱਡਾ ਪੁੱਤਰ ਬਚਪਨ ਤੋਂ ਹੀ ਬੜੀ ਅਦੁੱਤੀ ਸਮਝ ਵਾਲਾ ਹੋਣਹਾਰ ਤੇ ਲਾਇਕ ਸੀ । ਪਰ ਛੋਟਾ ਪੁੱਤਰ ਬਚਪਨ ਤੋਂ ਹੀ ਥੋੜਾ ਜਿਹਾ ਉਲਾਰ ਸੀ । ਥੋੜਾ ਨਹੀਂ, ਕਾਫੀ ਸਗੋਂ । ਛੋਟਾ ਹੁੰਦਾ ਥੁੱਕਣ ਲਗਦਾ ਤਾਂ ਥੁੱਕਦਾ ਹੀ ਚਲਿਆ ਜਾਂਦਾ । ਵੱਡਾ ਬੜਾ ਸਹਿਜ ਸੀ । ਉਸਦੇ ਮਨ ਦੀ ਡੰਡੀ ਆਪਣੇ ਨੁਕਤੇ ਵੱਲ ਨੂੰ ਸਾਵੀਂ ਰਹਿੰਦੀ ।

ਉਸਨੂੰ ਪੜ੍ਹਨ ਦਾ ਸ਼ੌਕ ਸੀ । ਆਮ ਕਿਤਾਬਾਂ ਪੜ੍ਹਨ ਦਾ । ਕਾਮਰੇਡ ਜੱਸਾ ਸਿੰਘ ਪਿੰਡ ਦਾ ਸਰਪੰਚ ਸੀ । ਪੰਚਾਇਤ ਦੀ ਲਾਇਬਰੇਰੀ ਉਹਦੇ ਘਰ ਹੀ ਪਈ ਹੁੰਦੀ ਸੀ । ਪੰਜਵੀਂ, ਛੇਵੀਂ ਪੜ੍ਹਦਿਆਂ ਹੀ ਉਹਨੂੰ ਆਮ ਕਿਤਾਬਾਂ ਪੜ੍ਹਨ ਦੀ ਚੇਟਕ ਜਿਹੀ ਲੱਗ ਗਈ

ਸੀ। ਅੱਠਵੀਂ ਤੱਕ ਉਹਨੇ ਸਾਰੀ ਲਾਇਬਰੇਰੀ ਪੜ੍ਹ ਦਿੱਤੀ ਸੀ।

ਅੱਗੇ ਵਧ੍ਹ ਲੇਖਕ ਉਹਨੂੰ ਬਹੁਤ ਚੰਗੇ ਲਗਦੇ ਸਨ। ਗੁਰਬਖਸ਼ ਸਿੰਘ, ਮੋਹਨ ਸਿੰਘ, ਸੇਖੋਂ, ਸੁਜਾਨ ਸਿੰਘ। ਹੋਰ ਵੱਡਾ ਹੋਇਆ ਤਾਂ ਮਾਰਕਸਵਾਦ ਪੜ੍ਹਨ ਲੱਗਾ। ਕਾਲਜ ਵਿਚ ਗਿਆ ਤਾਂ ਨਕਸਲਬਾੜੀ ਲਹਿਰ ਦੇ ਪਰਭਾਵ ਹੇਠ ਆ ਗਿਆ। ਮਾਰਕਸ ਅਤੇ ਲੈਨਿਨ ਨਾਲ ਉਹ ਮਾਓ ਨੂੰ ਵੀ ਪੜ੍ਹਨ ਲੱਗਾ। ਇਹਨੀਂ ਦਿਨੀਂ "ਲਾਲ ਕਿਤਾਬ" ਬਹੁਤ ਹੀ ਪੜ੍ਹੀ ਜਾਂਦੀ ਸੀ। ਉਹਨੇ "ਲਾਲ ਕਿਤਾਬ" ਹੀ ਨਹੀਂ, ਲਗਭਗ ਸਾਰਾ ਮਾਓ ਪੜ੍ਹਿਆ। ਕਾਮਰੇਡ ਜੱਸਾ ਸਿੰਘ ਨੂੰ ਆਪਣਾ ਪੁੱਤਰ ਠੀਕ ਲਗਿਆ। ਪੁੱਤਰ, ਪਹਿਲਾਂ ਬਾਪ ਰਾਹੀਂ ਕਮਿਊਨਿਸਟ ਬਣਿਆ ਸੀ, ਬਾਪ, ਫੇਰ ਪੁੱਤਰ ਰਾਹੀਂ ਨਕਸਲਬਾੜੀ ਬਣ ਗਿਆ। ਝੰਡਾ ਭਾਵੇਂ ਉਹੀਓ ਸੀ; ਦਾਤੀ ਅਤੇ ਹਥੌੜੇ ਵਾਲਾ; ਕਿਸੇ ਵਿਚ ਇਕ ਤਾਰਾ ਫ਼ਾਲਤੂ ਪੈ ਜਾਂਦਾ ਸੀ, ਕਿਸੇ ਵਿਚ ਦੋ ਜਾਂ ਤਿੰਨ।

ਵੱਡਾ ਪੁੱਤਰ ਕਾਲਜਾਂ-ਸਕੂਲਾਂ ਵਿਚ ਪੜ੍ਹਿਆ ਸੀ, ਛੋਟਾ ਬੜੀ ਮੁਸ਼ਕਿਲ ਨਾਲ ਪੰਜ-ਚਾਰ ਜਮਾਤਾਂ ਹੀ। ਵੱਡਾ, ਲੀਡਰ ਬਣ ਗਿਆ; ਛੋਟਾ ਕਿਸੇ ਵਰਕਸ਼ਾਪ ਵਿਚ ਟਰੈਕਟਰ-ਮਕੈਨਕੀ ਦਾ ਕੰਮ ਸਿੱਖਣ ਲੱਗ ਪਿਆ। ਦੋਹਾਂ ਵਿਚ ਧਰਤੀ ਅਤੇ ਆਕਾਸ਼ ਜੇਡਾ ਫ਼ਰਕ ਸੀ। ਇਹ ਫ਼ਰਕ ਅੱਗੇ ਜਾ ਕੇ ਹੋਰ ਵੀ ਉਜਾਗਰ ਹੋਇਆ।

ਵੱਡਾ ਨਕਸਲਬਾੜੀ ਸੀ; ਨਕਸਲਬਾੜੀ ਆਗੂ ਸੀ, ਉਹਨੇ ਇਕ ਮਾਸਕ ਪੱਤਰ ਜਾਰੀ ਕੀਤਾ ਹੋਇਆ ਸੀ ਤੇ ਉਸਦਾ ਆਪ ਸੰਪਾਦਕ ਸੀ। ਪਰ ਛੋਟਾ......ਛੋਟਾ ਬੜੇ ਹੀ ਗ਼ਲਤ ਰਾਹ ਵੱਲ ਫਿਸਲ ਚੁੱਕਾ ਹੋਇਆ ਸੀ ਅਤੇ ਉਹ ਖ਼ਾਲਿਸਤਾਨੀ ਸੋਚ ਦਾ ਧਾਰਨੀ ਬਣ ਚੁੱਕਾ ਸੀ। ਜ਼ਮੀਨ-ਅਸਮਾਨ ਦਾ ਫ਼ਰਕ ਸੀ। ਇਕ ਧਰਮ-ਆਧਾਰਤ ਰਾਜ ਦਾ ਹਾਮੀ ਬਣਿਆ ਹੋਇਆ ਸੀ, ਦੂਜਾ ਉਸਨੂੰ ਕੱਟਣ ਵਾਲਾ ਤੇ ਉਸਦਾ ਨੁਕਤਾਚੀਨ ਸੀ। ਇਕ ਨੇ ਲੰਮਾ ਚੋਲਾ ਪਹਿਨ ਕੇ ਮੋਢੇ ਉਤੇ ਏ. ਕੇ. ਸੰਤਾਲੀ ਰੱਖ ਲਈ ਸੀ, ਦੂਜੇ ਨੇ ਦਲੀਲਾਂ ਵਾਲੀ ਕਲਮ ਫੜੀ ਹੋਈ ਸੀ। ਦੋਵੇਂ ਇਕ-ਦੂਜੇ ਦੇ ਵਿਰੋਧ ਵਿਚ ਖਲੋਤੇ ਸਨ। ਮਾਂ ਇਕ, ਬਾਪ ਇਕ, ਪਰ ਦਿਸ਼ਾਵਾਂ ਵੱਖੋ ਵੱਖ। ਗੱਲ ਇਹ ਅਲੋਕਾਰ ਵੀ ਨਹੀਂ। ਇਤਿਹਾਸ ਵਿਚ ਬਥੇਰੀਆਂ ਮਿਸਾਲਾਂ ਇਹੋ ਜਿਹੀਆਂ ਹਨ। ਗੁਰੂ ਅਰਜਨ ਦੇਵ ਸਾਹਿਬ ਕਿਸੇ ਹੋਰ ਪਾਸੇ ਸਨ, ਪਿਰਥੀ ਚੰਦ, ਉਹਨਾਂ ਦਾ ਭਰਾ, ਕਿਸੇ ਹੋਰ ਪਾਸੇ। ਚੰਦੂ ਲਾਲ ਹੋਰ ਪਾਸੇ, ਉਹਨਾਂ ਦੀ ਨੂੰਹ ਹੋਰ ਪਾਸੇ। ਪ੍ਰਹਿਲਾਦ ਹੋਰ ਪਾਸੇ ਹੈ, ਹਿਰਨਾਕਸ਼ ਹੋਰ ਪਾਸੇ। ਖ਼ੂਨ ਭਾਵੇਂ ਇਕੋ ਹੈ, ਪਰ ਵਿਚਾਰ ਖ਼ੂਨ ਨੂੰ ਇਕ ਨਹੀਂ ਰਹਿਣ ਦਿੰਦੇ। ਖ਼ੂਨ ਵੰਡ ਹੋ ਜਾਂਦਾ ਹੈ। ਕੌਰਵ ਅਤੇ ਪਾਂਡਵ ਸਾਰੇ ਆਖ਼ਿਰ ਇਕੋ ਕੁਲ ਹੀ ਸਨ? ਖ਼ੂਨ ਦੀ ਸਾਂਝ ਵੱਡੀ ਨਹੀਂ, ਵੱਡੀ ਸਾਂਝ ਵਿਚਾਰ ਦੀ ਹੈ। ਕਦੇ ਹੋਵੇਗੀ ਖ਼ੂਨ ਦੀ ਸਾਂਝ ਬਹੁਤ ਵੱਡੀ ਤੇ ਅਰਥ-ਭਰਪੂਰ, ਅੱਜ ਨਹੀਂ।

ਕਾਮਰੇਡ ਜੱਸਾ ਸਿੰਘ ਪਰ ਬਹੁਤ ਹੀ ਬੁਰੀ ਤਰ੍ਹਾਂ ਨਾਲ ਇਹਨਾਂ ਸਭ ਸਥਿਤੀਆਂ ਦੇ ਦਵੰਦ ਵਿਚ ਫਸ ਗਿਆ ਸੀ। ਠੀਕ, ਉਸ ਨੂੰ ਠੀਕ ਅਤੇ ਗ਼ਲਤ ਦੀ ਪਹਿਚਾਣ ਸੀ, ਪਰ ਇਸ ਪਹਿਚਾਣ ਦੇ ਹੁੰਦੇ ਹੋਏ ਵੀ, ਕਈ ਵਾਰ ਉਹ ਗ਼ਲਤ ਨੂੰ ਠੀਕ ਤੇ ਠੀਕ ਨੂੰ ਗ਼ਲਤ ਆਖਦਾ। ਭਾਵੇਂ ਉਹਨੂੰ ਮੋਹ-ਵਸ ਇਹ ਆਖਣਾ ਪੈ ਜਾਂਦਾ ਹੁੰਦਾ।



ਬਲੂ-ਸਟਾਰ ਆਪਰੇਸ਼ਨ ਹੋਇਆ। ਆਮ ਸਾਧਾਰਨ ਸਿੱਖਾਂ ਵਿਚ ਬਹੁਤ ਰੋਹ ਪੈਦਾ ਹੋਇਆ। 'ਅਕਾਲ ਤਖ਼ਤ ਢਹਿ ਗਿਆ! —ਅਕਾਲ ਤਖ਼ਤ ਢਾਹਿਆ ਗਿਆ' !! ਤਿੰਨ ਕਿ ਚਾਰ ਦਿਨਾਂ ਪਿਛੋਂ ਕਾਮਰੇਡ ਜੱਸਾ ਸਿੰਘ ਦਾ ਛੋਟਾ ਪੁੱਤਰ, ਹਰਦੇਵ ਸਿੰਘ, ਜੋ ਕੋਠੇ ਉੱਤੇ ਪਿਆ ਸੀ, ਅੱਧੀ ਰਾਤ ਉਠਿਆ ਤੇ ਪਿੰਡ ਵਿਚ ਹਟਵਾਣੀਆਂ ਦੀਆਂ ਹੱਟਾਂ ਅੱਗੇ ਚਲਾ ਗਿਆ। ਇਕ ਗ਼ਰੀਬ ਹੱਟੀ ਵਾਲਾ ਹੱਟੀ ਅੱਗੇ ਪਿਆ ਸੀ। ਤੇਜ਼-ਧਾਰ ਹਥਿਆਰ ਨਾਲ, ਉਹਨੇ, ਉਹਨੂੰ ਸੁੱਤੇ ਪਏ ਨੂੰ ਮੰਜੇ ਉਤੇ ਕਤਲ ਕਰ ਦਿੱਤਾ। ਤਲਵਾਰ, ਜਾਂਦਾ ਹੋਇਆ, ਉਹ ਨਾਲ ਲੈ ਕੇ ਗਿਆ ਸੀ। ਆਰਾਮ ਨਾਲ, ਹਰਦੇਵ ਸਿੰਘ, ਵਾਪਸ ਘਰ ਆਇਆ ਤੇ ਮੰਜੇ ਉਤੇ ਲੇਟ ਗਿਆ। ਹੱਟੀ ਵਾਲਾ ਹਿੰਦੂ ਸੀ। ਇਉਂ ਉਸ ਨੇ ਅਕਾਲ ਤਖ਼ਤ ਦੇ ਢਾਹੁਣ ਦਾ ਬਦਲਾ ਲਿਆ ਸੀ। ਕਿਉਂਕਿ ਬੁੱਧੀ ਏਨੀ ਹੀ ਸੀ, ਇਸ ਲਈ ਉਹ ਇਹ ਗੱਲ ਤਾਂ ਸਮਝ ਹੀ ਨਹੀਂ ਸਕਿਆ ਸੀ ਕਿ ਇਹ ਵਿਚਾਰਾ ਹੱਟੀ ਵਾਲਾ ਤਾਂ ਬਿਲਕੁਲ ਬੇਕਸੂਰ ਸੀ। ਅਕਾਲ ਤਖ਼ਤ ਕਾਲੀਆਂ ਸਿਆਸਤਾਂ ਨੇ ਢਾਹਿਆ ਸੀ। ਇਸ ਵਿਚ ਉਹਦਾ ਵੀ ਹਿੱਸਾ ਸੀ ਜੋ ਇਕ-ਇਕ ਦੇ ਹਿੱਸੇ ਪੈਂਤੀ-ਪੈਂਤੀ ਆਖਦਾ ਹੁੰਦਾ ਸੀ ਤੇ ਬੇਗੁਨਾਹਾਂ ਦੇ ਕਤਲਾਂ ਲਈ ਪ੍ਰੇਰਨਾ ਦਿੰਦਾ ਹੁੰਦਾ ਸੀ; ਅਤੇ ਇਹ ਅਕਾਲ ਤਖ਼ਤ ਵਿਚ ਬੈਠ ਕੇ ਆਖਦਾ ਹੁੰਦਾ ਸੀ; ਅਕਾਲ ਤਖ਼ਤ—ਜਿਹੜਾ ਇਸ ਦੀ ਕਦੇ ਵੀ ਆਗਿਆ ਦਿੰਦਾ ਨਹੀਂ। ਆਖ਼ਰ ਛੇਵੇਂ ਗੁਰੂ ਦਾ ਇਹ ਸਾਜਿਆ ਹੋਇਆ ਤਖ਼ਤ ਸੀ। ਗੁਰੂ ਸਾਹਿਬ ਇਹਨਾਂ ਗੱਲਾਂ ਦੀ ਕਦੋਂ ਆਗਿਆ ਦਿੰਦੇ ਸਨ?

ਖ਼ੂਨ ਛੁਪਦਾ ਨਹੀਂ ਹੈ। ਇਹ ਤਾਂ ਆਪ ਹੀ ਖ਼ੂਨ ਕਰਨ ਵਾਲੇ ਦੇ ਘਰ ਦੇ ਬੂਹੇ ਤੱਕ ਪੁੱਜ ਗਏ ਸਨ। ਕਾਮਰੇਡ ਜੱਸਾ ਸਿੰਘ ਏਥੇ ਪੁੱਤਰ-ਮੋਹ ਦੀਆਂ ਜ਼ੰਜੀਰਾਂ ਵਿਚ ਬੱਝ ਗਿਆ ਸੀ। ਉਹ ਕਹਿੰਦਾ ਸੀ ਕਿ ਖ਼ੂਨ ਦੇ ਛੱਟੇ ਤੇਜ਼-ਧਾਰ ਹਥਿਆਰ ਨਾਲ ਹੀ ਉਸ ਦੇ ਘਰ ਤੱਕ ਨਹੀਂ ਆਏ, ਇਹ ਤਾਂ ਕਿਸੇ ਦੁਸ਼ਮਣ ਨੇ ਹੀ, ਯਤਨ ਨਾਲ, ਉਸ ਦੇ ਘਰ ਤੱਕ ਪਹੁੰਚਦੇ ਕਰ ਦਿੱਤੇ ਹਨ। ਦੁਸ਼ਮਨ ਵੀ ਕੋਈ ਸੀ ਹੀ ਉਸ ਦਾ। ਪਿੰਡ ਵਿਚ ਹਰੀਜਨ ਪੰਚ ਉਸ ਨਾਲ ਸਹਿਮਤ ਹੁੰਦਾ ਸੀ। ਕਿਸੇ ਨਿੱਜੀ ਝਗੜੇ ਵਿਚ ਹਰੀਜਨਾਂ ਹੱਥੋਂ ਹੀ ਉਹ ਕਤਲ ਕਰ ਦਿੱਤਾ ਗਿਆ ਸੀ। ਕਾਮਰੇਡ ਜੱਸਾ ਸਿੰਘ ਨੇ ਕੇਸ ਦੀ ਪੈਰਵੀ ਕੀਤੀ ਤੇ ਕਾਤਲ ਵਿਰੁੱਧ ਗਵਾਹੀ ਦਿੱਤੀ। ਕਾਤਲ ਬਰੀ ਹੋ ਗਿਆ ਸੀ ਭਾਵੇਂ, ਪਰ ਉਸ ਦੇ ਦਿਲ ਵਿਚ ਕਾਮਰੇਡ ਜੱਸਾ ਸਿੰਘ ਲਈ ਰੜਕ ਸੀ। ਕਾਮਰੇਡ ਜੱਸਾ ਸਿੰਘ ਦਾ ਆਮ ਕਹਿਣਾ ਇਹ ਸੀ ਕਿ ਇਹ ਖ਼ੂਨ ਦੇ ਕਤਰੇ, ਉਸ ਬੰਦੇ ਨੇ, ਉਸ ਦੇ ਘਰ ਦੇ ਬੂਹੇ ਤੱਕ ਪਹੁੰਚਾਏ ਸਨ। ਕਿਵੇਂ? ਉਹ ਕਹਿੰਦਾ ਸੀ ਕਿ ਖ਼ੂਨ ਵਿਚ ਲੀਰ ਭਿਉਂ, ਨਿਚੋੜਦਾ, ਉਹ ਉਹਦੇ ਘਰ ਦੇ ਬੂਹੇ ਤੱਕ ਲੈ ਆਇਆ ਸੀ। ਗੱਲ ਕੁਝ ਜਚਦੀ ਨਹੀਂ ਸੀ। ਮੂੰਹ ਉੱਤੇ ਤਾ ਇਸ ਗੱਲ ਨੂੰ ਸਾਰੇ ਮੰਨ ਹੀ ਲੈਂਦੇ ਸਨ, ਪਰ ਉਂਜ ਇਹ ਗੱਲ ਕਿਸੇ ਦੇ ਵੀ ਮਨ ਨੂੰ ਬਹੁਤਾ ਪੋਹੰਦੀ ਨਾ। ਪੁਲਿਸ ਨੇ ਵੀ ਇਸ ਗੱਲ ਨੂੰ ਠੀਕ ਨਹੀਂ ਸੀ ਸਮਝਿਆ। ਭਾਵੇਂ ਉਹ ਬਰੀ ਹੋ ਗਿਆ ਸੀ, ਪਰ ਪੁਲਿਸ ਵਲੋਂ ਉਹਦਾ ਨਾਂ ਕਾਗ਼ਜ਼ਾਂ ਵਿਚ "ਅਤਿਵਾਦੀ" ਕਰਕੇ ਲਿਖ ਲਿਆ ਗਿਆ ਸੀ। ਇਹੀਓ ਗੱਲ ਅੱਗੋਂ ਲਈ ਕਾਮਰੇਡ ਜੱਸਾ ਸਿੰਘ ਲਈ ਦੁੱਖਾਂ

ਦਾ ਕਾਰਨ ਬਣ ਗਈ। ਵਾਰਦਾਤ ਕਿਤੇ ਹੁੰਦੀ, ਵੀਹਾਂ-ਵੀਹਾਂ ਕੋਹਾਂ ਵਿਚ, ਪੁਲਿਸ ਝੱਟ ਹਰਦੇਵ ਸਿੰਘ ਨੂੰ ਫੜਨ ਲਈ ਪਹੁੰਚ ਜਾਂਦੀ ਸੀ। ਕਈ ਵਾਰ ਉਹ ਫੜਿਆ ਵੀ ਗਿਆ, ਪਰ ਛੱਡ-ਛੁਡਾ ਵੀ ਦਿੱਤਾ ਜਾਂਦਾ। ਕਦੇ ਪਿੰਡ ਵਾਲਿਆਂ ਦੇ ਆਖੇ ਛੱਡ ਦਿੱਤਾ ਜਾਂਦਾ, ਕਦੇ ਕਿਸੇ ਕਾਂਗਰਸੀ ਜਾਂ ਕਿਸੇ ਅਕਾਲੀ ਆਗੂ ਦੇ ਆਖੇ।

ਕਾਮਰੇਡ ਜੱਸਾ ਸਿੰਘ ਦੇ ਜਿਵੇਂ ਇਕ ਮੁਸੀਬਤ ਜਿਹੀ ਸਦਾ ਲਈ ਗੱਲ ਪੈ ਗਈ ਸੀ। ਜਿਨ੍ਹਾਂ ਲੋਕਾਂ ਨੂੰ ਸਦਾ ਹੀ ਉਹ ਨਾ-ਪਸੰਦ ਕਰਦਾ ਰਿਹਾ, ਉਹਨਾਂ ਦੀ ਮਿੰਨਤਦਾਰੀ ਉਸ ਨੂੰ ਕਰਨੀ ਪੈਂਦੀ ਹੁੰਦੀ। ਅਤਿਵਾਦ-ਵੱਖਵਾਦ ਦਾ ਆਪ ਉਹ ਵਿਰੋਧੀ ਸੀ। ਸਾਰੀ ਉਮਰ ਫਿਰਕਾਪ੍ਰਸਤੀ ਦੇ ਵਿਰੁੱਧ ਜੂਝਦਾ ਰਿਹਾ ਸੀ। ਪੰਜਾਬ ਵਿਚ ਸਿੱਖ-ਫਿਰਕਾਪ੍ਰਸਤੀ ਨਾਲ ਹੀ ਮੱਥਾ ਸੀ? ਪਰ ਉਸ ਦਾ ਆਪਣਾ ਪੁੱਤਰ ਹੀ ਅੱਜ ਉਸ ਰਾਹ ਪੈ ਗਿਆ ਸੀ ਜੋ ਕਿਵੇਂ ਵੀ ਠੀਕ ਨਹੀਂ ਸੀ। ਕਦੇ-ਕਦੇ ਉਸ ਨੂੰ ਬੜੀ ਹੀਣਤ ਜਿਹੀ ਮਹਿਸੂਸ ਹੁੰਦੀ।

ਪਿੰਡ ਵਿਚ ਉਸ ਹੱਟੀ ਵਾਲੇ ਦੇ ਕਤਲ ਹੋਣ ਮਗਰੋਂ ਹਰਦੇਵ ਸਿੰਘ ਨੇ ਮੋਟੇ ਕੜੇ ਤੇ ਲੰਮਾ ਚੋਲਾ ਪਹਿਨ ਲਿਆ ਅਤੇ ਨਿਹੰਗ ਬਣ ਗਿਆ। ਹੁਣ ਉਹ ਆਪਣੇ ਆਪ ਨੂੰ "ਬਾਬਾ" ਵੀ ਅਖਵਾਉਂਦਾ ਸੀ ਤੇ "ਭਾਈ" ਵੀ ਅਖਵਾਉਂਦਾ ਸੀ। 'ਨਿਹੰਗ ਹਰਦੇਵ ਸਿੰਘ' ਤਾਂ ਭਲਾ ਆਮ ਹੀ ਉਸ ਨੂੰ ਕਹਿੰਦੇ ਸਨ। ਇਸ ਤੋਂ ਬਿਨਾਂ ਉਹ "ਸਿੰਘ" ਵੀ ਸੀ। ਏ. ਕੇ. ਸੰਤਾਲੀ ਵੀ ਇਕ ਉਹਦੇ ਹੱਥ ਆ ਗਈ ਸੀ। ਇਹਨਾਂ ਗੱਲਾਂ ਦੇ ਨਸ਼ੇ ਵਿਚ ਉਹ ਆਪਣੇ ਆਪ ਨੂੰ ਧਰਤੀ ਤੋਂ ਕੁਝ ਉੱਤੇ-ਉੱਤੇ ਸਮਝਦਾ ਸੀ। ਪਰ ਕਾਮਰੇਡ ਜੱਸਾ ਸਿੰਘ ਨੂੰ ਇਹ ਗੱਲ ਕੋਈ ਬਹੁਤੀ ਜਿਵੇਂ ਜੱਚਦੀ ਜਿਹੀ ਨਹੀਂ ਸੀ। ਕਾਹਦਾ "ਬਾਬਾ" ਤੇ ਕਾਹਦਾ "ਭਾਈ"? ਇਹ ਵੀ ਰਸਤਾ ਹੈ? ਇਹ ਰਾਹ ਤਾਂ ਸਿੱਧਾ ਜਮ ਦੀ ਪੁਰੀ ਵੱਲ ਨੂੰ ਜਾਂਦਾ ਹੈ—ਅੰਨ੍ਹੀ ਤੇ ਭੀੜੀ ਗਲੀ ਵੱਲ! ਪਰ ਉਹ ਬਿਲਕੁਲ ਬੇਵਸ ਸੀ। ਸਗੋਂ ਉਹ ਕਿਸੇ ਮੋਹ ਦਾ ਧੂਹਿਆ, ਕਦੇ-ਕਦੇ, ਉਹ ਉਸ ਦੀ ਗ਼ਲਤ ਹਮਾਇਤ ਵੀ ਕਰਨ ਤੱਕ ਜਾਂਦਾ ਸੀ। ਕਦੇ-ਕਦੇ ਨਹੀਂ, ਬਹੁਤੀ ਵਾਰ।

ਇਕ ਵਾਰ ਉਹ ਆਪਣੇ ਇਕ ਦੋਸਤ ਕੋਲ ਆਇਆ ਤੇ ਉਹਨੂੰ ਆਪਣੀ ਵਿਥਿਆ ਦੱਸੀ। "ਕਾਮਰੇਡ ਦੇਵਿੰਦਰ ਜੀ, ਮੇਰੇ ਉਤੇ ਬਹੁਤ ਹੀ ਮੁਸੀਬਤਾਂ ਪਈਆਂ ਹੋਈਆਂ ਹਨ। ਰਾਹ ਨਹੀਂ ਕੋਈ ਨਿਕਲਦਾ। ਸਮਝ ਨਹੀਂ ਪੈਂਦੀ, ਮੈਂ ਕੀ ਕਰਾਂ ਤੇ ਕਿਵੇਂ ਜੀਵਾਂ।"

ਮਿੱਤਰ ਉਸ ਦਾ ਕਿਸੇ ਸਮੇਂ ਪਾਰਟੀ-ਸਾਥੀ ਰਿਹਾ ਸੀ ਤੇ ਬਾਰਾਂ-ਚੌਦਾਂ ਵਰ੍ਹੇ ਉਹ ਮਿਲ ਕੇ ਕੰਮ ਕਰਦੇ ਰਹੇ ਸਨ। ਇਕੋ ਪਾਰਟੀ ਹੁੰਦੀ ਸੀ। ਫੇਰ ਫੁੱਟ ਪਈ ਤਾਂ ਵੱਖੋ-ਵੱਖ ਹੋ ਗਏ। ਮਿੱਤਰ ਪੜ੍ਹਿਆ-ਲਿਖਿਆ ਤੇ ਕਾਲਜ-ਲੈਕਚਰਾਰ ਸੀ। ਪੰਜਾਬੀ ਵਿਚ ਆਲੋਚਨਾ ਦੇ ਲੇਖ ਵੀ ਲਿਖਦਾ ਹੁੰਦਾ ਸੀ। ਪੜ੍ਹੇ ਲਿਖੇ ਹਲਕਿਆਂ ਵਿਚ ਕਾਫੀ ਮਾਣ-ਸਤਿਕਾਰ ਸੀ। ਸਰਕਾਰ-ਦਰਬਾਰ ਵਿਚ ਵੀ ਕੁਝ ਅਸਰ-ਰਸੂਖ ਰੱਖਦਾ ਸੀ। ਕਈ ਸੈਕਟਰੀ ਵਾਕਿਫ਼ ਸਨ। ਕਿਉਂਕਿ ਕਈ ਸੈਕਟਰੀ ਵੀ ਪੰਜਾਬੀ ਵਿਚ ਕਵਿਤਾ ਅਤੇ ਕਹਾਣੀਆਂ ਆਦਿ ਲਿਖਦੇ ਸਨ। ਇਕ ਬੜਾ ਵਿਦਵਾਨ ਸੀ ਤੇ ਕਵੀ ਦੇ ਨਾਲ ਆਲੋਚਕ ਵੀ ਸੀ। ਇਸੇ ਤਰ੍ਹਾਂ ਇਕ ਹੋਰ ਵੀ ਕਵੀ ਅਤੇ ਆਲੋਚਕ ਸੀ। ਇਸ ਲਈ ਇਹਨਾਂ ਸਾਰਿਆਂ ਨਾਲ ਹੀ



ਭਾਈਚਾਰਾ ਜਿਹਾ ਵੀ ਸੀ ਅਤੇ ਇਹਨਾਂ ਸਾਰਿਆਂ ਤੱਕ ਹੀ ਉਸ ਦੀ ਪਹੁੰਚ ਸੀ। ਕੋਈ ਕੰਮ ਹੋਵੇ ਤਾਂ ਉਸ ਨੂੰ ਔਖਾ ਨਹੀਂ ਸੀ ਹੁੰਦਾ। ਉਸ ਦਾ ਕੰਮ ਹੋ ਜਾਂਦਾ ਸੀ। ਪ੍ਰਤਿਬੱਧ ਵਿਅਕਤੀ ਸੀ। ਇਸ ਲਈ ਵੀ ਸਾਰੇ ਉਸ ਦਾ ਮਾਣ-ਸਤਿਕਾਰ ਕਰਦੇ ਸਨ। ਕੰਮ ਜਾਇਜ਼ ਹੁੰਦੇ ਸਨ। ਨਜਾਇਜ਼ ਕੰਮ ਦੇ ਨੇੜੇ ਤਾਂ ਉਹ ਕਦੇ ਖਲੋਂਦਾ ਵੀ ਨਹੀਂ ਸੀ। ਅੱਜ ਕਲ੍ਹ ਰਿਟਾਇਰ ਸੀ ਤੇ ਚੰਡੀਗੜ੍ਹ ਆ ਵੱਸਿਆ ਸੀ। ਰੋਜ਼ ਹੀ ਉਹ ਅਫ਼ਸਰਾਂ ਨੂੰ ਮਿਲਦਾ-ਗਿਲਦਾ ਰਹਿੰਦਾ ਸੀ। ਕਦੇ ਅਫ਼ਸਰ ਵੀ ਉਸ ਦੇ ਘਰ ਮਿਲਣ ਆ ਜਾਂਦੇ ਸਨ। ਭਾਵੇਂ ਤੰਗਦਸਤੀ ਸੀ, ਪਰ ਉਸ ਦੀ ਤੰਗਦਸਤੀ ਵੱਲ ਕੋਈ ਦੇਖਦਾ ਵੀ ਨਹੀਂ ਸੀ। ਸਾਰੇ ਉਸ ਦਾ ਕੰਮ ਅਤੇ ਉਸ ਦਾ ਚਲਨ ਦੇਖਦੇ।

ਦੇਵਿੰਦਰ ਸਿੰਘ ਸਮਝ ਗਿਆ ਕਿ ਗੱਲ ਮੁੰਡੇ ਬਾਰੇ ਹੀ ਹੈ। ਕਿਉਂਕਿ ਉਹਨੂੰ ਇਸ ਗੱਲ ਦਾ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ ਕਿ ਕਾਮਰੇਡ ਜੱਸਾ ਸਿੰਘ ਦਾ ਛੋਟਾ ਪੁੱਤਰ ਅੱਤਵਾਦ ਦੇ ਗਲਤ ਰਾਹ ਪੈ ਚੁੱਕਾ ਹੈ ਅਤੇ ਹੁਣ ਨਿਹੰਗਾਂ ਵਾਲਾ ਬਾਣਾ ਪਹਿਨਿਆ ਹੋਇਆ ਹੈ। ਦੇਵਿੰਦਰ ਸਿੰਘ ਦਾ ਪਿੰਡ ਵੀ ਉਹਨਾਂ ਦੇ ਪਿੰਡ ਦੇ ਕਾਫੀ ਨੇੜੇ ਹੀ ਸੀ। ਮਸਾਂ ਦੋ ਜਾਂ ਢਾਈ ਮੀਲ। ਰਾਹ ਕੱਚੇ ਹੁੰਦੇ ਸਨ। ਇਹਨਾਂ ਰਾਹਾਂ ਉਤੇ ਉਹ ਸਾਈਕਲਾਂ ਉਤੇ ਝੰਡੇ ਲਾਕੇ ਪਿੰਡੋ-ਪਿੰਡ ਪਾਰਟੀ ਦਾ ਕੰਮ ਕਰਦੇ ਫਿਰਦੇ ਹੁੰਦੇ। 1950 ਵਿਚ ਉਹ ਪਹਿਲੀ ਵਾਰ ਇਕ-ਦੂਜੇ ਨੂੰ ਮਿਲੇ ਅਤੇ ਨੇੜੇ ਹੋਏ। ਫੇਰ ਉਹ ਕਾਫੀ ਨੇੜੇ ਹੋ ਕੇ ਇਕ-ਦੂਜੇ ਦੇ ਦੁੱਖ-ਸੁੱਖ ਦੇ ਕਾਫੀ ਸਾਂਝੀ ਬਣ ਗਏ। ਕਾਮਰੇਡ ਜੱਸਾ ਸਿੰਘ ਅਜੇ ਅਣ-ਵਿਆਇਆ ਸੀ। ਰਿਸ਼ਤਾ ਕਿਉਂ ਨਹੀਂ ਹੋਇਆ ਸੀ? ਇਸ ਗੱਲ ਦਾ ਪਤਾ ਨਹੀਂ। ਮਾਂ-ਬਾਪ ਬੁੱਢੇ ਸਨ। ਕਾਮਰੇਡ ਜੱਸਾ ਸਿੰਘ ਆਪ ਚੁਲ੍ਹਾ ਬਾਲਦਾ ਤੇ ਰੋਟੀਆਂ ਪਕਾਉਂਦਾ ਹੁੰਦਾ। ਆਏ-ਗਏ ਕਾਮਰੇਡ ਦੀ ਰੋਟੀ ਵੀ ਪਕਾਉਣੀ ਹੁੰਦੀ। ਫੇਰ ਸੰਨ ਤਿਰਵੰਜਾ ਕਿ ਚੁਰੰਜਾ ਵਿਚ ਵਿਆਹ ਹੋਇਆ। ਚਾਰ ਬੱਚੇ ਪੈਦਾ ਹੋਏ। ਪਹਿਲਾ ਪੁੱਤਰ ਛੋਟੀ ਉਮਰ ਵਿਚ ਹੀ ਚਲ ਵਸਿਆ ਸੀ। ਫੇਰ, ਦੋ ਕੁ ਵਰ੍ਹੇ ਮਗਰੋਂ, ਇਕ ਪੁੱਤਰ ਪੈਦਾ ਹੋਇਆ। ਇਸਦਾ ਨਾਂ ਜਸਦੇਵ ਰਖਿਆ। ਇਹੀਓ ਪੁੱਤਰ ਵੱਡਾ ਹੋ ਕੇ ਨਕਸਲਬਾੜੀ ਲੀਡਰ ਬਣਿਆ। ਫੇਰ ਧੀ ਨੇ ਜਨਮ ਲਿਆ। ਫੇਰ ਇਹ ਹਰਦੇਵ ਹੋਇਆ। ਪਹਿਲੇ ਦਾ ਨਾਂ ਜਗਦੇਵ ਸੀ ਜੋ ਸਵਰਗਵਾਸ ਹੋ ਚੁੱਕਾ ਸੀ।

ਪਹਿਲੇ ਤਿੰਨ ਬੱਚੇ ਲਗਭਗ ਇਕੋ ਜਿਹੀਆਂ ਤਾਸੀਰਾਂ ਅਤੇ ਆਦਤਾਂ ਦੇ ਮਾਲਿਕ ਸਨ। ਆਖ਼ਰੀ ਹਰਦੇਵ ਹੀ ਕੁਝ ਵੱਖ ਜਿਹਾ ਹੋ ਗਿਆ ਸੀ। ਪਹਿਲੇ ਤਿੰਨੇ ਹਲਕਾ-ਹਲਕਾ ਸਾਂਵਲੇ ਰੰਗਾਂ ਵਾਲੇ ਸਨ। ਹਰਦੇਵ ਗੋਰੇ ਰੰਗ ਦਾ ਸੀ। ਪਹਿਲੇ ਥੋੜਾ ਪਤਲੇ, ਇਕਹਿਰੇ ਜਿਸਮਾਂ ਵਾਲੇ ਸਨ, ਹਰਦੇਵ ਥੋੜਾ ਭਰਵਾਂ ਜਿਹਾ। ਆਦਤਾਂ ਵੀ ਵੱਖ ਸਨ। ਪਹਿਲੇ ਬੜੇ ਸਾਊ ਅਤੇ ਸੁੱਘੜ ਜਿਹਾ ਵਰਤਦੇ, ਪਰ ਇਹਦਾ ਮਨ ਥੋੜ੍ਹਾ ਜਿਹਾ ਅਸੰਤੁਲਤ ਹੋਇਆ ਰਹਿੰਦਾ। ਜਦੋਂ ਥੁੱਕਣ ਲੱਗਿਆ ਉਹ ਥੁੱਕਦਾ ਹੀ ਜਾਂਦਾ ਸੀ ਤਾਂ ਉਹ ਅਸੰਤੁਲਤ ਹੀ ਸੀ? ਸੰਤੁਲਤ ਮਨ ਕਾਹਨੂੰ ਕਿਸੇ ਨੂੰ ਇਕੋ ਹਰਕਤ ਵਾਰ-ਵਾਰ ਦੁਹਰਾਉਣ ਦੀ ਆਗਿਆ ਦਿੰਦਾ ਹੈ—ਜਿਹੜੀ ਏਨੀ ਭੱਦੀ ਵੀ ਹੋਵੇ।

ਦੇਵਿੰਦਰ ਸਿੰਘ ਨੇ ਗੱਲ ਪੁੱਛੀ। ਜੱਸਾ ਸਿੰਘ ਬੋਲਿਆ:

"ਪੁਲਿਸ ਤੰਗ ਕਰਦੀ ਐ । ਰੋਜ਼ ਆ ਜਾਂਦੀ ਐ ਵਾਰ-ਵਾਰ । ਮੁੰਡਾ ਦੱਸੋ ਕਿਥੇ ਐ !"

"ਹਰਦੇਵ ਲਈ ਆਉਂਦੀ ਹੋਵੇਗੀ ?"

"ਹਾਂ, ਹਰਦੇਵ ਲਈ।"

"ਕਾਰਨ ਵੀ ਕੋਈ ਹੋਵੇਗਾ ?"

"ਬੱਸ, ਕਾਰਨ ਕੁੱਝ ਵੀ ਨਹੀਂ । ਬਾਣਾ ਹੈ ਨਿਹੰਗਾਂ ਵਾਲਾ ਪਹਿਨਿਆ ਹੋਇਆ ਕੇਵਲ । ਇਸ ਪਿੱਛੇ ਆ ਜਾਂਦੀ ਐ ।"

"ਬਾਣੇ ਪਿੱਛੇ ਤਾਂ ਪੁਲਿਸ ਨੂੰ ਇਉਂ ਆਉਣਾ ਨਹੀਂ ਚਾਹੀਦਾ । ਬਾਣਾ ਤਾਂ ਬਥੇਰੇ ਲੋਕਾਂ ਨੇ ਪਹਿਨਿਆ ਹੋਇਐ ਇਹੋ ਜਿਹਾ ?"

"ਬੱਸ, ਪੁਲਸ ਨੂੰ ਵਹਿਮ ਐ। ਅਖੇ ਇਹ ਅੱਤਵਾਦੀ ਐ । ਕਤਲ ਕਰਦਾ ਫਿਰਦਾ ਏ ।"

"ਏਨੀ ਗੱਲ ਨਾਲ ਤਾਂ ਇਹ ਅੱਤਵਾਦੀ ਨਹੀਂ ਬਣ ਗਿਆ ?"

"ਕਤਲ ਹੋ ਗਿਆ ਸੀ ਪਿੰਡ ਵਿਚ, 1984 ਵਿਚ, ਜਦੋਂ ਬਿਲੂ-ਸਟਾਰ ਹੋਇਐ, ਤਿੰਨ ਦਿਨ ਕਿ ਚਾਰ ਦਿਨ ਬਾਅਦ । ਉਹ ਕਤਲ ਝੂਠਿਓਂ ਹੀ ਇਹਦੇ ਨਾਂ ਮੜ੍ਹ ਦਿੱਤਾ ਗਿਆ ।"

"ਕਤਲ ਕਿਸ ਦਾ ਹੋਇਆ ਸੀ ?"

"ਇਕ ਹਿੰਦੂ ਹਟਵਾਣੀਏ ਦਾ। ਬਾਹਰ ਪਿਆ ਸੀ ਗਲੀ ਵਿਚ, ਆਪਣੀ ਹੱਟੀ ਦੇ ਚੌਂਤਰੇ ਉਤੇ । ਅਖੇ ਉਹਦਾ ਕਤਲ ਹਰਦੇਵ ਨੇ ਹੀ ਕੀਤਾ ਹੈ ।"

"ਇਉਂ ਕਿਵੇਂ ਹੋ ਸਕਦਾ ਹੈ ?"

"ਦੁਸ਼ਮਣੀ ਹੈ ਪਿੰਡ ਵਿਚ, ਇਕ ਦੋ ਹਰੀਜਨਾਂ ਨਾਲ, ਉਹਨਾਂ ਨੇ ਇਹ ਲਾਇਐ ਦੋਸ਼ । ਆਪ ਗਏ ਸਨ ਥਾਣੇ ਦੱਸਣ ।" ਫੇਰ ਉਹ ਅੱਗੇ ਬੋਲਿਆ, "ਕੁਝ ਖੂਨ ਦੇ ਤੁਪਕੇ ਸਾਡੇ ਘਰਾਂ ਤੱਕ ਪਹੁੰਚੇ ਹੋਏ ਸਨ । ਅਖੇ ਇਹ ਸਬੂਤ ਐ ।"

ਦੇਵਿੰਦਰ ਸਿੰਘ ਨੂੰ ਕਲਪਣਾ ਵਿਚ ਤੇਜ਼-ਧਾਰ ਹਥਿਆਰ ਨਾਲੋਂ ਖੂਨ ਦੇ ਤੁਪਕੇ ਡਿੱਗਦੇ ਦਿੱਸੇ । ਪਰ ਉਹ ਅੱਗੋਂ ਬੋਲਿਆ :

"ਤੁਪਕੇ ਕਿਵੇਂ ਪਹੁੰਚ ਗਏ, ਖੂਨ ਦੇ, ਇਉਂ ਆਪਣੇ ਆਪ ।

"ਲੀਰ ਭਿਉਂ ਲਈ ਹੋਵੇਗੀ ਕੋਈ ਉਸੇ ਵੇਲੇ ਖੂਨ ਵਿਚ। ਬੱਸ, ਨਚੋੜਦੇ ਚਲੇ ਆਏ ।'

ਦੇਵਿੰਦਰ ਸਿੰਘ ਚੁੱਪ ਰਿਹਾ। ਕਾਮਰੇਡ ਜੱਸਾ ਸਿੰਘ ਵੀ ਥੋੜ੍ਹੀ ਦੇਰ ਚੁੱਪ ਰਿਹਾ। ਫੇਰ ਅੱਗੇ ਬੋਲਿਆ:

"ਰਾਤ ਦੇ ਇਕ, ਡੇਢ ਦਾ ਜਾਂ ਦੋ ਕੁ ਵਜੇ ਦਾ ਵੇਲਾ ਸੀ । ਹਰਦੇਵ ਬੈਠਕ ਦੀ



ਛੱਤ ਉਤੇ ਮੰਜੇ ਉਤੇ ਪਿਆ ਸੀ । ਮੈਂ ਹਰਦੇਵ ਨੂੰ ਆਖਿਆ : ਹਰਦੇਵ, ਉਠ ਤੇ ਦੌੜ ਜਾਹ । ਤੇਰਾ ਨਾਂ ਲੱਗ ਰਿਹਾ ਏ । ਪਰ ਉਹ ਬਿਲਕੁਲ ਮੰਨਿਆ ਨਹੀਂ । ਨਹੀਂ ਬਾਪੂ ਜੀ, ਦੌੜਨਾ ਨਹੀਂ । ਜੇ ਉਹ ਝੂਠਾ ਹੁੰਦਾ ਤਾਂ ਕਾਮਰੇਡ ਜੀ ਦੌੜਦਾ ਨਾ ? ਜੇ ਉਹ ਕਤਲ ਕਰਦਾ ਤਾਂ ਘਰ ਆ ਕੇ ਕਾਹਨੂੰ ਸੌਂਦਾ ? ਬਾਹਰ ਦੀ ਬਾਹਰ ਭੱਜ ਜਾਂਦਾ । ਪਰ ਉਹ ਭੱਜਿਆ ਨਹੀਂ ਸੀ । ਉਸੇ ਤਰ੍ਹਾਂ ਹੀ ਪਿਆ ਰਿਹਾ ।"

ਪ੍ਰੋਫੈਸਰ ਦੇਵਿੰਦਰ ਸਿੰਘ ਹੁਣ ਵੀ ਚੁੱਪ ਹੀ ਰਿਹਾ ਸੀ । ਕੀ ਆਖਦਾ ਆਖ਼ਿਰ ਉਹ ?

ਕਾਮਰੇਡ ਜੱਸਾ ਸਿੰਘ ਨੂੰ ਹੁਣ ਫੇਰ ਰੋਟੀਆਂ ਪਕਾਉਣੀਆਂ ਪੈ ਗਈਆਂ ਸਨ । ਪਤਨੀ ਕਈ ਵਰ੍ਹੇ ਪਹਿਲਾਂ ਸਵਰਗਵਾਸ ਹੋ ਚੁੱਕੀ ਸੀ । ਹਰਦੇਵ ਛੋਟਾ ਜਿਹਾ ਸੀ । ਜਸਦੇਵ ਕਾਲਜ ਪੜ੍ਹਦਾ ਤੇ ਪੀ. ਐਸ. ਯੂ. ਦਾ ਲੀਡਰ ਸੀ । ਲੜਕੀ ਦਸਵੀਂ ਵਿਚ ਸੀ । ਨਾਲੇ ਪੜ੍ਹਦੀ, ਨਾਲੇ ਘਰ ਦਾ ਸਾਰਾ ਕੰਮ-ਕਾਜ ਕਰਦੀ । ਫੇਰ ਬੀ. ਏ. ਕਰਨ ਮਗਰੋਂ ਉਹ ਵਿਆਹੀ ਜਾ ਚੁੱਕੀ ਸੀ । ਹਰਦੇਵ ਏਧਰ ਹੋ ਗਿਆ । ਉਮਰ ਵੀ ਉਤਾਰੂ ਸੀ । ਰੋਟੀਆਂ ਪਕਾਉਣੀਆਂ ਔਖੀਆਂ ਲੱਗ ਰਹੀਆਂ ਸਨ । ਹੁਣ ਆਰਾਮ ਦੇ ਦਿਨ ਸਨ । ਪਰ ਆਰਾਮ ਕਿਵੇਂ ਮਿਲੇ ? ਵੱਡਾ ਪੁੱਤਰ ਬਾਹਰ ਕਿਸੇ ਸ਼ਹਿਰ ਵਿਚ ਰਹਿ ਰਿਹਾ ਸੀ ਤੇ ਪਤਨੀ ਉਹਦੀ ਕਿਸੇ ਹੋਰ ਸ਼ਹਿਰ ਵਿਚ ਰਹਿ ਰਹੀ ਸੀ ਜੋ ਕਾਫੀ ਪੜ੍ਹੀ ਲਿਖੀ ਤੇ ਕਾਲਜ-ਲੈਕਚਰਾਰ ਸੀ । ਦੋਵੇਂ ਬਹੁਤ ਸੁਸ਼ੀਲ ਸਨ, ਪਰ ਹਾਲਾਤ ਦੋਹਾਂ ਨੂੰ ਹੀ ਘਰੋਂ ਬਾਹਰ ਰੱਖ ਰਹੇ ਸਨ । ਨੂੰਹ ਬਹੁਤ ਆਖਦੀ : "ਬਾਪੂ ਜੀ, ਤੁਸੀਂ ਏਥੇ ਮੇਰੇ ਕੋਲ ਹੀ ਚਲੇ ਆਓ, ਪਿੰਡ ਕਾਹਨੂੰ ਬੈਠੇ ਓ ਐਵੇਂ ਕਸ਼ਟ ਭੋਗਦੇ, ਮੈਂ ਤੁਹਾਡੀ ਸੇਵਾ ਕਰਾਂਗੀ ।" ਪਰ ਇਹ ਹੋ ਨਹੀਂ ਸਕਦਾ ਸੀ । ਇਉਂ ਪਿੰਡ ਨੂੰ ਛੱਡ ਕੇ ਜਾਣਾ ਠੀਕ ਨਹੀਂ ਸੀ ਲੱਗਦਾ ਉਹਨੂੰ ।

ਇਸੇ ਤਰ੍ਹਾਂ ਉਹ ਆਪਣੀ ਲੜਕੀ ਕੋਲ ਵੀ ਨਹੀਂ ਰਹਿ ਸਕਦਾ ਸੀ । ਭਾਵੇਂ ਉਹ ਕਮਾਊ ਸੀ ਤੇ ਸ਼ਹਿਰ ਵਿਚ ਟੈਲੀਫੂਨ ਦੇ ਮਹਿਕਮੇ ਵਿਚ ਮੁਲਾਜ਼ਮ ਸੀ । ਪਰ ਪਿੰਡ ਛੱਡ ਕੇ ਜਾਣਾ ਉਹਨੂੰ ਪੁੱਗਦਾ ਜਿਹਾ ਨਹੀਂ ਸੀ । ਨਹੀਂ ਤਾਂ ਉਹ ਆਪਣੀ ਨੂੰਹ ਦੇ ਕੋਲ ਵੀ ਰਹਿ ਸਕਦਾ ਸੀ । ਪੜ੍ਹੀ-ਲਿਖੀ ਹੀ ਨਹੀਂ ਸੀ ਨੂੰਹ, ਵਿਚਾਰ ਵੀ ਚੰਗੇ ਸਨ । ਹਿਸਾਰ ਦੀ ਰਹਿਣ ਵਾਲੀ ਸੀ ਉਹ । ਨਕਸਲੀ ਖ਼ਿਆਲਾਂ ਦੀ ਜਮਹੂਰੀ ਅਧਿਕਾਰ ਸਭਾ ਵਿਚ ਉਹ ਕੰਮ ਕਰਦੀ ਹੁੰਦੀ ਸੀ । ਜਸਦੇਵ ਨਾਲ ਇਸ ਕਾਰਨ ਹੀ ਉਸ ਦੀ ਵਾਕਫ਼ੀ ਹੋਈ ਸੀ । ਫੇਰ ਦੋਵੇਂ ਵਿਆਹ ਦੇ ਗੰਢ-ਚਿਤਰਾਵੇ ਵਿਚ ਬੱਝ ਗਏ ਸਨ । ਵਿਆਹ ਬਿਨਾਂ ਦਾਜ-ਦਹੇਜ ਬੜਾ ਹੀ ਸਾਦਾ ਹੋਇਆ ਸੀ । ਦੋਵੇਂ ਸੂਝਵਾਨ ਸਨ । ਇਸ ਲਈ ਉਹ ਇਕ ਦੂਜੇ ਲਈ ਦੋਵੇਂ ਦਾਜ-ਦਹੇਜ ਹੀ ਸਨ । ਕੁੜੀ ਪੰਜਾਬੀ ਪਰਿਵਾਰ ਦੀ ਸੀ । ਹਰਿਆਣਾ ਵੀ ਪੰਜਾਬ ਹੀ ਹੈ । ਬਥੇਰੇ ਪੰਜਾਬੀ ਪਰਿਵਾਰ ਅੱਜ ਹਰਿਆਣਾ ਵਿਚ ਰਹਿ ਰਹੇ ਹਨ ।

ਇਸੇ ਤਰ੍ਹਾਂ ਕੁੜੀ ਦਾ ਪਰਾਹੁਣਾ ਵੀ ਬਹੁਤ ਚੰਗਾ ਸੀ । ਉਹ ਵੀ ਅਗਾਂਹ-ਵਧੂ ਸੀ ਤੇ ਕਮਿਊਨਿਸਟ ਵਿਚਾਰਾਂ ਦੇ ਪ੍ਰਭਾਵ ਹੇਠ ਹੀ ਪਲਿਆ ਸੀ । ਉਸ ਦਾ ਵੱਡਾ ਭਰਾ ਕਦੇ ਨਕਸਲੀ ਲੀਡਰ ਹੁੰਦਾ ਸੀ ਤੇ ਅੱਜ ਕਲ੍ਹ ਵਕੀਲ ਸੀ । ਆਪ ਉਹ ਕਿਸੇ ਅੱਗੇ ਵਧੂ

ਅਖ਼ਬਾਰ ਵਿਚ ਕੰਮ ਕਰਦਾ ਸੀ ਤੇ ਉਥੇ ਉਹ ਸਬ-ਐਡੀਟਰ ਸੀ। ਇਹ ਵਿਆਹ ਵੀ, ਪਹਿਲੇ ਵਾਂਗ, ਬਿਨਾਂ ਦਾਜ-ਦਹੇਜ ਅਤੇ ਬੜਾ ਹੀ ਸਾਦਾ ਹੋਇਆ ਸੀ। ਮਾਰਕਸੀ ਵਿਚਾਰ-ਧਾਰਾ ਦੇ ਧਾਰਨੀ ਸਨ ਸਾਰੇ ਲੋਕ। ਉੱਚੇ ਵਿਚਾਰਵਾਨ। ਬੱਸ, ਇਕ ਹਰਦੇਵ ਨੇ ਹੀ ਕੰਮ ਖ਼ਰਾਬ ਕਰ ਦਿੱਤਾ ਸੀ। ਉਸੇ ਨੇ ਹੀ ਕਾਮਰੇਡ ਜੱਸਾ ਸਿੰਘ ਵੈਦ ਲਈ ਮੁਸੀਬਤਾਂ ਖੜੀਆਂ ਕਰ ਦਿੱਤੀਆਂ ਸਨ।

ਕਾਮਰੇਡ ਜੱਸਾ ਸਿੰਘ ਨੇ ਥੋੜ੍ਹਾ ਰੁਕ ਕੇ ਆਖਿਆ :

"ਕਾਮਰੇਡ ਜੀ, ਰੋਟੀਆਂ ਪਕਾਉਣ ਦੀ ਬਹੁਤ ਮੁਸ਼ਕਿਲ ਹੈ। ਮੇਰੀ ਇੱਛਾ ਇਹ ਹੈ ਕਿ ਇਹਦਾ ਕਿਤੇ ਵਿਆਹ ਹੋ ਜਾਏ।"

"ਨਿਹੰਗਾਂ ਵਿਚ ਹੀ ਹੋਵੇਗਾ ਇਹਦਾ ਵਿਆਹ ਹੁਣ ਵੈਦ ਜੀ। ਹੋਰ ਕਿੱਥੇ ਹੋ ਸਕੇਗਾ ?" ਨਿਹੰਗਾਂ ਵਿਚ ਹੀ ਭਾਲੋ ਕੋਈ ਕੁੜੀ।"

"ਨਿਹੰਗਾਂ ਨੂੰ ਤਾਂ ਉੱਕਾ ਹੀ ਪਸੰਦ ਨਹੀਂ ਕਰਦਾ ਇਹ। ਉਹਨਾਂ ਨੂੰ ਤਾਂ ਬਹਿਸ ਕਰ-ਕਰ ਲਾ-ਜਵਾਬ ਕਰ ਦਿੰਦਾ ਏ। ਸਿੱਖੀ ਦੀ ਬੜੀ ਸੂਝ ਐ, ਇਤਿਹਾਸ ਦੀ ਬੜੀ ਸੂਝ ਐ, ਕੋਈ ਪ੍ਰਸੰਗ ਪੁੱਛ ਲਵੋ, ਉਹਨਾਂ ਨੂੰ ਤਾਂ ਕਾਮਰੇਡ ਜੀ ਗੱਲ ਨਹੀਂ ਆਉਣ ਦਿੰਦਾ।"

"ਜੇ ਫੇਰ ਇਹੋ ਗੱਲ ਐ ਤਾਂ ਆਪ ਨਿਹੰਗ ਕਿਉਂ ਬਣਿਆ ਏ ?"

"ਬੱਸ, ਬਾਣਾ ਹੀ ਬਾਣਾ ਹੈ। ਮੱਤ ਨਹੀਂ ਹੈ ਉਹਨਾਂ ਵਾਲੀ।"

"ਵੈਦ ਜੀ, ਇਸ ਬਾਣੇ ਨੂੰ ਹੋਰ ਕੋਈ ਕੁੜੀ ਨਹੀਂ ਦੇਵੇਗਾ। ਨਿਹੰਗ ਹੀ ਕੋਈ ਦੇਵੇਗਾ।"

"ਨਿਹੰਗਾਂ ਲਈ ਤਾਂ......ਮੰਨਦਾ ਨਹੀਂ।"

"ਤਾਂ ਫੇਰ ਇਉਂ ਕਰ ਲਵੇ", ਦੇਵਿੰਦਰ ਸਿੰਘ ਨੇ ਹੱਸ ਕੇ ਕਿਹਾ, "ਬਾਣਾ ਸਾਡਾ ਪਾ ਲਵੇ, ਮੱਤ ਉਹਨਾਂ ਦੀ ਰੱਖ ਲਵੇ। ਪਿਛੋਂ ਬਾਣਾ ਬਦਲ ਲਵੇ।"

ਕਾਮਰੇਡ ਜੱਸਾ ਸਿੰਘ ਵੀ ਥੋੜਾ ਜਿਹਾ ਹੱਸ ਪਿਆ : "ਨਹੀਂ, ਇਉਂ ਤਾਂ ਮੰਨਦਾ ਨਹੀਂ। ਉਹਨਾਂ ਨੂੰ ਤਾਂ ਉੱਕਾ ਹੀ ਪਸੰਦ ਨਹੀਂ ਕਰਦਾ ਉਹ।"

"ਅੱਤਵਾਦੀ ਕਿੰਨਾ ਕੁ ਐ ?"

"ਕਾਹਨੂੰ ਐ ਉਹ ਅੱਤਵਾਦੀ। ਬੱਸ, ਇਕ ਨਾਉਂ ਚੜ੍ਹ ਗਿਆ ਕਾਗ਼ਜ਼ਾਂ ਵਿਚ "ਅੱਤਵਾਦੀ"। ਅੱਤਵਾਦੀ ਹੁੰਦਾ ਤਾਂ ਕਤਲ ਵਿਚੋਂ ਬਰੀ ਕਿਉਂ ਹੁੰਦਾ ?"

"ਕਤਲ ਵਿਚੋਂ ਬਰੀ ਤਾਂ ਵੈਦ ਜੀ ਬਹੁਤ ਲੋਕ ਹੋ ਜਾਂਦੇ ਹਨ। ਕਾਨੂੰਨ ਹੀ ਅਜਿਹਾ ਹੈ। ਮੌਕੇ ਦੀ ਗਵਾਹੀ। ਕੌਣ ਦੇਵੇ ਕਿਸੇ ਵਿਰੁੱਧ ਮੌਕੇ ਦੀ ਗਵਾਹੀ ? ਜਾਨ ਨਹੀਂ ਚਾਹੀਦੀ ? ਲੱਖ ਦੁਸ਼ਮਣੀ ਹੋਵੇ ਤਾਂ ਕੋਈ ਇਹ ਗਵਾਹੀ ਦੇਵੇ।"

"ਖ਼ੈਰ, ਇਹ ਨਿਰਦੋਸ਼ ਹੈ।"

"ਠੀਕ ਹੈ। ਹੋਵੇਗਾ। ਪਰ ਹੁਣ ਤਾਂ ਡਰ ਹੀ ਡਰ ਹੈ ਨਾ।"



"ਡਰ ਤਾਂ ਪੂਰਾ-ਪੂਰਾ ਏ। ਉਹਨੂੰ ਤਾਂ ਇਕ ਪਾਸੇ ਰਿਹਾ, ਮੈਨੂੰ ਵੀ ਆਪ ਨੂੰ ਡਰ ਐ ਪੂਰਾ। ਪੁਲਸ ਦਾ ਕੀ ਜਾਂਦਾ ਏ, ਗੋਲੀ ਹੀ ਮਾਰ ਦੇਣੀ ਐ।"

"ਇਉਂ ਕਰੇ, ਭੇਸ ਵਟਾਵੇ, ਪੰਜਾਬ ਛੱਡ ਜਾਵੇ ਤੇ ਯੂ. ਪੀ. ਵੱਲ ਨੂੰ ਚਲਿਆ ਜਾਵੇ। ਮੁਸਲਮਾਨ ਬਣ ਜਾਵੇ ਤੇ ਉਥੇ ਵਿਆਹ ਕਰਵਾ ਲਵੇ। ਮੁਸਲਮਾਨ ਲੜਕੀ ਨਾਲ ਛੇਤੀ ਵਿਆਹ ਹੋ ਸਕੇਗਾ। ਆਪਣਾ ਇਕ ਨਕਸਲੀ ਵੀ ਯੂ. ਪੀ. ਚਲਿਆ ਗਿਆ ਸੀ। ਕਵੀ ਸੀ ਪੰਜਾਬੀ ਦਾ। ਮੁਸਲਮਾਨ ਬਣਿਆ ਤੇ ਉਥੇ ਵਿਆਹ ਕਰਵਾ ਲਿਆ। ਕਿੰਨੇ ਵਰ੍ਹੇ ਯੂ. ਪੀ. ਰਿਹਾ। ਹੁਣ ਪੰਜਾਬ ਆ ਗਿਆ ਹੈ।"

"ਇਹ ਤਾਂ ਉਹਨੇ ਮੰਨਣਾ ਨਹੀਂ। ਧਰਮ ਛੱਡਣਾ ਪੈਣਾ ਏ।"

"ਮੁਸਲਮਾਨਾਂ ਨਾਲ ਤਾਂ ਇਹਨਾਂ ਦੀ ਅੱਜ ਕਲ੍ਹ ਬਹੁਤ ਨੇੜਤਾ ਏ। ਹਿੰਦੂਆਂ ਨਾਲ ਈ ਵੈਰ ਐ।"

"ਕੇਸ ਨਹੀਂ ਕਟਾਉਣੇ ਉਹਨੇ।"

"ਕਈ ਕਟਾ ਵੀ ਦਿੰਦੇ ਹਨ।"

"ਇਹਨੇ ਨਹੀਂ ਕਟਾਉਣੇ।"

"ਭੇਸ ਵਟਾਉਣਾ ਤਾਂ ਪੈਣਾ ਈ ਐਂ। ਸ੍ਰੀ ਗੁਰੂ ਗੋਬਿੰਦ ਸਿੰਘ ਵੀ ਮੁਸਲਮਾਨ ਬਣ ਗਏ ਸਨ—ਉੱਚ ਦਾ ਪੀਰ ਬਣਨ ਵੇਲੇ।"

"ਕੇਸ ਨਹੀਂ ਕਟਾਉਣੇ ਇਹਨੇ।"

"ਮੁਖ ਧਾਰਾ ਵੱਲ ਚਲਿਆ ਜਾਵੇ।"

"ਇਹ ਵੀ ਨਹੀਂ ਮੰਨਦਾ ਉਹ। ਦੂਜਿਆਂ ਦਾ ਡਰ ਵੀ ਐ। ਉਹ ਵੀ ਮਾਰ ਸਕਦੇ ਹਨ।"

1990 ਦੀ ਗੱਲ ਸੀ ਇਹ। ਹੁਣ 1992 ਸੀ।

ਹਰਦੇਵ ਦੀਆਂ ਕਾਰਵਾਈਆਂ ਹੁਣ ਕਾਫ਼ੀ ਵਧੀਆਂ ਹੋਈਆਂ ਸਨ। ਅਖ਼ਬਾਰਾਂ ਵਿਚ ਵੀ ਉਸਦਾ ਨਾਂ ਹੁਣ ਕਾਫ਼ੀ ਆਉਣ ਲੱਗ ਪਿਆ ਸੀ। ਕਦੇ ਕਿਸੇ ਮੀਟਿੰਗ ਵਿਚ ਸ਼ਾਮਲ ਹੋਣ ਬਾਰੇ, ਕਦੇ ਕਿਸੇ ਕਤਲ ਆਦਿ ਦੀ ਜ਼ਿੰਮੇਵਾਰੀ ਲੈਣ ਬਾਰੇ। ਫ਼ਿਰੌਤੀਆਂ ਲਈ ਬੰਦੇ ਵੀ ਉਸ ਕਈ ਚੁੱਕੇ-ਚੁਕਵਾਏ ਸਨ। ਇਕ ਉਹੀਓ ਸੇਠ, ਨਾਲ ਦੇ ਕਸਬੇ ਦਾ, ਚੁੱਕ ਲਿਆ ਸੀ ਜਿਸਨੇ ਉਹਨੂੰ ਇਕ ਵਾਰ ਪੁਲਿਸ ਤੋਂ ਛੁਡਵਾਇਆ ਵੀ ਸੀ। ਕਹਿੰਦਾ 'ਅੰਕਲ-ਅੰਕਲ' ਸੀ। ਕਮਾਦ ਵਿਚ ਸੇਠ ਅੱਗੇ ਕਾਜੂ ਰੱਖੇ ਗਏ ਸਨ। ਸੇਠ ਦੇ ਦੰਦ ਨਕਲੀ ਸਨ ਜੋ ਅਗ਼ਵਾ ਵੇਲੇ ਸੇਠ ਨੇ ਕੱਢ ਕੇ ਬਾਹਰ ਰੱਖੇ ਹੋਏ ਸਨ। ਸੇਠ ਨੇ ਕਿਹਾ, "ਬੇਟਾ, ਮੈਥੋਂ ਕਾਜੂ ਚੱਬੇ ਜਾਣੇ ਨਹੀਂ। ਮੇਰੇ ਮੂੰਹ ਵਿਚ ਦੰਦ ਨਹੀਂ।"

"ਅੰਕਲ ਜੀ", ਹਰਦੇਵ ਨੇ ਕਿਹਾ, "ਐਸ ਵੇਲੇ ਤੁਹਾਡੇ ਘਰ ਲੋਕਾਂ ਦਾ ਇਕੱਠ ਹੋਊ, ਹੁਣੇ ਜੋ ਲੈ ਕੇ ਆਏ ਆਂ ਤੁਆਨੂੰ, ਨਹੀਂ ਤਾ ਮੈਂ ਹੁਣੇ ਜਾ ਕੇ ਤੁਹਾਡੇ ਘਰੋਂ ਦੰਦ ਲੈ ਆਉਂਦਾ। ਚਲੋ, ਕਲ੍ਹ ਲਿਆਵਾਂਗਾ।"

ਕਾਮਰੇਡ ਜੱਸਾ ਸਿੰਘ ਇਕ ਵਾਰੀ ਫੇਰ ਦੇਵਿੰਦਰ ਸਿੰਘ ਨੂੰ ਮਿਲਣ ਆਇਆ। ਮੁਸੀਬਤਾਂ ਬਹੁਤ ਵਧ ਗਈਆਂ ਸਨ। ਫ਼ਰਵਰੀ ਕਿ ਮਾਰਚ ਸੀ। ਪੰਜਾਬ ਵਿਚ ਬੇਅੰਤ ਸਿੰਘ ਸਰਕਾਰ ਕਾਇਮ ਹੋ ਚੁੱਕੀ ਸੀ। ਖ਼ਾਲਿਸਤਾਨੀਆਂ ਉੱਤੇ ਦਬਾਅ ਬਹੁਤ ਵਧ ਗਿਆ ਸੀ। ਦਸ ਕਤਲ ਹੁੰਦੇ ਤਾਂ ਉਹਨਾਂ ਵਿਚੋਂ ਅੱਠ ਕਿ ਨੌਂ ਅੱਤਵਾਦੀ ਹੁੰਦੇ ਸਨ। ਵੀਹ ਹੁੰਦੇ ਤਾਂ ਅਠਾਰਾਂ ਜਾਂ ਉੱਨੀ।

ਕਾਮਰੇਡ ਜੱਸਾ ਸਿੰਘ ਨੂੰ ਪੁਲਿਸ ਵਲੋਂ ਫੜਿਆ ਤੇ ਤਿੰਨਾ-ਚੌਹਾਂ ਕਸਬਿਆਂ ਦੀਆਂ ਹਵਾਲਾਤਾਂ ਵਿਚ ਰੱਖਿਆ ਗਿਆ। ਕਿਤੇ ਕੁਝ ਸੌਖ ਤੇ ਕਿਤੇ ਕਾਫ਼ੀ ਔਖ ਹੁੰਦੀ। ਇਕ ਹਵਾਲਾਤ ਉਹਨੂੰ ਬਹੁਤ ਪਸੰਦ ਆਈ ਸੀ। ਏਥੇ ਨਹਾਉਣ-ਧੋਣ ਦਾ ਵੀ ਕਾਫ਼ੀ ਠੀਕ ਪ੍ਰਬੰਧ ਸੀ ਤੇ ਰੋਟੀ-ਪਾਣੀ ਵੀ ਚੰਗਾ ਸੀ। ਸੰਤਰੀ ਵੀ ਇਕ-ਦੋ ਕਾਫ਼ੀ ਮਾਣ-ਸਤਿਕਾਰ ਕਰਦੇ ਸਨ। ਉਹ ਸਮਝਦੇ ਸਨ ਕਿ ਇਸ ਬਾਬੇ ਦਾ ਕੋਈ ਕਸੂਰ ਨਹੀਂ ਹੈ। ਪੁਰਾਣਾ ਕਾਮਰੇਡ ਹੈ। ਕਾਮਰੇਡ ਤਾਂ ਇਸ ਰਸਤੇ ਦੀ ਬਹੁਤ ਮੁਖ਼ਾਲਫ਼ਤ ਕਰਦੇ ਹਨ। ਮੁੰਡਾ ਹੀ ਬੇਸਮਝ ਹੈ। ਉਸਨੇ ਹੀ ਇਹਨੂੰ ਵੀ ਮੁਸੀਬਤਾਂ ਵਿਚ ਪਾ ਰੱਖਿਆ ਹੈ।

ਕਾਮਰੇਡ ਜੱਸਾ ਸਿੰਘ ਜਦੋਂ ਫੜਿਆ ਜਾਂਦਾ ਤਾਂ ਆਪਣੀਆਂ ਦਵਾਈਆਂ ਦੀਆਂ ਸ਼ੀਸ਼ੀਆਂ ਨਾਲ ਲੈ ਲੈਂਦਾ ਸੀ। ਕਿਉਂਕਿ ਉਹਨੂੰ ਆਪ ਵੀ ਇਕ ਪੇਟ ਦੀ ਬਿਮਾਰੀ ਸੀ ਜੋ ਚਿਰਾਂ ਤੋਂ ਚਲੀ ਆਉਂਦੀ ਸੀ। ਅੰਤੜੀ ਖਰਾਬ ਸੀ ਇਕ ਪੇਟ ਦੀ ਖੱਬੇ ਪਾਸੇ ਦੀ। ਅਨੀਮੇ ਦਾ ਸਾਮਾਨ ਵੀ ਉਹ ਨਾਲ ਰਖਦਾ ਹੁੰਦਾ ਸੀ। ਕਿਉਂਕਿ ਉਹਨੂੰ ਕਦੇ-ਕਦੇ ਅਨੀਮਾ ਵੀ ਕਰਨਾ ਪੈਂਦਾ ਸੀ ਆਪਣਾ। ਇਕ ਹਵਾਲਾਤ ਵਿਚ ਇਕ ਹਾਸੇ ਜਿਹੇ ਦੀ ਗੱਲ ਹੋਈ। ਕਾਮਰੇਡ ਜੱਸਾ ਸਿੰਘ ਦੇ ਰਾਤ ਨੂੰ ਦਰਦ ਹੋਣ ਲੱਗਾ। ਇਕ ਦਵਾਈ ਅਜਿਹੀ ਸੀ ਜੋ ਬਾਹਰੋਂ ਆਉਣ ਵਾਲੀ ਸੀ। ਸੰਤਰੀ ਨੂੰ ਆਖਿਆ। ਪਰ ਉਸ ਗੱਲ ਕੋਈ ਗੌਲੀ ਨਹੀਂ। ਕਾਮਰੇਡ ਜੱਸਾ ਸਿੰਘ 'ਹਾਏ-ਹਾਏ' ਕਰਨ ਲੱਗਾ। ਇਹ ਸੁਣ, ਸੰਤਰੀ ਮਖ਼ੌਲ ਨਾਲ ਆਖਣ ਲੱਗਾ : "ਕੋਈ ਗੱਲ ਨਹੀਂ ਬਾਬਾ। ਹਾਏ-ਹਾਏ ਕਿਉਂ ਕਰਦਾ ਏਂ। ਮਰ ਗਿਆ ਤਾਂ ਲੱਕੜੀਆਂ ਪਾ ਕੇ ਅਸੀਂ ਫੂਕ ਦਿਆਂਗੇ। ਲੱਕੜੀਆਂ ਦਾ ਘਾਟਾ ਨਹੀਂ ਤੈਨੂੰ।"

ਕਾਮਰੇਡ ਜੱਸਾ ਸਿੰਘ ਦੀ ਇਸ ਸਮੇਂ ਤਿਹੱਤਰ ਵਰ੍ਹੇ ਦੇ ਨੇੜੇ-ਤੇੜੇ ਉਮਰ ਸੀ। ਪਰ ਉਹ ਜਵਾਨਾਂ ਵਾਂਗੂੰ ਉੱਤਰ ਦਿੰਦਾ ਬੋਲਿਆ : "ਮੈਂ ਕਿਵੇਂ ਮੰਨਾਂ ਕਿ ਲੱਕੜੀਆਂ ਪਾ ਦਿਓਗੇ ? ਲੱਕੜੀਆਂ ਉਹ ਪਾਊਗਾ ਜਿਹੜਾ ਮੈਨੂੰ ਇਸ ਸਮੇਂ ਦਵਾਈ ਲਿਆ ਕੇ ਦਊਗਾ। ਦਵਾਈ ਲਿਆ ਕੇ ਦਿੰਦੇ ਨਹੀਂ, ਲੱਕੜੀਆਂ ਪਾ ਦਿਓਂਗੇ ਤੁਸੀਂ। ਜਾਓ, ਪਹਿਲਾਂ ਦਵਾਈ ਲਿਆਓ—ਫੇਰ ਪਾਇਓ ਲੱਕੜੀਆਂ।"

ਥੋੜਾ ਹਾਸਾ ਮਚਿਆ ਤੇ ਫੇਰ ਦਵਾਈ ਆ ਗਈ। ਕਾਮਰੇਡ ਨੂੰ ਰਾਹਤ ਮਿਲੀ।

ਕਾਮਰੇਡ ਜੱਸਾ ਸਿੰਘ ਦਵਾਈਆਂ ਦੀਆਂ ਸ਼ੀਸ਼ੀਆਂ ਨਾਲ ਇਸ ਲਈ ਵੀ ਰੱਖਦਾ ਸੀ ਕਿ ਕਿਤੇ ਪੁਲਿਸ ਉਸਨੂੰ ਖ਼ਤਮ ਹੀ ਕਰ ਦਿੰਦੀ ਹੈ ਤਾਂ ਇਹਨਾਂ ਦਵਾਈਆਂ ਦੀਆਂ ਸ਼ੀਸ਼ੀਆਂ ਨਾਲ ਉਹਦੀ ਪਹਿਚਾਣ ਹੋ ਸਕਦੀ ਹੈ ਕਿ ਇਹ ਲਾਸ਼ ਕਾਮਰੇਡ ਜੱਸਾ ਸਿੰਘ ਵੈਦ ਦੀ ਹੈ। ਜਦੋਂ ਉਹਨੂੰ ਪਿੰਡੋਂ ਫੜ ਕੇ ਪੁਲਿਸ ਲਈ ਜਾ ਰਹੀ ਸੀ ਤਾਂ ਜੀ. ਟੀ. ਰੋਡ ਉਤੇ ਆ ਕੇ



ਪੁਲਿਸ ਦੀ ਗੱਡੀ ਇਕਦਮ ਹੀ ਉਸ ਪਾਸੇ ਵੱਲ ਮੁੜ ਪਈ ਜਿੱਧਰ ਰਾਹ ਵਿਚ ਭਾਖੜੇ ਦੀ ਪੱਕੀ ਨਹਿਰ ਪੈਂਦੀ ਸੀ। ਕਾਮਰੇਡ ਜੱਸਾ ਸਿੰਘ ਦੇ ਮਨ ਵਿਚ ਇਹ ਗੱਲ ਆਈ ਕਿ ਸ਼ਾਇਦ ਉਹਨੂੰ ਕਤਲ ਕਰਕੇ ਨਹਿਰ ਵਿਚ ਸੁੱਟ ਦਿੱਤੇ ਜਾਣ ਦਾ ਮਨਸੂਬਾ ਹੈ। ਉਹਨੇ ਆਪਣੇ ਪਰਨੇ ਵਿਚ ਸ਼ੀਸ਼ੀਆਂ ਲਪੇਟੀਆਂ ਤੇ ਲੱਕ ਨਾਲ ਬੰਨ੍ਹ ਲਈਆਂ। ਉਤੋਂ ਦੀ ਕਮੀਜ਼ ਸੀ। ਜਦੋਂ ਨਹਿਰ ਵਿਚੋਂ ਲਾਸ਼ ਕੱਢੀ ਜਾਵੇਗੀ ਤਾਂ ਇਹ ਪਤਾ ਲੱਗ ਜਾਵੇਗਾ ਕਿ ਇਹ ਉਸੇ ਦੀ ਲਾਸ਼ ਹੈ। ਦਵਾਈਆਂ ਦੀਆਂ ਸ਼ੀਸ਼ੀਆਂ ਨਾਲ ਉਹਦੀ ਪਹਿਚਾਣ ਹੋ ਜਾਵੇਗੀ। ਨਹੀਂ ਤਾਂ ਕੀ ਪਤਾ ਹੈ ਕਿ ਲਾਸ਼ ਦਾ ਕੀ ਹਾਲ ਹੋਵੇ।

ਕਾਮਰੇਡ ਜੱਸਾ ਸਿੰਘ ਦੇਵਿੰਦਰ ਸਿੰਘ ਨੂੰ ਆਖਣ ਲੱਗਾ : "ਕਾਮਰੇਡ ਜੀ, ਕੀ ਕੋਈ ਅਮੀਰ-ਵਜ਼ੀਰ ਵਾਕਿਫ਼ ਹੈ ? ਕੋਈ ਸੈਕਟਰੀ ? ਕੋਈ ਅਫਸਰ ?"

"ਨਹੀਂ ਜੀ, ਕੋਈ ਵੀ ਵਾਕਿਫ਼ ਨਹੀਂ। ਵਾਕਿਫ਼ ਤਾਂ ਬਥੇਰੇ ਹਨ, ਪਰ ਇਸ ਕੰਮ ਲਈ ਕੋਈ ਨਹੀਂ। ਕੰਮ ਹੀ ਅਜਿਹਾ ਹੈ।"

"ਫੇਰ ਆਪਣੀ ਪੁਲਸ ਹੀ ਨਹੀਂ, ਕਿਸੇ ਜ਼ਿਲੇ ਦੀ ਪੁਲਸ ਆ ਜਾਵੇ। ਲੁਧਿਆਣਾ, ਪਟਿਆਲਾ, ਜਲੰਧਰ, ਫਿਰੋਜ਼ਪੁਰ। ਆਪਣੀ ਪੁਲਸ ਨੂੰ ਨਾਲ ਲੈਣਾ-ਪੁੱਛਣਾ ਵੀ ਜ਼ਰੂਰੀ ਨਹੀਂ।"

"ਅੱਛਾ ! ਇਹ ਵੀ ਹੈ ?"

"ਇਹੋ ਮੁਸੀਬਤ ਐ। ਇਕ ਪੁਲਸ ਜਾਂਦੀ ਐ, ਫੇਰ ਦੂਜੀ ਆ ਜਾਂਦੀ ਐ। ਜੂਨ-ਜੂਨ ਹਵਾਲਾਤਾਂ ਵਿਚ ਹੀ ਮੇਰਾ ਲੰਘਿਆ ਏ।"

"ਕਹਿੰਦੀ ਕੀ ਐ ਪੁਲਿਸ ਆ ਕੇ ?"

"ਬੱਸ, ਮੁੰਡਾ ਪੇਸ਼ ਕਰੋ। ਤੁਹਾਨੂੰ ਪਤਾ ਹੈ ਮੁੰਡੇ ਦਾ। ਕਦੇ ਤਾਂ ਆਉਂਦਾ ਹੀ ਹੋਵੇਗਾ ਘਰ ?"

"ਉਂਜ ਰਹਿੰਦਾ ਕਿੱਥੇ ਹੈ ? ਇਲਾਕੇ ਵਿਚ ਜਾਂ ਬਾਹਰ ਕਿਤੇ ?"

"ਸਾਨੂੰ ਕੁਝ ਵੀ ਪਤਾ ਨਹੀਂ। ਹੁਣ ਤਾਂ ਛੇ ਮਹੀਨੇ ਤੋਂ ਉਹ ਕਦੇ ਘਰ ਆਇਆ ਹੀ ਨਹੀਂ। ਪਹਿਲਾਂ ਤਾਂ ਆ ਜਾਂਦਾ ਸੀ, ਪਰ ਹੁਣ ਛੇ ਮਹੀਨੇ ਤੋਂ ਉੱਕਾ ਘਰ ਨਹੀਂ ਆਇਆ ਕਦੇ।"

"ਵੈਦ ਜੀ, ਉਹਨੂੰ ਕਹੋ ਯੂ. ਪੀ. ਨੂੰ ਚਲਿਆ ਜਾਵੇ। ਬਿਹਾਰ, ਉੜੀਸਾ, ਮਦਰਾਸ ਵੱਲ ਨੂੰ ਚਲਿਆ ਜਾਵੇ। ਮੁਸਲਮਾਨ ਬਣ ਜਾਵੇ ਤੇ ਉਧਰ ਵਿਆਹ ਕਰਵਾ ਲਵੇ."

"ਮਿਲੇ ਤਾਂ ਕਹੀਏ ! ਉਹ ਤਾਂ ਘਰ ਹੀ ਵੜਦਾ ਨਹੀਂ।"

"ਹੋਰ ਤਾਂ ਰਾਹ ਨਹੀਂ ਫੇਰ।"

"ਅਸੀਂ ਤਾਂ ਇਹ ਵੀ ਸੋਚਿਆ ਕਿ ਇਹਨੂੰ ਬਾਹਰ ਭੇਜ ਦੇਈਏ; ਕਿਸੇ ਬਾਹਰਲੇ ਮੁਲਕ ਵਿਚ; ਇੰਗਲੈਂਡ, ਕੈਨੇਡਾ......"

"ਪਰ ਹਾਂ ਸੱਚ, ਵੈਦ ਜੀ, ਇਹ ਤਾਂ ਯਾਦ ਹੀ ਨਹੀਂ ਰਿਹਾ। ਤੁਹਾਡਾ ਖਹਿੜਾ ਤਾਂ ਪੁਲਿਸ ਵਲੋਂ ਫੇਰ ਵੀ ਛੁੱਟ ਸਕਦਾ ਨਹੀਂ। ਉਹ ਤਾਂ ਮੁੰਡਾ ਪੇਸ਼ ਕਰਨ ਲਈ ਤੁਹਾਨੂੰ ਕਹਿੰਦੇ ਹੀ ਰਹਿਣਗੇ। ਭਾਵੇਂ ਬਾਹਰ ਚਲਿਆ ਜਾਵੇ, ਭਾਵੇਂ ਯੂ. ਪੀ.—ਸੀ. ਪੀ. ਵੱਲ।"

"ਬਾਹਰ ਬਾਰੇ ਤਾਂ ਆਖਾਂਗੇ ਕਿ ਬਾਹਰ ਚਲਿਆ ਗਿਆ ਹੈ। ਉਥੋਂ ਚਿੱਠੀ ਆ ਜਾਵੇਗੀ।"

"ਚਿੱਠੀਆਂ ਤਾਂ ਬਾਹਰੋਂ ਵੈਦ ਜੀ ਬੋਗਸ ਵੀ ਆ ਜਾਂਦੀਆਂ ਹਨ। ਏਧਰੋਂ ਚਿੱਠੀ ਭੇਜ ਦਿੱਤੀ, ਉਧਰੋਂ ਲਿਫ਼ਾਫ਼ੇ ਵਿਚ ਬੰਦ ਹੋ ਕੇ ਆ ਗਈ। ਮੋਹਰ ਉਧਰ ਦੀ ਲੱਗ ਗਈ।"

"ਕੀ ਕੀਤਾ ਜਾਵੇ?"

"ਬੱਸ, ਹੁਣ ਦੋ ਹੀ ਰਾਹ ਹਨ। ਜਾਂ ਮੌਤ ਜਾਂ ਮੁਖ ਧਾਰਾ—ਪੁਲਿਸ ਅੱਗੇ ਪੇਸ਼ ਹੋਣਾ। ਇਲਾਕੇ ਦੀਆਂ ਪੰਚਾਇਤਾਂ ਰਾਹੀਂ ਪੇਸ਼ ਹੋਇਆ ਜਾ ਸਕਦਾ ਹੈ। ਦੇਖ ਲਓ, ਜੋ ਠੀਕ ਲੱਗੇ।"

"ਅੱਛਾ, ਯਤਨ ਕਰਾਂਗੇ। ਹਾਂ, ਇਕ ਹਰਜੀਤ ਹੈ, ਮੇਰੀ ਲੜਕੀ, ਉਸਦੀ ਭੈਣ, ਜਿਸਦੀ ਗੱਲ ਮੰਨ ਸਕਦਾ ਹੈ। ਉਹ ਬਹੁਤ ਸਮਝਦਾਰ ਹੈ। ਉਹ ਪਰੇਰ ਸਕਦੀ ਹੈ। ਪਿਆਰ ਵੀ ਹੈ ਉਸ ਨਾਲ ਉਹਨੂੰ।"

"ਠੀਕ ਹੈ, ਜੇ ਮੰਨ ਜਾਵੇ।"

"ਕਾਮਰੇਡ ਦੇਵਿੰਦਰ ਜੀ, ਮੈਂ ਅਮਨ-ਅਮਾਨ ਚਾਹੁੰਦਾ ਹਾਂ। ਅਸੀਂ ਸਭ ਨੇ ਇਹ ਵੀ ਪੁਲਸ ਨੂੰ ਲਿਖ ਕੇ ਦਿੱਤਾ ਹੋਇਆ ਹੈ ਕਿ ਚਾਹੇ ਮਾਰੋ, ਚਾਹੇ ਛੱਡੋ, ਸਾਡਾ ਕੋਈ ਸੰਬੰਧ ਨਹੀਂ। ਜਾਇਦਾਦ ਤੋਂ ਵੀ ਅਸੀਂ ਉਹਨੂੰ ਬੇਦਖਲ ਕੀਤਾ ਹੋਇਆ ਹੈ। ਪੰਜਾਬ ਦੇ ਡਾਇਰੈਕਟਰ ਨੂੰ ਵੀ ਲਿਖ ਕੇ ਦਿੱਤਾ ਹੋਇਆ ਹੈ ਤੇ ਆਪਣੇ ਜ਼ਿਲੇ ਦੀ ਪੁਲਸ ਨੂੰ ਵੀ। ਪੁਲਸ ਨੂੰ ਇਹ ਵੀ ਪਤਾ ਹੈ ਕਿ ਮੈਂ ਕਾਮਰੇਡ ਹਾਂ। ਫੇਰ ਵੀ ਪੁਲਸ ਮੰਨਦੀ ਨਹੀਂ।"

"ਪੁਲਿਸ ਸ਼ੱਕ ਕਰਦੀ ਹੈ। ਸ਼ੱਕ ਹੀ ਮਾੜੀ ਗੱਲ ਹੈ।"

"ਕਾਮਰੇਡ ਜੀ, ਮੇਰੀ ਉਮਰ ਤਿਹੱਤਰ ਵਰ੍ਹੇ ਹੋ ਚੱਲੀ ਹੈ। ਵੱਡਾ ਹਾਂ ਮੈਂ ਤੁਹਾਥੋਂ ਥੋੜਾ। ਬੱਸ ਮੈਂ ਇਕ ਗੱਲ ਚਾਹੁੰਦਾ ਹਾਂ। ਹੁਣ ਮੈਂ ਆਪਣਾ ਬਾਕੀ ਜੀਵਨ ਸ਼ਾਂਤੀ ਨਾਲ ਬਤੀਤ ਕਰਾਂ। ਬੱਸ, ਮੇਰੇ ਆਲੇ-ਦੁਆਲੇ ਦਵਾਈਆਂ ਦੀਆਂ ਸ਼ੀਸ਼ੀਆਂ ਹੋਣ। ਇਲਾਜ ਕਰਾਂ ਮੈਂ ਲੋਕਾਂ ਦਾ। ਬੱਚਿਆਂ ਦਾ ਇਲਾਜ ਕਰਾਂ। ਕੇਵਲ ਤੇ ਕੇਵਲ ਬੱਚਿਆਂ ਦਾ। ਪੈਸਾ ਨਾ ਮੈਂ ਲਵਾਂ ਕੋਈ। ਬੱਚਿਆਂ ਦਾ ਫ਼ਰੀ ਇਲਾਜ। ਕੁਟੀਆ ਹੋਵੇ ਇਕ ਨਿੱਕੀ ਜਿਹੀ। ਇਕ ਪਾਸੇ ਬੈਠਾ ਹੋਵਾਂ।" ਅਤੇ ਉਹ ਅੱਗੇ ਬੋਲਿਆ: "ਕਾਮਰੇਡ ਜੀ, ਮੈਨੂੰ ਬਹੁਤ ਸ਼ਰਮ ਮਹਿਸੂਸ ਹੋ ਰਹੀ ਹੈ। ਮੇਰਾ ਮੁੰਡਾ—ਏਸ ਰਾਹ? ਕਿਸੇ ਅੱਗੇ ਅੱਖ ਚੁੱਕਣ ਜੋਗਾ ਨਹੀਂ ਰਿਹਾ ਮੈਂ।"

ਕੁਝ ਕੁ ਦਿਨ ਬੀਤ ਗਏ। ਪੰਜਾਬ ਵਿਚ ਪੁਲਿਸ-ਕਾਰਗੁਜ਼ਾਰੀ ਕਾਫ਼ੀ ਤੇਜ਼ ਹੋਈ। ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੇ ਮਾਰੇ ਜਾਣ ਦੀ ਖ਼ਬਰ ਆਈ। ਗੁਰਦੀਪ ਸਿੰਘ



ਸਿਬੀਆ, ਜੋ ਅੰਤਰਰਾਸ਼ਟਰੀ ਪੱਧਰ ਉਤੇ ਵਿਚਾਰਨ ਵਾਲਾ ਬੱਬਰ ਸੀ, ਸਰਕਾਰ ਅੱਗੇ ਪੇਸ਼ ਹੋਇਆ। ਥੋੜੇ ਦਿਨਾਂ ਮਗਰੋਂ ਹੀ ਸੁਖਦੇਵ ਸਿੰਘ ਸੁੱਖਾ ਵੀ, ਜੋ ਬੱਬਰਾਂ ਦਾ ਸਰਦਾਰ ਸੀ, ਮਾਰ ਦਿੱਤਾ ਗਿਆ ਸੀ। ਉਹਦੇ "ਵ੍ਹਾਈਟ ਹਾਊਸ" ਨੇ ਵੀ ਬਹੁਤ ਇਨਕਸ਼ਾਫ਼ ਕੀਤੇ। ਅੱਤਵਾਦੀ-ਵੱਖਵਾਦੀ ਲਹਿਰ ਬਚਾਅ ਵਿਚ ਪੈ ਗਈ ਸੀ। ਪੁਲਿਸ ਦਾ ਹੱਥ ਉਤੇ ਸੀ। ਫ਼ੌਜ ਵੀ ਇਸ ਕਾਰਵਾਈ ਵਿਚ ਪੁਲਿਸ ਦੀ ਮਦਦ ਕਰ ਰਹੀ ਸੀ। ਪੰਜਾਬ ਵਿਚ ਵਾਤਾਵਰਣ ਤਬਦੀਲ ਹੋਣ ਲੱਗ ਪਿਆ ਸੀ।

ਇਹਨਾਂ ਦਿਨਾਂ ਵਿਚ ਹੀ ਇਕ ਅਫ਼ਵਾਹ ਜਿਹੀ ਸੁਣੀ ਗਈ। ਹਰਦੇਵ ਸਿੰਘ ਨਿਹੰਗ ਗ਼ਾਜ਼ੀਆਬਾਦ ਵਿਚ ਫੜਿਆ ਗਿਆ ਹੈ ਅਤੇ ਹੁਣ ਪੰਜਾਬ ਵਿਚ, ਉਹਦੇ ਆਲੇ-ਦੁਆਲੇ ਦੇ ਪਿੰਡੀਂ ਛਾਪੇ ਵੱਜ ਰਹੇ ਹਨ। ਕਿਥੇ-ਕਿਥੇ ਰੋਟੀ ਖਾਧੀ, ਕਿਥੇ-ਕਿਥੇ ਰਾਤ ਕੱਟੀ, ਕਿਥੇ-ਕਿਥੇ ਹਥਿਆਰ ਲੁਕਾਏ, ਕਿਨ੍ਹਾਂ-ਕਿਨ੍ਹਾਂ ਨਾਲ ਸੰਪਰਕ। ਦੋ ਕੁ ਦਿਨਾਂ ਮਗਰੋਂ ਅਖ਼ਬਾਰਾਂ ਵਿਚ ਵੀ ਆ ਗਿਆ: "ਹਰਦੇਵ ਸਿੰਘ ਨਿਹੰਗ ਗ਼ਾਜ਼ੀਆਬਾਦ ਵਿਚ ਫੜਿਆ ਗਿਆ ਸੀ ਅਤੇ ਹੁਣ ਪੰਜਾਬ ਪੁਲਿਸ ਨੂੰ ਸੌਂਪ ਦਿੱਤਾ ਗਿਆ ਹੈ।" ਅਖ਼ਬਾਰਾਂ ਵਿਚ ਆਉਣ ਨਾਲ ਗੱਲ ਦੀ ਪੁਸ਼ਟੀ ਹੋ ਗਈ ਸੀ।

ਫੇਰ ਇਕ ਦਿਨ ਖ਼ਬਰ ਆਈ। "ਹਰਦੇਵ ਸਿੰਘ ਨਿਹੰਗ ਜ਼ੰਜੀਰਾਂ-ਸਣੇ ਪੁਲਿਸ ਦੀ ਹਿਰਾਸਤ ਵਿਚੋਂ ਭੱਜ ਗਿਆ। ਪੁਲਿਸ ਉਹਨੂੰ ਇਕ ਥਾਂ ਤੋਂ ਦੂਜੇ ਥਾਂ ਅਦਾਲਤ ਤੋਂ ਰੀਮਾਂਡ ਲਈ ਲੈ ਗਈ ਸੀ। ਵਾਪਸੀ ਵਿਚ, ਨਹਿਰ ਲਾਗੇ, ਪੁਲਿਸ ਦੀ ਹਿਰਾਸਤ ਵਿਚੋਂ ਉਹ ਫਰਾਰ ਹੋ ਗਿਆ ਸੀ।" ਇਹ ਦੋਵੇਂ ਥਾਵਾਂ ਕਸਬੇ ਸਨ ਜਿਨ੍ਹਾਂ ਦੇ ਨਾਂ ਲਿਖੇ ਸਨ। ਇਹਨਾਂ ਦੇ ਵਿਚਕਾਰ ਨਹਿਰ ਕੋਈ ਵੀ ਨਹੀਂ ਪੈਂਦੀ ਸੀ। ਗੱਲ ਸਾਰੀ ਝੂਠੀ ਹੀ ਸੀ।

ਹਰਦੇਵ ਸਿੰਘ ਨੂੰ ਸੌ-ਫ਼ੀ-ਸਦੀ ਕਤਲ ਕਰ ਦਿੱਤਾ ਗਿਆ ਸੀ। ਭੱਜਣਾ ਉਸ ਕਿਥੇ ਸੀ। ਭਾਵੇਂ ਇਉਂ ਜ਼ੰਜੀਰਾਂ ਵਿਚੋਂ ਵੀ ਕੈਦੀ ਭੱਜ ਹੀ ਜਾਂਦੇ ਹਨ।

ਦੋ ਕਿ ਤਿੰਨਾਂ ਦਿਨਾਂ ਬਾਅਦ ਅਖ਼ਬਾਰਾਂ ਵਿਚ ਕਾਮਰੇਡ ਜੱਸਾ ਸਿੰਘ ਦਾ ਖ਼ਤ ਛਪਿਆ:

"ਮੇਰਾ ਪੁੱਤਰ ਉੱਕਾ ਹੀ ਫ਼ਰਾਰ ਨਹੀਂ ਹੋਇਆ ਹੈ, ਸਗੋਂ ਉਹਨੂੰ ਪੁਲਿਸ ਵਲੋਂ ਮਾਰ ਦਿੱਤਾ ਗਿਆ ਹੈ। ਮੈਨੂੰ ਮੇਰੇ ਪੁੱਤਰ ਦੀ ਲਾਸ਼ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਮੈਂ ਸਸਕਾਰ ਦੀਆਂ ਆਖ਼ਰੀ ਰਸਮਾਂ ਕਰ ਸਕਾਂ।"

ਉਸ ਤੋਂ ਬਾਅਦ ਕਿਸੇ ਕਿਸਮ ਦੀ ਕੋਈ ਵੀ ਖ਼ਬਰ ਨਹੀਂ ਆਈ।

**689, ਫੇਜ਼ 10, ਮੁਹਾਲੀ**

O

## ਤੂੰ ਕੁਝ ਬੋਲਦੀ ਕਿਉਂ ਨਹੀਂ/ਪ੍ਰੇਮ ਸਾਹਿਲ

ਉਠ, ਪਾਣੀ ਪਿਲਾ
ਧਰਤੀਏ ! ਰੋਟੀ ਪਕਾ
ਤੇਰੇ ਜਾਏ
ਮਜੂਰੀ ਕਰਕੇ ਆਏ ਨੇ !

ਅਸੀਂ ਹੱਥਾਂ ਦੇ ਅੱਟਣਾਂ 'ਤੇ
ਮਲੀਏ ਭਖਦੀ ਸੁਆਹ
ਤੂੰ ਪਾ ਰੋਟੀ ਤਵੇ 'ਤੇ

ਨੂੰਹ ਆਪਣੀ ਨੂੰ ਕਹਿ
ਕੁੱਛੜ ਲੈ
ਨਿੱਕੇ ਨੂੰ ਵਰਾਵੇ
ਚੁਪ ਕਰਾਵੇ

ਬਿਣਾਈਆਂ ਸੇਕ ਲਈਏ]
ਚੁੱਲ੍ਹੇ ਦੀ ਅੱਗ 'ਤੇ
ਜਿੱਚਰ ਬਹੂ ਤੇਰੀ
ਥਾਲੀ 'ਚ ਰੋਟੀਆਂ ਲਾਵੇ

ਕੱਕਰੀ-ਸ਼ਾਮ ਦੀ ਬੁੱਕਲ 'ਚ
ਠਰਦੇ ਹੱਡ
ਮਿਹਨਤਾਂ ਦਾ ਸੇਕ ਕਿਉਂ ਮੱਠਾ
ਕਿਉਂ ਮਾਲਕ ਕੜਾਹੇ ਘੋਲਦੇ ?
ਬੋਲ ਮਾਏ !

ਗਰਾਹੀ ਰੋਟੀ ਦੀ
ਹਲਕ 'ਚੋਂ ਲੰਘਦੀ ਮਸਾਂ
ਕਿਉਂ ਜੁਆਕਾਂ ਨੂੰ,
ਸਕੂਲੀਂ ਪੜ੍ਹਨ ਨਾ ਪਾਈਏ ?



ਵੇਲਾ ਸੌਣ ਦਾ ਹੈ
ਮੰਨਿਆਂ
ਪਰ ਸੋਚਣ ਦਾ ਵੀ ਹੈ
ਕਦੀ ਇਹ ਜਾਣਿਆਂ
ਕਿਉਂ ਪੁੱਛਦੇ ਉਹੀ ਗੱਲਾਂ
ਅਸੀਂ ਨਿੱਤ ਸੌਣ ਤੋਂ ਪਹਿਲਾਂ ?

ਨਿੱਕਾ ਵਿਲਕਦਾ ਹੈ
ਚਿੰਬੜ ਕੇ
ਕਿਉਂ ਮਾਂ ਦੀ ਛਾਤੀ ਨੂੰ
ਤੇਹ ਨਹੀਂ ਬੁਝਦੀ
ਕਿਉਂ ਲਗਦੀ ਹੈ ਭੁੱਖ
ਵਰ੍ਹਦਾ ਹੈ ਅੰਬਰ
ਛੱਤ ਹੈ ਨੜਿਆਂ ਦੀ ਸਿਰ 'ਤੇ

ਕਿਉਂ ਸੁਪਨੇ 'ਚ
ਅੰਬਰੋਂ
ਡੂੰਘੀਆਂ ਖੱਡਾਂ 'ਚ ਡਿਗਦੇ ਹਾਂ
ਸਵੇਰੇ ਖਿੰਡਰੇ ਹੱਡਾਂ ਨੂੰ
ਮੁੜ ਜੋੜਨ ਦੀ ਮਜਬੂਰੀ ਹੈ ਕਿਉਂ ?
ਤੂੰ ਕੁਝ ਬੋਲਦੀ ਕਿਉਂ ਨਹੀਂ ?

ਤੇਰਾ ਚਿਹਰਾ
ਕਿਉਂ ਬਣਦਾ ਨਹੀਂ
ਉੱਤਰ ਸਵਾਲਾਂ ਦਾ
ਕਿਉਂ ਚੜ੍ਹਦਾ ਨਹੀਂ ਰੂਪ
ਹੱਥਾਂ ਨੂੰ ਮਸ਼ਾਲਾਂ ਦਾ ?

ਕਹਿ ਦੇਨੀਂ ਏਂ ਖਾਲੀ
ਸੌਂ ਜਾ ਮੇਰੇ ਪੁੱਤਾ
ਸਵੇਰੇ ਸਾਝਰੇ ਉੱਠਣੈਂ !

—o—

## ਖੁਸ਼ਕ ਦਰਿਆ

ਅਤਰਜੀਤ

ਦੋ ਕੁ ਘੰਟਿਆਂ ਦੇ ਅਰਸੇ ਵਿਚ ਉਨ੍ਹਾਂ ਦਾ ਹੁਣ ਤੱਕ ਛੇਵਾਂ ਛੇਵਾਂ ਚਾਹ ਦਾ ਕੱਪ ਸੀ। ਯੂਨੀਵਰਸਿਟੀ ਦੇ ਗੇਟ ਅੱਗੋਂ ਮੁੱਖ ਸੜਕ ਲੰਘਦੀ ਹੈ। ਇਹ ਚਾਹ-ਦੁੱਧ ਦੀਆਂ ਦੁਕਾਨਾਂ ਤੇ ਢਾਬੇ ਹਨ। ਢਾਬਿਆਂ ਦੇ ਅੰਦਰ ਵੀ ਤੇ ਬਾਹਰ ਵੀ ਦੁਕਾਨਦਾਰਾਂ ਨੇ ਫੱਟੇ ਰੱਖੇ ਹੋਏ ਹਨ। ਉਹ ਬਾਹਰ ਹੀ ਨਵੇਕਲੀ ਜਿਹੀ ਥਾਵੇਂ ਬੈਠ ਗਏ ਸਨ ਫੱਟਾ ਖਿੱਚ ਕੇ। ਉਨ੍ਹਾਂ ਵਿਚਕਾਰ ਗੱਲਾਂ ਦੀ ਧੂਣੀ ਮਘਦੀ ਰਹੀ ਤੇ ਚਾਹ ਦੇ ਕੱਪ ਬਰਾਬਰ ਆਉਂਦੇ ਰਹੇ। ਗੱਲ ਚਲਦੀ ਚਲਦੀ ਕਿਸੇ ਨਾਜ਼ਕ ਪੜਾਅ ਤੇ ਰੁਕ ਜਾਂਦੀ ਸੀ ਤਾਂ ਡਾ: ਬਚਨਜੀਤ ਚਾਹ ਦੇ ਕੱਪ ਲਈ ਹੁਕਮ ਦੇ ਦਿੰਦੇ ਸਨ। 'ਦੋ ਕੱਪ ਚਾਹ, ਮਿੱਠਾ ਘੱਟ ਪੱਤੀ ਤੇਜ਼।'

ਉਨ੍ਹਾਂ ਦੀ ਅੱਜ ਵਾਲੀ ਮਿਲਣੀ ਬੜੀ ਹੀ ਗਰਮਾ-ਗਰਮ ਜਾਂ ਕਹਿ ਲਓ ਨਿੱਘੀ ਨਿੱਘੀ ਸੀ ਬਹੁਤ ਹੀ ਨਿੱਘੀ ਦਿਲ ਨੂੰ ਧਰਵਾਸ ਦੇਣ ਵਾਲੀ। ਪੂਰੇ ਅੱਠ ਸਾਲ ਬਾਅਦ ਜੋ ਮਿਲੇ ਸਨ।

ਡਾ: ਬਚਨਜੀਤ ਸਿੰਘ ਨੇ ਸਾਧਾਰਨ ਜਿਹੇ ਕਵੀ ਸੁਰਿੰਦਰ ਸਿੰਘ ਨੂੰ ਘੁੱਟ ਕੇ ਗਲਵਕੜੀ ਵਿਚ ਲੈ ਲਿਆ ਸੀ। ਪੇਂਡੂ ਮਾਹੌਲ ਵਿਚ ਰਹਿੰਦੇ ਸੁਰਿੰਦਰ ਸਿੰਘ ਜੇ. ਬੀ. ਟੀ. ਅਧਿਆਪਕ ਨੂੰ ਇਹ ਆਸ-ਉਮੀਦ ਨਹੀਂ ਸੀ ਕਿ ਯੂਨੀਵਰਸਿਟੀ ਦਾ ਡਾਕਟਰ ਤੇ ਫਿਰ ਪੂਰੇ ਵਿਭਾਗ ਦਾ ਮੁਖੀ ਅਜੇ ਵੀ ਆਪਣੇ ਹਿਰਦੇ ਵਿਚ ਉਸ ਲਈ ਏਨਾ ਨਿੱਘ ਲਈ ਫਿਰਦਾ ਸੀ। ਏਨੇ ਵੱਡੇ ਬੰਦੇ ਤੇ ਬਹੁਤ ਮੰਨੇ ਦੰਨੇ ਆਲੋਚਕ ਦੀ ਸੰਗਤ ਵਿਚ ਉਹ ਆਪਣੇ ਆਪ ਨੂੰ ਵੀ ਵੱਡਾ ਬੰਦਾ ਮਹਿਸੂਸ ਕਰ ਰਿਹਾ ਸੀ। ਕੁਝ ਇਹੋ ਜਿਹੇ ਭਾਵਾਂ ਦੇ ਅਧੀਨ ਹੀ ਉਸ ਨੇ ਦੂਰ ਆਸਮਾਨ ਵਿਚ ਫੈਲੇ ਚਿਤ ਮਿਤਰੇ ਬੱਦਲਾਂ ਦੀਆਂ ਰੰਗਦਾਰ ਕੰਨੀਆਂ ਨੂੰ ਪਲਕਾਂ ਵਿਚ ਫੜਨ ਦਾ ਯਤਨ ਕੀਤਾ। ਏਨੇ ਹੀ ਰੰਗ ਉਸ ਦੇ ਚਾਅ ਅਤੇ ਖੇੜੇ ਵਿਚ ਘੁਲੇ ਹੋਏ ਸਨ। ਡਾ: ਬਚਨਜੀਤ ਨੇ ਉਸਨੇ ਸੱਜੇ ਹੱਥ ਦੇ ਪੰਜੇ ਵਿਚ ਆਪਣਾ ਪੰਜਾ ਫਸਾ ਕੇ ਚਾਹ ਦੇ ਢਾਬੇ ਵੱਲ ਖਿੱਚਿਆ ਸੀ। 'ਬੱਲੇ ! ਬੱਲੇ !! ਵਾਹ ! ਬਈ ਵਾਹ !!' ਉਹ ਮੁੜ ਮੁੜ ਇਹੋ ਸ਼ਬਦ ਦੁਹਰਾਈ ਜਾਂਦਾ ਸੀ, 'ਵਾਹ ! ਬਈ ਵਾਹ !! ਬੱਲੇ ! ਬੱਲੇ !!'

'ਪਹਿਲਾਂ ਚਾਹ ਪੀਂਦੇ ਆਂ—ਬਾਕੀ ਗੱਲਾਂ ਫੇਰ ਕਰਾਂਗੇ।' ਉਹ ਉਸਨੂੰ ਇਕ ਤਰ੍ਹਾਂ ਨਾਲ ਘੜੀਸੀ ਲਈ ਜਾਂਦਾ ਸੀ 'ਬੱਲੇ ! ਬੱਲੇ !' ਆਹ ਤਾਂ ਕਮਾਲ ਈ ਹੋ ਗਈ ਬਈ ਸੁਰਿੰਦਰ......ਕਿਧਰੋਂ ਉਤਰ ਪਿਆਂ ਪਤੰਦਰਾ ਅੱਜ ? ਵਾਹ ਵਾਹ !! ਵਾਹ !!! ਬੱਲੇ ! ਬੱਲੇ !! ਬੱਲੇ !!' ਡਾ: ਸਾਹਿਬ ਨੇ ਧੁੱਪ 'ਚ ਕਾਲੇ ਹੋ ਜਾਣ ਵਾਲੇ ਚਸ਼ਮਿਆਂ 'ਚੋਂ ਉਸਦੀਆਂ ਅੱਖਾਂ ਵਿਚ ਡੂੰਘਾ ਉਤਰਦਿਆਂ ਕਿਹਾ।

'ਅੱਜ ਯੂਨੀਵਰਸਿਟੀ ਵਿਚ ਮੇਰੀ ਮਿਸਿਜ਼ ਦਾ ਟੈਸਟ ਜਿਹਾ ਸੀ ਛੋਟਾ ਜਿਹਾ...... ਉਹ ਟੈਸਟ ਵਿਚ ਬੈਠੀ ਐ......ਐਵੇਂ ਪੰਗਾ ਜਿਹਾ ਲੈ ਲਿਆ......ਪਤਾ ਨਹੀਂ ਕੀ



ਬਣੂ ? ਜੇ ਪਾਸ ਵੀ ਹੋ ਗਈ ਤਾਂ ਕੀ ਪਤਾ ਸੀਟ ਮਿਲ਼ਗੀ ਵੀ ਕਿ ਨਹੀਂ।' ਅੰਦਰੋਂ ਤਾਂ ਉਹ ਇਹ ਆਪਣਾ ਚਾਹੁੰਦਾ ਸੀ ਕਿ ਡਾ: ਬਚਨਜੀਤ ਸਿੰਘ ਪੂਰੀ ਯੂਨੀਵਰਸਿਟੀ ਦਾ ਮਾਲਕ ਬੈਠਾ ਹੈ—ਹੁਣ ਦਰਿਆ ਦੇ ਕਿਨਾਰੇ ਤੋਂ ਉਹ ਤਿਹਾਏ ਕਿਵੇਂ ਮੁੜ ਸਕਦੇ ਸਨ......ਪਰ ਉਸਦੇ ਪੇਂਡੂ ਤੇ ਸੰਗੇਤ ਵਾਲੇ ਸੁਭਾਅ ਨੇ ਸਾਥ ਨਾ ਦਿੱਤਾ। ਡਾ: ਬਚਨਜੀਤ ਸਿੰਘ ਪਤਾ ਨਹੀਂ ਕੀ ਕਹਿਣ ਲੱਗਿਆ ਸੀ, ਸੁਰਿੰਦਰ ਅੱਗੋਂ ਪਹਿਲਾਂ ਹੀ ਬੋਲ ਪਿਆ—'ਹੋਰ ਜੀ ਫੌਜਾਂ ਕਿਹੜੇ ਰੰਗਾਂ 'ਚ ਨੇ ਅੱਜ ਕੱਲ੍ਹ...ਚੜ੍ਹਦੀਆਂ ਕਲਾਂ ਨੇ ਕਿ......?......!' ਇਹ ਸ਼ਬਦ ਉਸਦੇ ਢਿੱਡ 'ਚੋਂ ਨਹੀਂ ਸਗੋਂ ਸੰਘ 'ਚੋਂ ਨਿਕਲੇ।

ਇਹ ਸ਼ਬਦ, ਜਿਨ੍ਹਾਂ ਨੂੰ ਬਹੁਤ ਚਿਰ ਹੋਇਆ, ਖ਼ਾਸ ਕਰਕੇ ਜਦੋਂ ਤੋਂ ਉਸ ਨੇ ਕਵਿਤਾ ਲਿਖਣੀ ਸ਼ੁਰੂ ਕੀਤੀ ਸੀ, ਸੁਰਿੰਦਰ ਤਿਲਾਂਜ਼ਲੀ ਦੇ ਚੁੱਕਾ ਸੀ ਪਰ ਅੱਜ ਫੇਰ ਅੱਚਨਚੇਤੀ ਉਸਦੀ ਜ਼ਬਾਨ ਤੇ ਆ ਨੱਚੇ। ਅਸਲ ਵਿਚ ਮਾਹੌਲ ਦੇ ਦਬਾਅ ਸਦਕਾ ਇਹੋ ਜਿਹੇ ਪਰੰਪਰਾਗਤ ਸ਼ੈਲੀ ਵਾਲੇ ਵਾਕਾਂ ਦੇ ਵਾਕ ਹੀ ਹੁਣ ਹਾਰੀ ਸਾਰੀ ਦੇ ਦਿਮਾਗ 'ਤੇ ਸਵਾਰ ਹੋ ਚੁੱਕੇ ਸਨ ਜੋ ਬਦੋ-ਬਦੀ ਮੂੰਹੋਂ ਨਿਕਲਦੇ ਸਨ, 'ਹੋਰ ਜੀ ਸਿੰਘ ਸਾਹਿਬ ! ਕੀ ਹਾਲੇ ਵਾਲੇ ਐ ਖ਼ਾਲਸਾ ਜੀ ?......ਚੜ੍ਹਦੀਆਂ ਕਲਾਂ ਕਿ......।'

ਅੱਜ ਤੋਂ ਸੱਤ ਅੱਠ ਸਾਲ ਪਹਿਲਾਂ ਜਦੋਂ ਡਾ: ਬਚਨਜੀਤ ਸਿੰਘ ਬਠਿੰਡੇ ਦੇ ਲੋਕ ਗਾਇਕੀ ਸਮਾਰੋਹ ਵਿਚ ਮਿਲਿਆ ਸੀ ਤਾਂ ਉਸ ਨੇ ਨੀਲੀ ਦਸਤਾਰ ਤੇ ਪੀਲੀ ਫਿਫਟੀ ਨਹੀਂ ਸੀ ਬੰਨ੍ਹੀ ਹੋਈ। ਦਾੜ੍ਹੀ ਭਾਵੇਂ ਚੜ੍ਹਾਈ ਹੋਈ ਸੀ ਪਰ ਮੁੱਛਾਂ ਕਿਸੇ ਨਵੇਂ ਜਿਹੇ ਸਟਾਈਲ ਨਾਲ ਕੱਟੀਆਂ ਹੋਈਆਂ ਤੇ ਉਪਰ ਵੱਲ ਖਿਲਾਰਕੇ ਖੜ੍ਹਾਈਆਂ ਹੋਈਆਂ ਸਨ। ਉਨ੍ਹਾਂ ਦੇ ਹੇਠ ਤਿੱਖੇ ਬੁੱਲ੍ਹਾਂ ਵਿਚ ਨਿੱਘੀ ਤੇ ਤਿੱਖੀ ਸੂਝ ਚਮਕਦੀ ਸੀ ਤੇ ਸਫੈਦ ਚਸ਼ਮੇ ਸ਼ਰਾਫ਼ਤ ਤੇ ਵਿਦਵਤਾ ਦੀ ਮਹਿਕ ਨਾਲ ਤਰ ਜਾਪਦੇ ਸਨ।

ਅੱਜ ਉਸ ਦੀਆਂ ਮੁੱਛਾਂ ਖਿਲਰੀਆਂ ਤੇ ਉੱਪਰ ਵੱਲ ਚੜ੍ਹੀਆਂ ਹੋਈਆਂ ਸਨ, ਤੇ ਮੁੱਛਾਂ ਨਹੀਂ ਬਲਕਿ ਮੁਛਿਹਰੇ ਜੋ ਐਨਕ ਦੇ ਫਰੇਮ ਨੂੰ ਛੂਹ ਰਹੇ ਸਨ। ਦਾੜ੍ਹੀ ਖੁਲ੍ਹੀ ਛੱਡੀ ਹੋਈ-ਨੀਲੇ ਰੰਗ ਦੀ ਦਸਤਾਰ ਤੇ ਖੱਟੇ ਰੰਗ ਦੀ ਫਿਫਟੀ। ਸੁੰਦਰ ਖੂਬ ਸੁੰਦਰ ਪਰ ਯੂਨੀ-ਵਰਸਿਟੀ ਦੇ ਡਾਕਟਰ ਲੱਗਣ ਨਾਲੋਂ ਉਹ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਬਹੁਤੇ ਲਗਦੇ ਸਨ।

ਬਠਿੰਡੇ ਦੇ ਲੋਕ ਗਾਇਕੀ ਸਮਾਗਮ ਵਿਚ ਉਨ੍ਹਾਂ ਕਵੀਸ਼ਰੀ ਵਿਚ ਸਿੱਖੀ ਸੰਕਲਪ ਬਾਰੇ ਬੋਲਦਿਆਂ ਕਿਹਾ ਸੀ, 'ਪੂਰਨ ਸਿੰਘ ਤੋਂ ਲੈਕੇ ਸਾਡੇ ਕਵੀਸ਼ਰਾਂ-ਢਾਡੀਆਂ ਨੇ ਵੀ ਸਿੱਖੀ ਦੇ ਬਾਹਰੀ ਸਰੂਪ ਨੂੰ ਜਿਥੇ ਵਡਿਆਇਆ ਹੈ ਉਥੇ ਉੱਚਾ ਸਥਾਨ ਅੰਦਰੂਨੀ ਰਹਿਤ ਮਰਿਆਦਾ ਨੂੰ ਦਿੱਤਾ ਹੈ।' ਬਚਨਜੀਤ ਛਾ ਗਿਆ ਸੀ।

ਉਦੋਂ ਸੁਰਿੰਦਰ ਨੂੰ ਡਾ: ਬਚਨਜੀਤ ਸਿੰਘ ਉਸ ਦੇ ਚਸ਼ਮਿਆਂ ਦੇ ਸ਼ੀਸ਼ਿਆਂ ਵਾਂਗ ਹੀ ਨਿਰਮਲ ਤੇ ਸਵੱਛ ਲੱਗਿਆ ਸੀ ਤੇ ਅੱਜ ਉਸ ਨੂੰ ਏਸ ਸ਼ਖ਼ਸੀਅਤ ਵਿਚ ਕਈ ਰੰਗ ਘੁਲੇ ਹੋਏ ਦਿੱਸੇ ਸਨ ਭਾਵੇਂ ਕਿ ਛਾਂ ਵਿਚ ਬੈਠੇ ਹੋਣ ਕਰਕੇ ਉਸ ਦੇ ਚਸ਼ਮਿਆਂ ਦਾ ਰੰਗ ਫਿੱਕਾ ਪੈਂਦਾ ਜਾ ਰਿਹਾ ਸੀ। ਅੱਜ ਉਸ ਨੂੰ ਡਾ: ਬਚਨਜੀਤ ਦੀਆਂ ਅੱਖਾਂ ਵਿਚ ਘੁਲੇ ਇਹਨਾਂ ਰੰਗਾਂ 'ਚੋਂ ਕੁਝ, ਅਗੰਮ ਤੇ ਅਗੋਚਰ ਮਨ—ਸੰਸਾਰ ਦੇ ਸੂਚਕ ਜਾਪਦੇ ਸਨ। ਇਹ ਵੀ

ਕੁਝ ਮਾਹੌਲ ਦਾ ਦਬਾਅ ਹੀ ਸੀ ਕਿ ਹੁਣ ਬਹੁਤੇ ਲੋਕ ਅੱਖਾਂ ਅੱਧ ਮੀਟੀਆਂ ਜਿਹੀਆਂ ਰੱਖਣ ਲੱਗ ਪਏ ਸਨ। ਇਹਨਾਂ ਅੱਧ-ਮੀਟੀਆਂ ਅੱਖਾਂ ਵਿਚ ਘੁਲੇ ਰੰਗਾਂ ਦੀ ਪਛਾਣ ਹੁਣ ਸਹਿਜ ਦਾ ਕੰਮ ਨਹੀਂ ਸੀ ਰਿਹਾ।

ਚਾਹ ਦਾ ਪਹਿਲਾਂ-ਪਹਿਲਾਂ ਕੱਪ ਪੀਂਦਿਆਂ ਦੁਹਾਂ ਨੇ ਆਪਣੀਆਂ-ਆਪਣੀਆਂ ਸਾਹਿਤਕ ਗਤੀਵਿਧੀਆਂ ਦੀ ਜਾਣਕਾਰੀ ਦਿੱਤੀ। ਸੁਰਿੰਦਰ ਦਾ 'ਕਾਲੇ ਹਾਸ਼ੀਏ' ਗ਼ਜ਼ਲ ਸੰਗ੍ਰਹਿ ਛਪ ਚੁੱਕਾ ਸੀ। ਪਬਲਿਸ਼ਰ ਦੀਆਂ ਮਿਹਰਬਾਨੀਆਂ ਕਰਕੇ ਉਸ ਦੇ ਕੋਲ ਕੋਈ ਕਾਪੀ ਨਹੀਂ ਸੀ ਰਹੀ। ਜਿੰਨੀਆਂ ਕੁ ਮਿਲੀਆਂ ਸਨ, ਉਰ੍ਹਾਂ ਪਰ੍ਹਾਂ ਵੰਡੀਆਂ ਗਈਆਂ। ਇਕ ਦੋ ਕੁ ਬਚੀਆਂ ਉਹ ਇਕ ਵਾਰ ਗਈਆਂ ਮੁੜ ਕੇ ਨਹੀਂ ਆਈਆਂ। ਬਚਨਜੀਤ ਨੂੰ ਉਸ ਨੇ ਕਾਪੀ ਭੇਜੀ ਸੀ। ਬਚਨਜੀਤ ਕਹਿੰਦਾ ਹੈ ਮਿਲੀ ਨਹੀਂ ਕੀ ਡਾਕ ਖਾ ਗਈ ਜਾਂ ਡਾਕ ਵਾਲੇ।

'ਖੈਰ ਲੇਖਕ ਦਾ ਦੁਖਾਂਤ ਹੈ ਸੁਰਿੰਦਰ......ਪਬਲਿਸ਼ਰ ਦਾ ਦੋਸ਼ ਨਹੀਂ...... ਦੋਸ਼ ਪਾਠਕਾਂ ਦਾ ਵੀ ਹੈ......ਪੰਜਾਬੀ ਵਿਚ ਕਿੱਥੇ ਐ ਪਾਠਕ ? ਅਸੀ ਤੁਸੀਂ ਹੀ ਪਾਠਕ ਆਂ ਜਿਹੜੇ ਲੇਖਕ ਆਂ......।'

ਪਾਠਕ ਦੇ ਵਿਗੜੇ ਹੋਏ ਸਵਾਦ ਬਾਰੇ ਗੱਲਾਂ ਹੁੰਦੀਆਂ ਰਹੀਆਂ। 'ਪੜ੍ਹਦਾ ਕੌਣ ਐ ? ਸੁਣ ਕੇ ਈ ਫਤਵਾ ਦੇ ਦੇਣਗੇ ਫਲਾਂ ਵਧੀ ਐ ਫਲਾਂ ਨੇ ਗੰਦ ਪਾ ਤਾ।'

ਦੂਜਾ ਕੱਪ ਆਇਆ, ਪਤਾ ਨੀ ਕੀ ਹੋ ਗਿਆ ਡਾ: ਬਚਨਜੀਤ ਉਦਾਸ ਹੋ ਗਿਆ ਤੇ ਉਪਰੋਥਲੀ ਕਈ ਹਉਕੇ ਖਿੱਚ ਗਿਆ। ਉਦਾਸੀ ਦੀ ਪੀਲੀ ਭਾਹ ਉਸ ਦੇ ਚਿਹਰੇ ਦੇ ਕਣਕ ਵੰਨੇ ਰੰਗ ਵਿਚ ਘੁਲਣ ਲੱਗ ਪਈ। ਉਸ ਨੇ ਐਨਕਾਂ ਲਾਹ ਕੇ ਪਰਸ ਵਿਚ ਪਾ ਲਈਆਂ ਤੇ ਫਿਰ ਕੋਲ ਹੀ ਪਏ ਫਾਈਲ ਨੁਮਾ ਬੈਗ ਵਿਚ ਸੁੱਟ ਲਈਆਂ। ਸੁਰਿੰਦਰ ਨੇ ਵੇਖਿਆ ਕਿ ਇਹ ਜ਼ਰਦ ਰੰਗ ਤਾਂ ਉਸ ਦੀਆਂ ਅੱਖਾਂ ਵਿਚ ਵੀ ਉਤਰ ਆਇਆ ਸੀ। ਸੁਰਿੰਦਰ ਨੂੰ ਬਠਿੰਡੇ ਵਿਚ ਕਰਵਾਇਆ ਉਹ ਸਮਾਗਮ ਯਾਦ ਆਇਆ ਤੇ ਫਿਰ ਉਸ ਤੋਂ ਮਗਰਲੇ ਦੋ ਦਿਨ। ਫੱਕਰ ਕਿਸਮ ਦੇ ਜਾਪਦੇ ਇਹ ਲੋਕ ਦੋ ਦਿਨ ਉਸ ਦੇ ਪਿੰਡ ਰਹੇ ਸਨ। ਯੂਨੀਵਰਸਿਟੀ ਤੇ ਸ਼ਹਿਰ ਦੀ ਘੁਟਣ 'ਚੋਂ ਨਿਕਲ ਕੇ ਮਸਾਂ ਹੀ ਉਹ ਖੁਲ੍ਹੀ ਹਵਾ ਵਿਚ ਆਏ ਸਨ; ਬਹੁਤ ਸਾਰੀ ਤਾਜ਼ੀ ਹਵਾ ਆਪਣੇ ਫਿਫੜਿਆਂ ਵਿਚ ਭਰ ਕੇ ਲੈ ਜਾਣ ਦੀ ਤਾਂਘ ਨਾਲ।

ਯੂਨੀਵਰਸਿਟੀ ਦੇ ਇਹ ਤਿੰਨ ਵਿਦਵਾਨ ਉਦੋਂ ਉਦੋਂ ਉਨ੍ਹਾਂ ਦੇ ਸਮਾਗਮ ਵਿਚ ਪੁੱਜੇ ਵਿਦਵਤਾ ਦਾ ਲਬਾਦਾ ਉਤਾਰ ਕੇ ਡਾ: ਬਚਨਜੀਤ ਨੇ ਹਾਂ ਕਿਹਾ ਸੀ—'ਤਰਕ ਦੀ ਐਸੀ ਤੈਸੀ ਬਈ......ਹਾਂ ਬਈ ਸੁਰਿੰਦਰ' ਉਸ ਨੇ ਬਹੁਤ ਹੀ ਅਪਣੱਤ ਭਰੇ ਅੰਦਾਜ਼ ਵਿਚ ਉਸ ਨੂੰ ਕੋਲ ਬੁਲਾ ਕੇ ਕਿਹਾ ਸੀ—'ਗੱਲ ਇਹ ਬਈ ਮਿੱਤਰ ਅਖੇ ਜੈਸਾ ਦੇਸ ਵੈਸਾ ਭੇਸ...... ਜੇ ਇਧਰੋਂ ਕਿਧਰੋਂ ਦੇਸੀ ਹੋ ਜਾਏ......ਰੂੜੀ ਮਾਰਕਾ......ਪਹਿਲੇ ਤੋੜ ਦੀ।'

ਸੁਰਿੰਦਰ ਤਾਂ ਵੱਡੇ ਬੰਦਿਆਂ ਦੀ ਵਿਦਵਤਾ ਦੀ ਝੇਪ ਵਿਚ ਆਖਣੋਂ ਸੰਗਦਾ ਹੀ ਰਿਹਾ ਸੀ। ਨਾਲੇ ਇਹ ਵਿਦਵਾਨ ਕਿਸਮ ਦੇ ਲੋਕ ਜੇ ਪੀਂਦੇ ਵੀ ਹੋਏ ਤਾਂ ਮਾੜੀ-ਧੀੜੀ ਦਾਰੂ ਥੋੜ੍ਹਾ ਹੀ ਪੀਂਦੇ ਹੋਣਗੇ। ਉਸ ਨੇ ਤਾਂ ਉਦੋਂ ਇਹ ਸੋਚਿਆ ਸੀ। ਤਾਂ ਵੀ ਉਸ ਨੂੰ ਉਹਨਾਂ



ਦੀ ਮੰਗ ਬੁਰੀ ਨਹੀਂ ਸੀ ਲੱਗੀ ਸਗੋਂ ਉਸ ਨੂੰ ਤਾਂ ਇਕ ਦਮ ਇਉਂ ਲੱਗਿਆ ਸੀ ਜਿਵੇਂ ਉਸ ਦਾ ਭਾਰ ਫੁੱਲਾਂ ਦੇ ਬਰਾਬਰ ਹੋ ਗਿਆ ਹੋਵੇ ਤੇ ਉਹ ਧਰਤੀ ਦੀ ਖਿੱਚ ਤੋਂ ਮੁਕਤ ਹੋ ਕੇ ਉੱਪਰ-ਉੱਪਰ ਉੱਡਣ ਲੱਗ ਪਿਆ ਹੋਵੇ—ਚਾਵਾਂ ਮੱਤੀ ਉਡਾਰੀ।

ਉਸ ਨੇ ਤੁਰੰਤ ਸਕੂਟਰ ਕੱਢਿਆ ਤੇ ਨਿੱਕੇ ਜਿਹੇ ਪਿੰਡ ਦੀਆਂ ਠੋਹੀਆਂ ਫਰੋਲਣ ਤੁਰ ਪਿਆ। ਅੰਗਰੇਜ਼ੀ ਰਾਜ ਵੇਲੇ ਦੀ ਬਣੀ ਪਰ ਬੇ-ਆਬਾਦ ਪਈ ਨਹਿਰੀ ਕੋਠੀ ਦੇ ਨਾਲ ਬੰਬੀ ਤੋਂ ਠੱਠੀ ਵਾਲੇ ਬੰਤਾ ਸਿੰਘ ਦੇ ਮੁੰਡਿਆਂ ਤੋਂ ਦਾਰੂ ਮਿਲ ਗਈ। ਖੁਸ਼ੀ ਦੇ ਤਰਾਰੇ ਜਿਹੇ ਵਿਚ ਉਹ ਝੂੰਮਿਆ। ਆਖ਼ਰ ਯੂਨੀਵਰਸਿਟੀ ਦੇ ਏਡੇ ਵੱਡੇ ਵਿਦਵਾਨ ਉਸ ਦੇ ਮਹਿਮਾਨ ਸਨ ਜਿਹਨਾਂ ਨੇ ਸਮਾਗਮ ਵਿਚ ਅਨਪੜ੍ਹ ਤੋਂ ਲੈ ਕੇ ਪੜ੍ਹੇ ਲਿਖੇ ਸਰੋਤਿਆਂ ਤੱਕ ਨੂੰ ਕਾਇਲ ਕਰ ਦਿੱਤਾ ਸੀ।

ਏਸ ਸਮਾਗਮ ਨੇ ਤਾਂ ਉਸ ਦਾ ਕੱਦ ਲੰਮਾ ਹੀ ਨਹੀਂ ਸਗੋਂ ਬੁਲੰਦ ਕਰ ਦਿੱਤਾ ਸੀ। ਇਲਾਕੇ ਦੇ ਲੋਕਾਂ ਨੂੰ ਪਤਾ ਲੱਗਾ ਗਿਆ ਸੀ ਕਿ ਉਹ ਵੱਡੇ ਸ਼ਹਿਰ ਦੇ ਵੱਡੇ ਬੰਦਿਆਂ ਦਾ ਸੰਗੀ ਸਾਥੀ ਹੈ। ਮਹਾਨ ਬੰਦਿਆਂ ਦੀ ਛਾਂ ਵਿਚ ਖੜ੍ਹ ਕੇ ਹੀ ਤੁਸੀਂ ਮਹਾਨ ਹੋ ਜਾਂਦੇ ਹੋ। ਇਸ ਮਹਾਨਤਾ ਦੀ ਨਿੱਘ ਦੇਣ ਵਾਲੀ ਹਰਕਤ ਤਾਂ ਉਸ ਨੇ ਆਪਣੀਆਂ ਰਗਾਂ ਵਿਚ ਸਲ੍ਹਾਟ ਪਾਉਂਦੀ ਮਹਿਸੂਸ ਕਰ ਲਈ ਸੀ।

ਦੇਸੀ ਦਾਰੂ ਦੀਆਂ ਦੋ ਬੋਤਲਾਂ ਪਹਿਲੇ ਤੋੜ ਦੀਆਂ। ਚੀਚੀ ਭਿਉਂ ਕੇ ਤੀਲੀ ਲਾਈ। ਨੀਲੀ ਲਾਟ ਨਿਕਲੀ ਜਿਵੇਂ ਪੈਟਰੋਲ ਨੂੰ ਅੱਗ ਲੱਗੀ ਹੋਵੇ। ਆਉਂਦਾ ਹੋਇਆ ਉਹ ਵਿਹੜੇ ਵੱਲ ਵੀ ਹੋ ਆਇਆ। ਪੀਤੂ ਮਜ਼੍ਹਬੀ ਦੇ ਖੁੱਡੇ 'ਚੋਂ ਪੱਠੇ ਮੁਰਗਿਆਂ ਦੀ ਜਾਨ ਦਾ ਖੌ, ਗਿੱਠ ਲੰਮੀ ਕਲਗੀ ਵਾਲਾ ਲਾਲ ਕੁੱਕੜ ਫੜ ਲਿਆਇਆ। ਡੇਢ ਫੁੱਟ ਉੱਚਾ, ਲਵਾ ਪੱਠਾ, ਖਰਾਂ ਵੀ ਅਜੇ ਨਹੀਂ ਸੀ ਫੁੱਟੀਆਂ। ਜ਼ਿਲਤ ਭਰੇ ਫਖ਼ਰ ਜਿਹੇ ਨਾਲ ਉਹ ਕੁੱਕੜ ਨੂੰ ਲੁਕੋ ਕੇ ਉਨ੍ਹਾਂ ਦੇ ਕੋਲੋਂ ਲੰਘਿਆ।

ਸੁਰਿੰਦਰ ਨੇ ਸਕੂਟਰ ਸਟੈਂਡ ਉੱਪਰ ਕਾਹਲੀ-ਕਾਹਲੀ ਲਾਇਆ। ਕਾਹਲੀ-ਕਾਹਲੀ ਅੰਦਰ ਗਿਆ ਤੇ ਫਿਰ ਕਾਹਲੀ-ਕਾਹਲੀ ਬਾਹਰ ਆਇਆ। ਦਾਅ ਨਹੀਂ ਸੀ ਲੱਭ ਰਿਹਾ। ਅੰਦਰੋਂ ਮਨਹੂਸ ਜਿਹੇ ਚਾਅ ਨਾਲ ਗੁਦਗਦਾਇਆ ਤੇ ਪੇਤਲੀ ਜਿਹੀ ਅਪਰਾਧੀ ਭਾਵਨਾ ਦੀ ਜਕੜ ਵਿਚ ਜਕੜਿਆ ਉਹ ਮਹਿਸੂਸ ਕਰ ਰਿਹਾ ਸੀ ਕਿ ਅੱਜ ਦੇ ਮਹਿਮਾਨਾਂ ਨੂੰ ਕਿਥੇ ਬਿਠਾਵੇ ? ਉਸਨੂੰ ਤਾਂ ਆਪਣਾ ਪੇਂਡੂ ਤਰਜ਼ ਦਾ ਖੁੱਲ੍ਹਾ-ਡੁੱਲ੍ਹਾ ਤੇ ਪੱਕਾ ਬਣਾਇਆ ਮਕਾਨ ਵੀ ਭੀੜਾ-ਭੀੜਾ ਲੱਗ ਰਿਹਾ ਸੀ। ਮਕਾਨ ਜਿਵੇਂ ਉਸਦੀ ਖਿੱਲੀ ਉਡਾ ਰਿਹਾ ਹੋਵੇ।

'ਸੁਰਿੰਦਰ ਉਰੇ ਆ।' ਡਾ: ਬਚਨਜੀਤ ਦੇ ਨਾਲ ਆਏ ਡਾ: ਪਾਲ ਨੇ, ਜੋ ਖੱਬੇ ਦੀ ਮੁੱਠੀ ਮੀਟ ਕੇ ਏਸ ਤਰ੍ਹਾਂ, ਸੱਜੇ ਪਤਲੇ ਜਿਹੇ ਹੱਥ ਦੀਆਂ ਉਂਗਲਾਂ ਮਾਰ ਰਿਹਾ ਸੀ ਜਿਵੇਂ ਢੱਡ ਵਜਾ ਰਿਹਾ ਹੋਵੇ, ਸੁਰਿੰਦਰ ਨੂੰ ਇਸ਼ਾਰਾ ਕਰਕੇ ਆਪਣੇ ਕੋਲ ਸੱਦਿਆ—'ਦੇਖ ਬਈ ਜੁਆਨ ਤੂੰ ਐਵੇਂ ਟੈਨਸ਼ਨ 'ਚ ਨਾ ਆ ਰਿਲੈਕਸ ਹੋ ਕੇ ਤੁਰ ਫਿਰ ਅਨੰਦ ਨਾਲ। ਅਸੀਂ ਤਾਂ ਮੂੰਗੀ ਦੀ ਦਾਲ ਨਾਲ ਰੋਟੀ ਖਾਣ ਵਾਲੇ ਬੰਦੇ ਆਂ।'

ਸੁਰਿੰਦਰ ਨੇ ਇਹ ਖ਼ਿਆਲ ਨਹੀਂ ਕੀਤਾ ਕਿ ਇਹ ਕੁਝ ਤਨਜ਼ ਨਾਲ ਕਿਹਾ ਗਿਆ

ਸੀ ਕਿ ਸੱਚੇ ਦਿਲੋਂ ।

'ਨਈਂ-ਨਈਂ ਐਹੋ ਜਿਹੀ ਤਾਂ ਕੋਈ ਗੱਲ ਨਈਂ......ਤੁਸੀਂ ਦਸ ਕੁ ਮਿੰਟ ਹੋਰ ਮੈਨੂੰ......।' ਫਿੱਕੀ ਜਿਹੀ ਪਕਿਆਈ ਦੇ ਪ੍ਰਭਾਵ ਅਧੀਨ ਉਹ ਵਾਕ ਪੂਰਾ ਵੀ ਨਾ ਕਰ ਸਕਿਆ, ਕਹਿੰਦਾ-ਕਹਿੰਦਾ ਪਰ੍ਹੇ ਨੂੰ ਤੁਰ ਗਿਆ ।

ਕੋਣੇ ਜਿਹੇ ਵਿਚ ਬੈਠ ਕੇ ਉਸ ਨੇ ਕੁੱਕੜ ਦੀ ਸਿਰੀ ਮਰੋੜ ਕੇ ਪਾਸੇ ਰੱਖੀ ਤਾਂ ਡਾ: ਬਚਨਜੀਤ ਵੀ ਉਸਦੇ ਕੋਲ ਆ ਗਿਆ—'ਲਿਆ ਮੈਂ ਫੜਾਂ ਇਕ ਪਾਸਿਉਂ ।'

'ਡਾ: ਸਾਹਿਬ ਤੁਸੀਂ ਬੈਠੋ— ਤੁਹਾਡੇ ਛਿੱਟੇ ਨਾ ਪੈ ਜਾਣ......ਛੱਡੋ ਇਹ ਕੰਮ ਕੀ ਐ ?' ਡਾ: ਬਚਨਜੀਤ ਪਿੱਛੇ ਨੂੰ ਹਟ ਕੇ ਉਸਦੇ ਕੋਲ ਪੱਬਾਂ ਭਾਰ ਬੈਠਾ ਰਿਹਾ ।

ਮੀਟ ਤਿਆਰ ਕਰਕੇ ਥਾਲ ਉਸਨੇ ਪਤਨੀ ਦੇ ਕੋਲ ਰੱਖ ਦਿੱਤਾ ਜੋ ਪਹਿਲਾਂ ਹੀ ਲਸਣ ਛਿੱਲਣ ਲੱਗੀ ਹੋਈ ਸੀ । ਕੱਟੇ ਹੋਏ ਪਿਆਜ਼ ਤੇ ਅਦਰਕ ਦੀ ਤਿੱਖੀ ਵਾਸ ਵਿਹੜੇ ਵਿਚ ਪਸਰ ਗਈ ਸੀ ਤੇ ਸੁਰਿੰਦਰ ਦੇ ਅੱਖਾਂ ਤੇ ਨੱਕ 'ਚੋਂ ਤ੍ਰਿਪ ਤ੍ਰਿਪ ਪਾਣੀ ਵਗ ਰਿਹਾ ਸੀ ।

"ਲੈ ਫੜ ਮਸਾਲਾ ਰਾੜ੍ਹ ਕੇ ਬਣਾਈਂ ਜ਼ਰਾ ।" ਉਸਨੇ ਪਤਨੀ ਨੂੰ ਤਾਕੀਦ ਕੀਤੀ ਸੀ ।

......ਤੇ ਫਿਰ ਉਹ ਉਨ੍ਹਾਂ ਨੂੰ ਆਪਣੇ ਖੇਤ ਵੱਲ ਨੂੰ ਘੁਮਾਉਣ ਲੈ ਗਿਆ ਸੀ ।

ਉਸਦੀ ਸੇਵਾ 'ਤੇ ਇਹ ਲੋਕ ਡਾਢੇ ਖੁਸ਼ ਹੋਏ ਸਨ, ਬਾਗ਼ੋ-ਬਾਗ਼ । ਡਾ: ਗਰਜਾ ਸਿੰਘ, ਜੋ ਏਸ ਤਰ੍ਹਾਂ ਝਾਕਦਾ ਸੀ ਜਿਵੇਂ ਸਾਧ ਨੇ ਸੁਲਫੇ 'ਚੋਂ ਲੰਮਾ ਕਸ਼ ਖਿੱਚਿਆ ਹੋਵੇ, ਨੇ ਉਸਨੂੰ ਅਸ਼ੀਰਵਾਦ ਦਿੱਤੀ ਜਦੋਂ ਤੀਜੇ ਕੁ ਪੈੱਗ ਨਾਲ ਉਸ ਦੀਆਂ ਭੰਬੀਰੀਆਂ ਘੁੰਮਣ ਲੱਗ ਪਈਆਂ—ਸੰਤਾਂ ਦੀ ਸੇਵਾ ਬੇਅਰਥ ਨਈਂ ਜਾਂਦੀ ਬੱਚਾ......ਇਹ ਜ਼ਰੂਰ ਫਲੇ-ਫੁੱਲੇਗੀ।

ਸੁਰਿੰਦਰ ਇਨ੍ਹਾਂ ਵਚਨਾਂ ਦੇ ਕਟਾਖ਼ਸ਼ ਦੀ ਗਹਿਰਾਈ ਤੱਕ ਨਹੀਂ ਸੀ ਜਾ ਸਕਿਆ ਸਗੋਂ ਉਹ ਤਾਂ ਸੋਚ ਰਿਹਾ ਸੀ ਕਿ ਯੂਨੀਵਰਸਿਟੀ ਦੇ ਲੋਕ ਹਨ । ਮੰਨੇ-ਪ੍ਰਮੰਨੇ ਆਲੋਚਕ ਹਨ । ਕਿਸੇ ਰਚਨਾ ਉੱਤੇ ਕੀਤੀ ਗਈ ਇਨ੍ਹਾਂ ਦੀ ਸਮੀਖਿਆ ਪ੍ਰਵਾਨ ਚੜ੍ਹਦੀ ਹੈ । ਉਸਨੂੰ ਅਜਿਹੇ ਲੋਕਾਂ ਦੇ ਨੇੜੇ ਹੋਣ ਦੀ ਲੋੜ ਹੈ । ਇਹੋ ਲੋਕ ਹਨ ਜੋ ਲੇਖਕਾਂ ਨੂੰ ਉੱਚਾ ਉਠਾਉਂਦੇ ਹਨ......ਜੇ ਯੂਨੀਵਰਸਿਟੀ ਦੇ ਸਰਕਲ ਵਿਚ ਜਾਣ-ਪਛਾਣ ਹੋ ਜਾਏ, ਬੱਸ ਪੌ ਬਾਰਾਂ ਹੋ ਜਾਣ ।

ਖਾਂਦਿਆਂ ਪੀਂਦਿਆਂ 'ਤੇ ਨਿੱਕੀਆਂ-ਨਿੱਕੀਆਂ ਗੱਲਾਂ ਦੌਰਾਨ ਹੀ ਗਰਜਾ ਸਿੰਘ ਨੇ ਹੀ ਨਵੇਂ ਲੇਖਕਾਂ ਨੂੰ ਉਭਾਰਨ ਦਾ ਬੀੜਾ ਚੁੱਕਣ ਦਾ ਵਿਸ਼ਵਾਸ਼ ਦਿਵਾਇਆ ਸੀ । ਕਵਿਤਾ ਤੇ ਸ਼ਬਦ ਦੇ ਅੰਦਰਲੇ ਸੰਸਾਰ ਤੱਕ ਉਸਦੀ ਬਰੀਕ ਨਜ਼ਰ ਪੁੱਜ ਸਕਦੀ ਸੀ ਤੇ ਉਸਨੇ ਸੁਰਿੰਦਰ ਦੇ ਕਾਵਿ ਸੰਗ੍ਰਹਿ ਦਾ ਮੁੱਖ-ਬੰਦ ਲਿਖਣ ਦਾ ਵਾਅਦਾ ਕੀਤਾ ਸੀ । ਮੁੱਖ ਬੰਦ ਦਾ ਉਸਨੇ ਸਿਰਲੇਖ ਵੀ ਸੋਚ ਲਿਆ ਸੀ—'ਸੁਰਿੰਦਰ ਦਾ ਕਾਵਿ ਸ਼ਬਦ ਸੰਸਾਰ ।' ਸਿਰਲੇਖ ਹੁਣੇ ਹੀ ਆਂਡੇ ਵਿਚੋਂ ਨਿਕਲੇ ਚੂਚੇ ਵਰਗਾ, ਫੁਦਕਦਾ ਤੇ ਟੁਪ ਟੁਪ ਕਰਕੇ ਤੁਰਦਾ ।

ਸੁਰਿੰਦਰ ਨੇ ਆਪਣਾ ਖਰੜਾ ਭੇਜਿਆ ਵੀ ਸੀ ਪਰ ਉਸ ਬਾਰੇ ਡਾ: ਗਰਜਾ ਸਿੰਘ



ਵਕਤ ਨਹੀਂ ਸਨ ਕੱਢ ਸਕੇ । ਏਡੇ ਵੱਡੇ ਵਿਦਵਾਨਾਂ ਤੇ ਆਲੋਚਕਾਂ ਕੋਲ ਏਨਾ ਵਕਤ ਹੀ ਕਿਥੇ ਸੀ । ਜੋ ਉਹ ਹਾਰੀ-ਸਾਰੀ ਦੀਆਂ ਪੁਸਤਕਾਂ ਉਪਰ ਲਿਖਣ ਬੈਠ ਜਾਣ ।

× × ×

ਚਾਹ ਦਾ ਤੀਜਾ ਕੱਪ ਪੀਂਦਿਆਂ ਸੁਰਿੰਦਰ ਨੇ ਸੋਚਿਆ ਕਿ ਨਵੇਂ ਛਪਣ ਯੋਗ ਕਾਵਿ ਸੰਗ੍ਰਹਿ ਦਾ ਮੁੱਖ ਬੰਦ ਉਹ ਡਾ: ਬਚਨਜੀਤ ਹੁਰਾਂ ਤੋਂ ਲਿਖਵਾਏਗਾ । ਉਨ੍ਹਨੇ ਇਹ ਗੱਲ ਸਾਂਝੀ ਕਰਨ ਲਈ ਕੁਝ ਸ਼ਬਦ ਇਕੱਠੇ ਵੀ ਕੀਤੇ ਪਰ ਡਾ: ਬਚਨਜੀਤ ਤਾਂ ਪਹਿਲਾਂ ਹੀ ਲੰਮੇ-ਲੰਮੇ ਸਾਹ ਖਿੱਚਣ ਲੱਗ ਪਿਆ । ਜਿਨ੍ਹਾਂ ਦੀ ਤਪਸ਼ ਸੁਰਿੰਦਰ ਦੀ ਰੂਹ ਨੂੰ ਵੀ ਲੂਹਣ ਲੱਗ ਪਈ ਸੀ ।

ਹੁਣੇ-ਹੁਣੇ ਜਿਹੜਾ ਸੁਰਿੰਦਰ ਗੁਲਾਬ ਦੀਆਂ ਪੱਤੀਆਂ ਵਾਂਗ ਖਿੜ ਪੈਣ ਲੱਗਾ ਸੀ, ਏਸ ਤਰ੍ਹਾਂ ਮੁਰਝਾ ਗਿਆ ਜਿਵੇਂ ਲਾਜਵੰਤੀ ਦੇ ਬੂਟੇ ਨੂੰ ਕਿਸੇ ਨੇ ਹੱਥ ਲਾ ਦਿੱਤਾ ਹੋਵੇ ।

ਡਾ: ਬਚਨਜੀਤ ਨੇ ਲੰਮਾ ਡੂੰਘਾ ਇਕ ਹੋਰ ਸਾਹ ਖਿੱਚਿਆ ਜਿਵੇਂ ਕਿਸੇ ਮਰ ਗਏ ਦੀ ਯਾਦ ਤਾਜ਼ਾ ਹੋ ਗਈ ਹੋਵੇ—'ਉਹੋ ਸੁਰਿੰਦਰ !' ਉਹ ਅੱਖਾਂ ਵਿਚ ਉਂਗਲਾਂ ਦੇ ਕੇ ਬਹੁਤ ਹੀ ਉਦਾਸ ਸੁਰ ਵਿਚ ਬੋਲਿਆ—'ਸੁਰਿੰਦਰ ! ਅਸੀਂ ਕਿਹੋ ਜਿਹੇ ਦਿਨ ਲਿਖਾ ਕੇ ਜੰਮੇ ਆਂ ?......ਅਸੀਂ ਇਹ ਦਿਨ ਵੀ ਵੇਖਣੇ ਸਨ ਵੀਰਿਆ !' ਉਹਦੇ ਸਾਹਾਂ 'ਚੋਂ ਤੰਦੂਰ ਦੇ ਲੂੰਬਿਆਂ ਦੀ ਹਵਾੜ ਆਉਂਦੀ ਸੀ ਜਿਵੇਂ ।

ਡਾ: ਬਚਨਜੀਤ ਦੀ ਏਸ ਗੱਲ ਨੇ ਸੁਰਿੰਦਰ ਨੂੰ ਝੰਜੋੜ ਕੇ ਰੱਖ ਦਿੱਤਾ । ਏਸ ਗੱਲ ਨੇ ਤਾਂ ਉਸਨੂੰ ਹਨੇਰੀ ਗੁਫ਼ਾ ਵਿਚ ਹੀ ਸੁੱਟ ਦਿੱਤਾ ਜਿਵੇਂ । ਹੁਣ ਤਾਂ ਲਾਜਵੰਤੀ ਦੇ ਪੱਤੇ ਕਿਰਨ ਮਰਿਨੀ ਜਿਵੇਂ ਝੜਨ ਲੱਗ ਪਏ ਸਨ ।

'ਡਾ: ਸਾਹਿਬ ਸੁੱਖ ਤਾਂ ਹੈ ? ਕੀ ਗੱਲ ਹੋ ਗਈ ਐਸੀ ?' ਸੁਰਿੰਦਰ ਨੇ ਓਸੇ ਪੇਂਡੂ ਮਾਸੂਮੀਅਤ ਤੇ ਭੋਲੇ ਜਿਹੇ ਅੰਦਾਜ਼ ਵਿਚ ਪੁੱਛਿਆ ।

ਯਾਰ ! ਕਿਹੋ ਜਿਹੇ ਲੋਕ ਓ ਤੁਸੀਂ ?......ਕਹਿੰਦਾ ਕੀ ਹੋਇਆ......ਤਾਂ ਹੀ ਤਾਂ ਸਾਡੀ ਕੌਮ ਤਬਾਹੀ ਦੇ ਮੁਕਾਮ ਤੇ ਪਹੁੰਚ ਗਈ ਹੈ । ਸੁਰਿੰਦਰ ਦੀ ਖਾਨਿਓਂ ਗਈ । ਕਾੜ ਕਰਦੀ ਚਪੇੜ ਵਰਗੇ ਸ਼ਬਦ ਸੁਣ ਕੇ ਉਸਨੂੰ ਭੁਮੱਤਣੀ ਲੱਗ ਗਈ । ਏਸ ਤਰ੍ਹਾਂ ਕੌਣ ਉਮੀਦ ਕਰ ਸਕਦਾ ਸੀ ਕਿ ਗੱਲ ਕੀ ਰੁੱਖ ਅਖਤਿਆਰ ਕਰੇਗੀ । ਫੇਰ ਏਡੇ ਵੱਡੇ ਵਿਦਵਾਨ ਬੰਦੇ ਦੇ ਮੂਹਰੇ ਉਸਦੀ ਤੁਛ ਬੁੱਧੀ ਮਾਰ 'ਤੇ ਮਾਰ ਖਾ ਗਈ ਸੀ ।

ਉਹ ਆਪਣੇ ਆਪ ਨੂੰ ਹੋਰ ਵੀ ਹੀਣਾ ਹੀਣਾ ਜਿਹਾ ਮਹਿਸੂਸ ਕਰਨ ਲੱਗ ਪਿਆ । ਸ਼ਹਿਰਾਂ ਵਿਚ ਰਹਿ ਕੇ ਲੋਕ ਤੇਜ਼ ਤਰਾਰ ਹੋ ਜਾਂਦੇ ਹਨ ਤੇ ਫਿਰ ਯੂਨੀਵਰਸਿਟੀ ਦਾ ਮਾਹੌਲ ਤੇ ਕਿੱਥੇ ਇਕ ਪਿੰਡ ਦਾ ਪ੍ਰਾਇਮਰੀ ਸਕੂਲ । ਉਸ ਨਾਲ ਉਹ ਕਿਵੇਂ ਮਿੱਚ ਸਕਦਾ ਸੀ । ਸੁਰਿੰਦਰ ਜੁੱਤੀ ਦੀ ਨੋਕ ਨਾਲ ਧਰਤੀ ਤੇ ਲੀਕਾਂ ਜਿਹੀਆਂ ਵਾਹੁਣ ਲੱਗ ਪਿਆ ।

ਸੁਰਿੰਦਰ ਦੀ ਅੱਗਿਉਂ ਜ਼ਬਾਨ ਨਾ ਹਿੱਲੀ ਮਤੇ ਉਹ ਕੁੱਝ ਅਜਿਹਾ ਆਖ ਜਾਏ ਜਿਸਨੂੰ ਡਾ: ਸਾਹਿਬ ਰੇਤ ਗੈਰ ਪ੍ਰਸੰਗਿਕ ਮੰਨ ਜਾਣ ।

ਚਾਹ ਦਾ ਚੌਥਾ ਕੱਪ ਆ ਗਿਆ ਤੇ ਫਿਰ ਪੰਜਵਾਂ ਤੇ ਥੋੜੇ ਹੀ ਚਿਰ ਬਾਅਦ ਛੇਵਾਂ। ਏਨੇ ਚਿਰ ਵਿਚ ਸੁਰਿੰਦਰ ਦੋ ਤਿੰਨ ਵਾਰ ਪਿਸ਼ਾਬ ਕਰਨ ਜਾ ਚੁੱਕਾ ਸੀ ਪਰ ਡਾ: ਸਾਹਿਬ ਤਾਂ ਕੁਝ ਏਸ ਤਰ੍ਹਾਂ ਬੋਲਣ ਤੇ ਹਉਕੇ ਖਿੱਚਣ ਲੱਗ ਪਏ ਹੋਣ ਜਿਵੇਂ ਕਿਸੇ ਤਕੜੇ ਨਸ਼ੇ ਦਾ ਅਸਰ ਹੋ ਗਿਆ ਹੋਵੇ। ਸੁਰਿੰਦਰ ਜੋ ਚਾਹ ਦੇ ਤੀਜੇ ਕੱਪ ਨਾਲ ਜਿੱਚ ਜਿਹਾ ਹੋਣ ਲੱਗ ਪਿਆ ਸੀ, ਡਾ: ਸਾਹਿਬ ਦੇ ਸ਼ਬਦਾਂ—'ਯਾਰ ਇਹ ਕੀ ਚੱਬਣੀ ਐ......ਸੰਘ 'ਚ ਤਾਂ ਨੀ ਅੜਦੀ......' ਮੂਹਰੇ ਉਹ ਬੇਬੱਸ ਸੀ। ਡਾ: ਸਾਹਿਬ ਹਰ ਵਾਰ ਹੁਕਮ ਦਿੰਦੇ ਸਨ—'ਦੋ ਕੱਪ-ਮਿੱਠਾ ਘੱਟ ਪੱਤੀ ਤੇਜ਼। ਚੌਥਾ ਕੱਪ ਪੀ ਕੇ ਸੁਰਿੰਦਰ ਦੇ ਦਿਲ ਵਿਚ ਜਲਣ ਹੋਣ ਲੱਗ ਪਈ ਪਰ ਡਾ: ਡਾ: ਸਾਹਿਬ ਦਾ ਕੋਈ ਪਾਰਾਵਾਰ ਨਹੀਂ ਸੀ।

ਛੇਵੇਂ ਕੱਪ ਵਾਰੀ ਸੁਰਿੰਦਰ ਦਾ ਛੁਟਕਾਰਾ ਹੋ ਗਿਆ। ਉਸ ਦੀ ਪਤਨੀ ਉਧਰੋਂ ਵਿਹਲੀ ਹੋ ਕੇ ਆ ਗਈ ਸੀ। ਸੁਰਿੰਦਰ ਨੇ ਆਪਣੇ ਵਾਲਾ ਕੱਪ ਉਸ ਨੂੰ ਫੜਾ ਦਿੱਤਾ ਤੇ ਸੁਖ ਦਾ ਸਾਹ ਲਿਆ।

ਇੰਦਰਜੀਤ ਦੀ ਹਾਜ਼ਰੀ ਵਿਚ ਡਾ: ਸਾਹਿਬ ਦਾ ਹਿਰਦਾ ਹੋਰ ਵੀ ਮੋਮ ਵਾਂਗ ਪਿਘਲ ਤੁਰਿਆ। ਉਸ ਦੀਆਂ ਅੱਖਾਂ ਵਿਚ ਸੱਚ-ਮੁੱਚ ਹੰਝੂ ਛਲਕ ਆਏ; ਪੀੜ ਦੀ ਸ਼ਿੱਦਤ ਹੀ ਏਨੀ ਸੀ।

ਇੰਦਰਜੀਤ ਨੇ ਚਾਹ ਦਾ ਕੱਪ ਫੜ ਲਿਆ ਤੇ ਉਦਾਸ ਬੰਦਿਆਂ ਨੂੰ ਵੇਖ ਕੇ ਉਦਾਸ ਜਿਹੇ ਰੌਂ ਵਿਚ ਬੈਂਚ ਦੇ ਇਕ ਸਿਰੇ 'ਤੇ ਟੇਢੀ ਜਿਹੀ ਹੋ ਕੇ ਬਹਿ ਗਈ। ਉਸ ਨੇ ਏਨੀ ਕੁ ਗੱਲ ਤੋਂ ਡਾ: ਸਾਹਿਬ ਦੀ ਗਮਗੀਨ ਹਾਲਤ ਦਾ ਅੰਦਾਜ਼ਾ ਲਾ ਲਿਆ ਸੀ; ਕਿਉਂਕਿ 'ਸਤਿ ਸ੍ਰੀ ਅਕਾਲ' ਦਾ ਜਵਾਬ ਉਹਨਾਂ ਨੇ ਗਰਮ ਜੋਸ਼ੀ ਨਾਲ ਨਹੀਂ ਸੀ ਦਿੱਤਾ—'ਕੀ ਗੱਲ ਹੋ ਗਈ ਜੀ?' ਉਸ ਨੇ ਸੁਰਿੰਦਰ ਤੋਂ ਮਸਾਂ ਨਿਕਲਦੀ ਆਵਾਜ਼ ਵਿਚ ਪੁਛਿਆ ਠੰਢੀ-ਯੱਖ ਸੁਰ ਵਿਚ।

'ਸਾਰਿਆਂ ਦਾ ਸਾਂਝਾ ਹੀ ਦਰਦ ਹੈ।' ਸੁਰਿੰਦਰ ਨੇ ਵੀ ਉਸੇ ਸੁਰ ਵਿਚ ਕਿਹਾ ਕੋਹਰੇ ਵਿਚ ਜੰਮੀ ਠੁਰ-ਠੁਰ ਕਰਦੀ ਆਵਾਜ਼ ਵਿਚ।

'ਰਾਜੇ ਦਰਦ ਕਿਹਾ ਤਾਂ ਬੜਾ ਕਿਹਾ—ਏਸ ਬ੍ਰਾਹਮਣੀ ਰਾਜ ਨੇ ਸਾਡੇ ਜੀਵਨ ਵਿਚ ਛੱਡਿਆ ਹੀ ਕੀ ਐ?' ਡਾ: ਸਾਹਿਬ ਨੇ ਫੇਰ ਧਾਹ ਮਾਰਦਿਆਂ ਵਾਂਗ ਕਿਹਾ—'ਕੀ ਰਹਿ ਗਿਆ ਸਾਡੇ ਕੋਲ।'

ਡਾ: ਸਾਹਿਬ ਦੀ ਇਹ ਪੀੜ ਦੂਹਾਂ ਜੀਆਂ ਦੇ ਸੀਨੇ ਵਿਚ ਡੂੰਘੀ ਉੱਤਰ ਗਈ।

'ਮੇਰੇ ਅਜ਼ੀਜ਼ ਦੋਸਤ ਸੁਰਿੰਦਰ! ਕੀ ਰਹਿ ਗਿਆ ਸਾਡੇ ਕੋਲ ਤੂੰ ਦੱਸ? ਸਾਡੇ ਕੋਲ ਪੱਗ ਤੇ ਦਾਹੜੀ ਹੀ ਸੀ......ਸੋ ਦੋਵੇਂ ਰੁਲ ਗਈਆਂ......ਸਾਡੀ ਕੌਮ ਵੇਖ ਇਹਨੂੰ ਲਾਜ ਵੀ ਪਾਲਣੀ ਨਹੀਂ ਆਉਂਦੀ।' ਡਾ: ਸਾਹਿਬ ਦਾ ਚਿਹਰਾ ਤਣ ਗਿਆ।

ਇਸ ਟਿੱਪਣੀ ਉੱਪਰ ਸੁਰਿੰਦਰ ਨੇ ਕੋਈ ਉਜਰ ਨਹੀਂ ਕੀਤਾ—ਸੁਣ ਲਈ ਤੇ ਬੇਚਾਰਗੀ ਜਿਹੀ ਦੀ ਹਾਲਤ ਵਿਚ ਡਾ: ਸਾਹਿਬ ਵੱਲ ਵੇਖਿਆ ਤਾਂ ਵੀ ਉਸ ਦੀ ਤੱਕਣੀ



ਵਿਚ ਇਕ ਬਰੀਕ ਜਿਹਾ ਸ਼ੰਕਾ ਉਭਰ ਆਇਆ ਸੀ। ਬਠਿੰਡੇ ਦੇ ਸਮਾਗਮ ਵਿਚ ਕੌਮ ਅਤੇ ਕੌਮੀਅਤਾਂ ਦੇ ਸੰਕਲਪ ਅਤੇ ਹੁਣ ਵਾਲੀ ਦਲੀਲ ਵਿਚ ਉਸ ਨੂੰ ਰੋੜ੍ਹ ਪ੍ਰਸ਼ਾਦ ਵਰਗੀ ਗੱਲ ਜਾਪੀ ਸੀ। ਬੇਸ਼ੱਕ ਸੁਰਿੰਦਰ ਸਰਗਰਮ ਸਿਆਸਤ ਵਿਚ ਤਾਂ ਹਿੱਸਾ ਨਹੀਂ ਸੀ ਲੈਂਦਾ, ਪਰ ਰਹਿਣ-ਸਹਿਣ ਦੀ ਇਕੋ ਤਰਜ਼ ਦੇ ਆਧਾਰ 'ਤੇ ਬਣੀ ਕੌਮ ਦਾ ਵਿਚਾਰ ਉਸ ਦੇ ਜ਼ਿਹਨ ਵਿਚ ਡੂੰਘਾ ਉਤਰਿਆ ਹੋਇਆ ਸੀ। ਉਹ ਬੋਲਿਆ ਭਾਵੇਂ ਕੁੱਝ ਨਾ ਪਰ ਉਹ ਅਸਹਿਮਤੀ ਵਿਚ ਡਾ: ਸਾਹਿਬ ਦੇ ਚਿਹਰੇ ਤੇ ਵੇਖਦਾ ਰਿਹਾ।

'ਜੋ ਕੁਝ ਹੋਇਆ ਸੁਰਿੰਦਰ, ਅਸੀਂ ਸਿੱਖ ਕੌਮ ਭੁੱਲਾਂਗੇ ਕਿਵੇਂ......? ਜੇ ਮੈਂ ਖੁਦ ਆਪਣੀਆਂ ਅੱਖਾਂ ਨਾਲ ਦਰਬਾਰ ਸਾਹਿਬ 'ਤੇ ਹੋਏ ਹਮਲੇ ਸਮੇਂ ਵੇਖਿਐ, ਮੈਂ ਕਹਿਨਾ ਸਾਨੂੰ ਸਾਰਿਆਂ ਨੂੰ ਸ਼ਰਮ ਨਾਲ ਮਰ ਜਾਣਾ ਚਾਹੀਦੈ ਪਰ ਅਸੀਂ ਏਨੇ ਢੀਠ ਹੋ ਗਏ ਹਾਂ ਕਿ ਮੌਤ ਵੀ ਸਾਡੇ ਕੋਲੋਂ ਸ਼ਰਮ ਮੰਨਦੀ ਹੈ।

ਡਾ: ਬਚਨਜੀਤ ਸੱਚਮੁੱਚ ਵੈਰਾਗ ਦੀ ਸਥਿਤੀ ਵਿਚ ਪਹੁੰਚ ਗਿਆ ਸੀ। ਛਲਕਦੀਆਂ ਅੱਖਾਂ ਅੱਗੇ ਵਾਰ-ਵਾਰ ਪਸਰਦੇ ਹਨੇਰੇ ਨੂੰ ਲਾਂਭੇ ਹਟਾ-ਹਟਾ ਕੇ ਚਸ਼ਮੰ ਦੀਦ ਵਾਕੇ ਦੀ ਹਕੀਕਤ ਦੱਸਦਾ ਰਿਹਾ ਕਿ ਕਿਵੇਂ ਉਹਨਾਂ ਨੇ ਦਰਬਾਰ ਸਾਹਿਬ 'ਤੇ ਟੈਂਕ ਚੜ੍ਹਾਏ...... ਬੱਚੇ-ਬੁੱਢੇ ਤੇ ਔਰਤਾਂ ਨੂੰ ਵੀ ਨਾ ਬਖ਼ਸ਼ਿਆ ਪਾਪੀਆਂ ਨੇ......ਹੋਰ ਤਾਂ ਹੋਰ ਲੰਗਰ ਵਾਲੇ ਪਾਸੇ ਉਹਨਾਂ ਨਿਥਾਵੇਂ ਮੰਗਤਿਆਂ ਤੇ ਵੀ ਟੈਂਕ ਚਾੜ੍ਹ ਦਿੱਤੇ ਜੋ ਇਥੇ ਥਾਂ ਲੱਭ ਕੇ ਸੌਂ ਜਾਂਦੇ ਸਨ ਪਰ ਘਾਅ ਅਜੇ ਵੀ ਅੱਲੇ ਸਨ। ਸੁਰਿੰਦਰ ਨੂੰ ਆਪਣੇ ਗੀਤ ਦੀਆਂ ਸਤਰਾਂ ਯਾਦ ਆਈਆਂ :—

'ਮਲ੍ਹਮਾਂ ਦਾ ਦੇਣ ਹੋਕਾ, ਝੂਠੇ ਮੂਠੇ ਵੈਦ ਆ ਕੇ
ਮਲ੍ਹਮ ਨਾ ਪਰ ਕਿਸੇ ਕੋਲ।
ਢਿੱਡਾਂ ਦੀ ਲੜਾਈ ਮਾਏ, ਹਾਇ ਨੀ ਪੰਜਾਬ ਮਾਤਾ,
ਰਹੇ ਹਤਿਆਰੇ ਤੈਨੂੰ ਰੋਲ।
ਵੈਦ ਹੀ ਜੇ ਜ਼ਹਿਰ ਲੈ ਕੇ, ਪਹੁੰਚ ਜਾਏ ਮਰੀਜ਼ ਕੋਲੇ
ਕਰੂਗਾ ਕੀ ਖਾਕ ਉਹ ਇਲਾਜ।
ਮਾਏ ਨੀ ਮਾਏ ਮੇਰੇ ਗੀਤਾਂ ਦੇ ਉਜਾੜੀ ਜਾਏ
ਕਾਲਾ ਚੋਰ ਹਰੇ ਭਰੇ ਬਾਗ਼......।'

× × ×

ਜਦ ਉਹ ਉਥੋਂ ਉਠੇ ਤਾਂ ਡਾ: ਬਚਨਜੀਤ ਨੇ ਸੁਰਿੰਦਰ ਨੂੰ ਪੁੱਛ ਲਿਆ—'ਕੀ ਪ੍ਰੋਗਰਾਮ ਐ ਫੇਰ ਅੱਜ ਦਾ?'

ਸੁਰਿੰਦਰ ਨੇ ਕੋਈ ਚਿਕਨੀ-ਚੋਪੜੀ ਗੱਲ ਕਰਨ ਦੀ ਥਾਂ ਬਹੁਤ ਹੀ ਸਾਫ਼ ਤੇ ਪੇਂਡੂ ਤਰਜ਼ ਆਖਿਆ—'ਡਾ: ਸਾਹਿਬ! ਏਥੇ ਮੇਰੇ ਵਾਕਫ਼ ਹੈਨ......ਜੇ ਤਾਂ ਉਹ ਮਿਲ ਗਏ ਫੇਰ ਤਾਂ ਠੀਕ......ਅਸੀਂ ਰਾਤ ਉਥੇ ਰਹਾਂਗੇ ਨਹੀਂ ਤਾਂ ਅਸੀਂ ਤੁਹਾਡੇ ਕੋਲ ਆਵਾਂਗੇ।

ਡਾ: ਸਾਹਿਬ ਦੇ ਚਿਹਰੇ 'ਤੇ ਪ੍ਰਸੰਨਤਾ ਦੀ ਥਾਂ ਉਦਾਸ ਚੁੱਪ ਦੀ ਕਾਈ ਜੰਮ ਗਈ ਜਾਪਦੀ ਸੀ ਪਰ ਤਾਂ ਵੀ ਇੰਦਰਜੀਤ ਮਹਿਸੂਸ ਕਰ ਰਹੀ ਸੀ ਕਿ ਜੇ ਅੱਜ ਦੀ ਰਾਤ ਇਸ ਕੋਮਲ ਤੇ ਪੀੜ ਵਿੰਨੇ ਹਿਰਦੇ ਵਾਲੇ ਵਿਅਕਤੀ ਕੋਲ ਗੁਜ਼ਾਰੀ ਜਾਏ ਤਾਂ ਕਿੰਨਾ ਵਧੀਆ ਹੋਵੇ—ਰਿਸ਼ਤੇਦਾਰਾਂ ਦੇ ਤਾਂ ਜਦ ਮਰਜ਼ੀ ਰਹਿ ਸਕਦੇ ਹਾਂ। ਉਸ ਨੂੰ ਤਾਂ ਡਾਕਟਰ ਸਾਹਿਬ ਵਿਚੋਂ ਕ੍ਰਿਸ਼ਨ ਸੁਦਾਮਾ ਅਗਰਵੱਤੀ ਵਰਗੀ ਸੁਗੰਧ ਆਈ ਸੀ।

ਕੁੱਝ ਕੁ ਸਕਿੰਟਾਂ ਲਈ ਚੁੱਪ ਭਰਿਆ ਤਣਾਅ ਉਹਨਾਂ ਦੇ ਵਿਚਕਾਰ ਲਟਕ ਗਿਆ ਜਿਸ ਨੂੰ ਦੂਰ ਕੀਤਾ ਡਾ: ਬਚਨਜੀਤ ਦੇ ਨਾ ਖੁਸ਼ਕ ਨਾ ਤਰ ਬੋਲਾਂ ਨੇ—'ਬੂਹੇ ਖੁਲ੍ਹੇ ਐ ਜਨਾਬ! ਜਦੋਂ ਮਰਜ਼ੀ ਆਓ......ਗੋਲੀ ਕੀਹਦੀ ਤੇ ਗਹਿਣੇ ਕੀਹਦੇ?' ਬਗੈਰ ਹੱਥ ਮਿਲਾਇਆਂ ਉਹ ਭੱਜ ਕੇ ਯੂਨੀਵਰਸਿਟੀ ਦੀ ਬੱਸ ਚੜ੍ਹ ਗਿਆ—ਭਾਵ ਹੀਣ ਤੇ ਰੁਖੜਾ ਜਿਹਾ ਖਿਲਾਅ ਪੈਦਾ ਕਰਕੇ।

ਉਸ ਦੇ ਚਲੇ ਜਾਣ ਤੋਂ ਬਾਅਦ ਇੰਦਰਜੀਤ ਨੇ ਸਾਫ਼ ਹੀ ਕਹਿ ਦਿੱਤਾ: 'ਅੱਜ ਆਪਾਂ ਇਹਨਾਂ ਦੇ ਘਰ ਹੀ ਚੱਲੀਏ।'

ਸੁਰਿੰਦਰ ਨੇ ਇਨਕਾਰ ਕੀਤਾ—'ਜੇ ਉਹ ਚਾਹੁੰਦੇ ਤਾਂ ਆਪਾਂ ਨੂੰ ਛੱਡ ਕੇ ਨਹੀਂ ਸੀ ਜਾਂਦੇ, ਨਾਲ ਲੈ ਕੇ ਜਾਂਦੇ।'

'ਕਈ ਗੱਲਾਂ ਹੁੰਦੀਆਂ ਨੇ......ਬੰਦਾ ਅੰਦਰੋਂ ਟੁੱਟਿਆ ਪਿਐ......ਅੱਜ ਆਪਾਂ ਜ਼ਰੂਰ ਈ ਇਹਨਾਂ ਕੋਲ ਰਹਿਣੈ।' ਇੰਦਰਜੀਤ ਦੇ ਤਰਲੇ ਵਿਚ ਕੜਾਹ-ਪ੍ਰਸ਼ਾਦ ਵਰਗੀ ਸ਼ਰਧਾ ਤੇ ਸੁਗੰਧੀ ਸੀ।

× × ×

ਸੁਰਿੰਦਰ ਨੇ ਇਸ ਗੱਲ ਨੂੰ ਚੰਗੀ ਤਰ੍ਹਾਂ ਵੇਖ ਲਿਆ ਸੀ ਕਿ ਡਾ: ਸਾਹਿਬ ਨੇ ਗੇਟ ਖੋਲ੍ਹ ਦਿੱਤਾ ਸੀ ਪਰ ਬੁਲ੍ਹਾਂ 'ਤੇ ਪਤਲੀ ਜਿਹੀ ਕੱਚੀ ਲੱਸੀ ਵਰਗੀ ਮੁਸਕਾਨ ਵੀ ਨਹੀਂ ਸੀ ਆਈ ਸਗੋਂ ਇਉਂ ਲੱਗਦਾ ਸੀ ਜਿਵੇਂ ਕਾਲਖ ਭਰੀ ਸਿਕਰੀ ਜੰਮ ਗਈ ਹੋਵੇ।

ਡਾ: ਸਾਹਿਬ ਦੀ ਸ੍ਰੀਮਤੀ ਵੀ ਹੁਣੇ ਹੀ ਬਾਜ਼ਾਰੋਂ ਆਏ ਸਨ। ਉਹ ਸਾਮਾਨ ਰੱਖ ਕੇ ਵਰ੍ਹਾਂਡੇ ਵਿਚ ਹੀ ਮੂੜ੍ਹੇ ਉੱਪਰ ਬੈਠੇ ਹੋਏ ਸਨ। ਕੰਧ ਘੜੀ ਸਾਢੇ ਸੱਤ ਵਜਾ ਰਹੀ ਸੀ।

'ਸੁਰਿੰਦਰ, ਬਠਿੰਡੇ ਤੋਂ।' ਡਾ: ਸਾਹਿਬ ਨੇ ਉਸ ਵੱਲ ਇਸ਼ਾਰਾ ਕਰਕੇ ਜਾਣਕਾਰੀ ਕਰਾਈ—'ਇਹ ਇਹਨਾਂ ਦੀ ਧਰਮ ਪਤਨੀ ਬੀਬੀ ਇੰਦਰਜੀਤ ਕੌਰ।' ਤੇ ਨਾਲ ਹੀ ਹੱਥ ਇੰਦਰਜੀਤ ਵੱਲ ਘੁਮਾ ਦਿੱਤਾ।

'ਜਾਣਿਆਂ ਪਛਾਣਿਆਂ ਨਾਂ ਹੈ—ਬਹੁਤ ਖੁਸ਼ੀ ਹੋਈ' ਸ੍ਰੀਮਤੀ ਜੀ ਦੇ ਬੁਲ੍ਹਾਂ ਉੱਪਰ ਖਚਰੀ ਜਿਹੀ ਮੁਸਕ੍ਰਾਹਟ ਭਿਣ-ਭਿਣਾਈ ਤੇ ਅਲੋਪ ਹੋ ਗਈ—'ਮੈਂ ਮੱਛਰ ਮਾਰਨ ਵਾਲਾ ਤੇਲ ਛਿੜਕ ਕੇ ਹਟੀ ਆਂ ਆਪਾਂ ਘੰਟਾ ਕੁ ਹੋਰ ਬਾਹਰ ਹੀ ਬੈਠਾਂਗੇ।' ਡਾ: ਸਾਹਿਬ ਦੀ ਪਤਨੀ ਦੇ ਚਿਹਰੇ ਤੋਂ ਨਾ ਖੁਸ਼ੀ ਤੇ ਨਾ ਹੀ ਨਾਰਾਜ਼ਗੀ ਵਾਲਾ ਕੋਈ ਚਿੰਨ੍ਹ ਵੇਖਿਆ ਜਾ ਸਕਦਾ ਸੀ—ਉੱਕਾ ਹੀ ਭਾਵ-ਹੀਣ ਨਿਕਲੇ—'ਬੈਠ ਜਾਉ।'



ਬਾਹਰ ਕੇਵਲ ਇਕ ਹੋਰ ਕੁਰਸੀ ਸੀ ਤੇ ਇਕ ਵੱਡਾ ਸਟੂਲ ਜਿਸ ਉੱਤੇ ਉਹ ਦੋਵੇਂ ਜੁੜ ਕੇ ਜਿਹੇ ਬੈਠ ਗਏ। ਸੁਰਿੰਦਰ ਦਾ ਜੀਅ ਕੀਤਾ ਕਿ ਉਹ ਵਾਪਸ ਪਰਤ ਜਾਣ, ਕਾਹਨੂੰ ਆਉਣਾ ਸੀ ਪਰ ਉਦੋਂ ਉਸ ਦਾ ਰੌਂ ਬਦਲ ਗਿਆ ਜਦੋਂ ਡਾਕਟਰ ਸਾਹਿਬ ਨੇ ਹੋਰ ਜਾਣਕਾਰੀ ਦਿੰਦਿਆਂ ਕਿਹਾ—'ਬਹੁਤ ਹੀ ਸਮਰੱਥ ਕਵੀ, ਅਗਾਂਹ-ਵਧੂ ਤੇ ਮਾਰਕਸਵਾਦੀ ਚੇਤਨਾ ਦੇ ਤੇ ਪਾਸ਼ ਦੀ ਸ਼ੈਲੀ ਦੇ।' ਸੁਣ ਕੇ ਇਕ ਵਾਰ ਤਾਂ ਉਸ ਨੂੰ ਇਉਂ ਲੱਗਿਆ ਜਿਵੇਂ ਸੱਚਮੁੱਚ ਹੀ ਡਾ: ਸਾਹਿਬ ਨੇ ਉਸ ਦੀ ਪਿੱਠ ਤੇ ਹੱਥ ਫੇਰਿਆ ਹੋਵੇ।

ਡਾ: ਸਾਹਿਬ ਵਾਲਾ ਕਮਰਾ ਤਾਂ ਖੁੱਲ੍ਹਾ ਸੀ ਪਰ ਉਹ ਵਰ੍ਹਾਂਡੇ ਵਿਚ ਹੀ ਬੈਠੇ ਰਹੇ। ਡਾ: ਸਾਹਿਬ ਅੰਦਰ ਜਾਣ ਕੋਈ ਕਿਤਾਬ ਚੁੱਕ ਲਿਆਉਣ—'ਏਸ ਵਿਚ ਮੈਂ ਫਲਾਂ ਵਿਸ਼ਾ ਲਿਐ......ਏਸ ਵਿਚ ਮੈਂ ਫਲਾਂ-ਫਲਾਂ ਕਵੀਆਂ ਦੇ ਕਾਵਿ ਜਗਤ 'ਤੇ ਸਮੀਖਿਆ ਕੀਤੀ ਐ......ਇਸ ਵਿਚ......ਇਸ ਵਿਚ......।'

ਘੜੀ ਨੇ ਪੌਣੇ ਨੌਂ ਵਜਾਏ। ਸੁਰਿੰਦਰ ਨੇ ਉਮੀਦ ਕੀਤੀ ਕਿ ਛੋਟੀ-ਮੋਟੀ ਕਿਤਾਬ ਉਹ ਉਸ ਦੇ ਹੱਥ ਫੜਾਉਣਗੇ ਤੇ ਫਿਰ ਉਸ ਕੋਲੋਂ ਵਾਪਸ ਲੈ ਕੇ ਜੇਬ ਵਿਚੋਂ ਬਾਲ-ਪੈੱਨ ਕੱਢਣਗੇ ਤੇ ਕਿਤਾਬ ਦੇ ਪਹਿਲੇ ਪੰਨੇ ਉੱਪਰ ਲਿਖਣਗੇ: 'ਨਿੱਘੇ ਪਿਆਰ ਨਾਲ ਅਜੀਜ਼ ਦੋਸਤ ਸੁਰਿੰਦਰ ਨੂੰ।'

ਉਸ ਨੇ ਵੀ ਤਾਂ ਪਹਿਲ-ਪਲੇਠਾ ਕਾਵਿ ਸੰਗ੍ਰਹਿ ਲਿਖ ਕੇ ਭੇਟ ਕੀਤਾ ਸੀ—'ਬਹੁਤ ਹੀ ਸਤਿਕਾਰ ਨਾਲ ਮੰਨੇ-ਪ੍ਰਮੰਨੇ ਆਲੋਚਕ ਤੇ ਕਵੀ ਡਾ: ਬਚਨਜੀਤ ਨੂੰ।'

ਅਜਿਹਾ ਕੁੱਝ ਵੀ ਨਹੀਂ ਹੋਇਆ। ਸੁਰਿੰਦਰ ਤੇ ਮਗਰੇ ਹੀ ਇੰਦਰਜੀਤ ਨੇ ਸਬਜ਼ੀ ਵਾਲੀ ਟੋਕਰੀ ਵੱਲ ਵੇਖਿਆ—ਸਬਜ਼ੀ. ਪਿਆਜ਼, ਟਮਾਟਰ, ਹਰੀਆਂ ਮਿਰਚਾਂ, ਧਣੀਆ, ਮੂਲੀਆਂ ਤੇ ਉਹਨਾਂ ਦੇ ਹਰੇ-ਹਰੇ ਪੱਤੇ ਹੱਸਦੇ ਜਾਪਦੇ ਸਨ ਤੇ ਦੁਹਾਂ ਨੂੰ ਹੀ ਤੇਜ਼ ਭੁੱਖ ਲੱਗੀ ਹੋਈ ਸੀ।......

ਨੌਂ ਵੱਜਣ ਵਿਚ ਪੰਜ ਮਿੰਟ ਰਹਿੰਦੇ ਸਨ ਜਦੋਂ ਮੈਡਮ ਉੱਠੇ ਤੇ ਅੰਦਰ ਚਲੇ ਗਏ। ਪੰਜ ਕੁ ਮਿੰਟਾਂ ਬਾਅਦ ਇਕ ਟ੍ਰੇਅ ਵਿਚ ਨਵੀਂ ਕਿਸਮ ਦੇ ਪਲਾਸਟਿਕ ਦੇ ਚਾਰ ਕੱਪ ਰੱਖ ਲਿਆਏ—ਨਿੱਕੀ ਜਿਹੀ ਟ੍ਰੇਅ ਵੀ ਵਧੀਆ ਪਲਾਸਟਿਕ ਦੀ। ਇਕ ਵਾਰ ਫੇਰ ਨੈਤਕਤਾ ਜਿਹੀ ਦੀ ਮਹਿਕ ਵਰ੍ਹਾਂਡੇ ਵਿਚ ਘੁਲਦੀ ਜਾਪੀ।

ਕੱਪ ਚਹੁੰਆਂ ਨੇ ਚੁੱਕ ਲਏ ਤੇ ਮੂੰਹ ਨੂੰ ਲਾ ਲਏ। ਬਚਨਜੀਤ ਤੇ ਇੰਦਰਜੀਤ ਨੇ ਇਕ ਦੂਜੇ ਵੱਲ ਤਨਜ਼ੀਆ ਲਹਿਜੇ ਨਾਲ ਵੇਖਿਆ। ਸੁਰਿੰਦਰ ਮੁਸਕ੍ਰਾਇਆ ਚੋਰੀ-ਚੋਰੀ। ਡਾ: ਸਾਹਿਬ ਤੇ ਮੈਡਮ ਬਿਲਕੁਲ ਚੁਪ ਚਾਪ ਧਰਤੀ ਵੱਲ ਵੇਖਦੇ ਚਾਹ ਸੜ੍ਹਾਕੀ ਜਾਂਦੇ ਸਨ। ਇੰਦਰਜੀਤ ਵੀ ਮੁਸਕ੍ਰਾ ਪਈ ਪਰ ਦੂਜਿਆਂ ਦੇ ਮੁਕਾਬਲੇ, ਠੰਢੀ ਚਾਹ ਦੀਆਂ ਵੱਡੀਆਂ-ਵੱਡੀਆਂ ਘੁੱਟਾਂ ਭਰਦੀ ਰਹੀ। ਉਸ ਨੂੰ ਲੱਗਦਾ ਸੀ ਕਿ ਹੁਣੇ ਉਸ ਦੀ ਹਾਸੀ ਪਾਣੀ ਦੇ ਫੁਹਾਰੇ ਵਾਂਗ ਫੁੱਟ ਪਏਗੀ ਤੇ ਚਾਹ ਉਸ ਦੀਆਂ ਨਾਸਾਂ ਵਿਚੋਂ ਦੀ ਬਾਹਰ ਵਗ ਤੁਰੇਗੀ।

ਇੰਦਰਜੀਤ ਨੂੰ ਉਹੀ ਗੱਲ ਯਾਦ ਆ ਗਈ ਸੀ ਜੋ ਗੱਲ ਸੁਰਿੰਦਰ, ਯਾਦ ਕਰਾਉਣੀ ਚਾਹੁੰਦਾ ਸੀ। ਇਕ ਦਿਨ ਉਹ ਕਿਸੇ ਨੂੰ ਮਿਲ ਕੇ ਆਇਆ ਸੀ ਤੇ ਉਸ ਨੇ ਮਜ਼ਾਕ ਵਿਚ

ਉਸ ਨੂੰ ਕਿਹਾ ਸੀ—'ਇੰਦਰਜੀਤ ਪਾਣੀ ਵਾਲੀ ਚਾਕ ਪੀਤੀ ਐ ਕਦੇ ?' ਉਹ ਹੈਰਤ ਜਿਹੀ ਨਾਲ ਉਹਦੇ ਵੱਲ ਵੇਖਣ ਲੱਗ ਪਈ ਸੀ ਕਿ ਉਹ ਕਿਹੋ ਜਿਹੀ ਵਾਹਯਾਤ ਗੱਲ ਕਹਿਣ ਲੱਗਾ ਸੀ ।

'ਤੈਨੂੰ ਮਜ਼ਾਕ ਲਗਦੈ ਪਰ ਮੈਂ ਸਹੀ ਕਹਿਨਾ ਕਿ ਮੈਂ ਪਾਣੀ ਵਾਲੀ ਚਾਹ ਪੀ ਕੇ ਆਇਆਂ ਤੇ ਤਰੀਕਾ ਵੀ ਸਿੱਖ ਕੇ ਆਇਆਂ ।'

ਇੰਦਰਜੀਤ ਨੇ ਸੋਚਿਆ ਸੀ ਕਿ ਸ਼ਾਇਦ ਕੋਈ ਨਜ਼ਲੇ ਰੇਸ਼ੇ ਦਾ ਨੁਸਖਾ ਸਿੱਖ ਕੇ ਆਇਆ ਹੋਵੇਗਾ ਪਰ ਉਹ ਤਾਂ ਹੱਸੀ ਹੀ ਜਾਂਦਾ ਸੀ ਤੇ ਉਸ ਨੂੰ ਉਲਝਣ ਵਿਚ ਪਾਈ ਜਾਂਦਾ ਸੀ ।

ਜੇ ਤੁਹਾਡੇ ਘਰੇ ਕੋਈ ਮਹਿਮਾਨ ਆਇਆ ਹੋਵੇ ਤੇ ਤੁਸੀਂ ਚਾਹੁੰਦੇ ਹੋ ਬਈ ਉਹ ਤੁਹਾਨੂੰ ਮਰਦੇ ਦਮ ਤੱਕ ਯਾਦ ਰੱਖੇ ਤਾਂ ਉਸ ਨੂੰ ਪਾਣੀ ਦੀ ਚਾਹ ਬਣਾ ਕੇ ਪਿਆਉ ਮਤਲਬ ਕਿ ਜੇ ਤੁਸੀਂ ਉਸ ਨੂੰ ਭਜਾਉਣਾ ਚਾਹੁੰਦੇ ਹੋ ਤਾਂ ਚਾਹ ਬਣਾਓ ਜਿਸ ਵਿਚ ਪਾਣੀ ਤੋਂ ਬਗੈਰ ਕੁਛ ਨਾ ਹੋਵੇ ।'

ਮੁਸਕ੍ਰਾਉਂਦੀਆਂ ਨਜ਼ਰਾਂ ਚੋਰੀ-ਚੋਰੀ ਇਕ ਦੂਜੇ ਵੱਲ ਸੁਟਦਿਆਂ ਉਹਨਾਂ ਨੇ ਕੱਪ ਹੇਠਾਂ ਪਈ ਟ੍ਰੇਅ ਵਿਚ ਰੱਖ ਦਿੱਤੇ ।

ਦੁਹਾਂ ਨੇ ਘੜੀ ਵੱਲ ਵੇਖਿਆ—ਨੌਂ ਵੱਜ ਕੇ ਪੰਜ ਮਿੰਟ ਹੋ ਗਏ ਸਨ । ਸੁਰਿੰਦਰ ਦੇ ਮਨ ਵਿਚ ਸ਼ਰਾਰਤ ਨੱਚ ਉੱਠੀ—'ਮੈਂ ਕਿਹਾ ਅੱਜ ਡਾ: ਸਾਹਿਬ ਕੋਲ ਈ ਚਲਦੇ ਆਂ......ਨਾਲੇ ਇੰਦਰਜੀਤ ਤੁਹਾਡੇ ਤੋਂ ਪ੍ਰਭਾਵਤ ਈ ਐਨੀ ਹੋਈ ਕਿ ਜਿੱਦ ਕਰਨ ਲੱਗ ਪਈ ਬਈ ਅੱਜ ਡਾ: ਸਾਹਿਬ ਕੋਲੇ ਰਹਿਣੈ ।'

ਡਾ: ਸਾਹਿਬ ਨੇ ਮੈਡਮ ਵੱਲ ਵੇਖਿਆ ਜਿਵੇਂ ਖਿਮਾ ਯਾਚਨਾ ਨਾਲ ਕਹਿ ਰਹੇ ਹੋਣ—"ਉਠੋ ਪਲੀਜ਼ ਰੋਟੀ ਟੁੱਕ ਦਾ ਆਹਰ ਕਰੋ ।"

ਮੈਡਮ ਨੇ ਡਾ: ਸਾਹਿਬ ਵੱਲ ਬਿਲਕੁਲ ਏਸ ਤਰ੍ਹਾਂ ਵੇਖਿਆ ਜਿਵੇਂ ਕਹਿ ਰਹੇ ਹੋਣ ; "ਮੇਰੀ ਕੀ ਮਾਸੀ ਦੇ ਨੂੰਹ-ਪੁੱਤ ਆਏ ਨੇ-ਚਲਦੇ ਕਰੋ ਇਨ੍ਹਾਂ ਨੂੰ ।"

ਉਹ ਦੋਵੇਂ, ਉਨ੍ਹਾਂ ਦੀਆਂ ਆਪਸ ਵਿੱਚ ਟਕਰਾਉਂਦੀਆਂ, ਭਿੜਦੀਆਂ ਤੇ ਇਕ ਦੂਜੀ ਦੇ ਸਿੰਙ ਭੌਰਦੀਆਂ ਨਜ਼ਰਾਂ ਨੂੰ ਵਾਰੀ ਵਾਰੀ ਵੇਖਦੇ ਰਹੇ ਚੁੱਪ ਚਾਪ ਪੂਰੇ ਢੀਠ ਸਬਰ ਅਤੇ ਬੇਸ਼ਰਮ ਅਫ਼ਸੋਸ ਨਾਲ ।

......ਆਖਰ ਉਨ੍ਹਾਂ ਨੇ ਢੀਠਤਾ ਛੱਡ ਦਿੱਤੀ ਤੇ ਉਠ ਕੇ ਖੜੇ ਹੋ ਗਏ—ਸਹੀ ਸਾਢੇ ਨੌਂ ਵਜੇ—"ਅੱਛਾ ਜੀ ਡਾ: ਸਾਹਿਬ ! ਤਕਲੀਫ਼ ਮੁਆਫ ! ਉਡੀਕਦੇ ਹੋਣਗੇ ਵਿਚਾਰੇ ......ਅਸੀਂ ਆਖ ਆਏ ਸਾਂ ਵਾਪਸ ਆਉਣ ਬਾਰੇ ।" ਉਸ ਨੇ ਨੰਗਾ-ਚਿੱਟਾ ਝੂਠ ਬੋਲਿਆ। ਇੰਦਰਜੀਤ ਵੀ ਝਟਕੇ ਜਿਹੇ ਨਾਲ ਉਠ ਖੜ੍ਹੀ ਤਿਊੜੀਆਂ ਵਿਚ ਭਿੱਜੀ ਮੁਸਕ੍ਰਾਹਟ ਨੂੰ ਛੁਪਾਉਣ ਦਾ ਯਤਨ ਕਰਦੀ ਹੋਈ।

ਕਮਾਲ ਹੀ ਤਾਂ ਸੀ ਜਿਵੇਂ ਦੁਹਾਂ ਜੀਆਂ ਦੇ ਦਸਵੇਂ ਦੁਆਰ ਚੜ੍ਹੇ ਸੁਆਸ ਵਾਪਸ



ਪਰਤ ਆਏ ਸਨ—"ਨਹੀਂ ਨਹੀਂ......ਐਸੀ ਕੀ ਗੱਲ ਐ ਰਹੋ ਤੁਸੀਂ......ਇਥੇ ਕਿਹੜਾ ਥਾਂ ਦਾ ਤੋੜੈ......ਦੋ ਫੁਲਕਿਆਂ ਦੀ ਕਿਹੜੀ ਗੱਲ ਐ ?"

ਪਰ ਮੈਡਮ ਚੁੱਪ ਕਰਕੇ ਟੋਕਰੀ ਰਸੋਈ ਵਿਚ ਲੈ ਗਏ ਤੇ ਡਾ: ਸਾਹਿਬ ਵਰ੍ਹਾਂਡੇ 'ਚੋਂ ਬਾਹਰ ਵਿਹੜੇ ਵਿਚ ਆ ਖੜ੍ਹੇ ਹੋਏ ਤੇ ਦੋ ਕਦਮ ਗੇਟ ਵੱਲ ਖਿਸਕ ਗਏ । ਉਨ੍ਹਾਂ ਦੁਹਾਂ ਨੇ ਇਸ ਨੂੰ ਹਰੀ ਝੰਡੀ ਸਮਝਿਆ ਤੇ ਉਹ ਵੀ ਗੇਟ ਵੱਲ ਤੁਰ ਪਏ ।

'ਅੱਛਾ ਮੈਡਮ ਜੀ ! ਸਤਿ ਸ੍ਰੀ ਅਕਾਲ !' ਸੁਰਿੰਦਰ ਨੇ ਵਗਾਹਵੀਂ ਤੇ ਲੂਹ ਦੇਣ ਵਾਲੇ ਅੰਦਾਜ਼ ਵਿੱਚ ਫ਼ਤਿਹ ਆਖੀ । ਮੈਡਮ ਦਾ ਖੰਘਰ ਵਾਂਗ ਰੁੱਖਾ ਤੇ ਖੁਸ਼ਕ ਚਿਹਰਾ ਪੱਟ ਦੇ ਲੱਛੇ ਵਾਂਗ ਚਮਕਿਆ । ਉਹ ਰਸੋਈ 'ਚੋਂ ਬਾਹਰ ਆਏ ਤੇ ਬਹੁਤ ਹੀ ਆਜਜ਼ੀ ਨਾਲ 'ਅੱਛਾ ਜੀ !' ਕਹਿ ਕੇ ਮੁੜ ਰਸੋਈ ਵਿਚ ਵੜ ਗਏ ।

ਡਾ: ਸਾਹਿਬ ਗੇਟ ਤੋਂ ਬਾਹਰ ਤੱਕ ਛੱਡਣ ਆਏ, ਮੁਸਕ੍ਰਾਉਂਦੇ ਗੁਟਕਦੇ ਤੇ ਝੂਮ-ਝੂਮ ਵਿਦਾਇਗੀ ਦੇ ਭਾਵ ਪ੍ਰਗਟਾਉਂਦੇ—'ਰਸਤਾ ਤਾਂ ਨੀ ਭੁੱਲ ਜਾਉਗੇ-ਛੱਡਕੇ ਆਵਾਂ ਮੈਂ ?'

'ਨਹੀਂ......ਨਹੀਂ......ਐਸੀ ਕੋਈ ਗੱਲ ਨਹੀਂ......ਬਹੁਤ ਮਿਹਰਬਾਨੀ ।' ਉੱਬਲ-ਉੱਬਲ ਪੈਂਦੇ ਜਜ਼ਬਾਤਾਂ ਉਪਰ ਦਲੀਲ ਤੇ ਸੰਜਮ ਦਾ ਪਾਣੀ ਤਰੌਂਕਦਿਆਂ ਸੁਰਿੰਦਰ ਨੇ ਸੱਜਾ ਹੱਥ ਗਰਮਜੋਸ਼ੀ ਨਾਲ ਵਧਾਇਆ ।ਡਾ: ਸਾਹਿਬ ਨੇ ਮਲ੍ਹਕੜੇ ਜਿਹੇ ਹੱਥ ਨਾਲ ਹੱਥ ਛੁਹਾਇਆ ਜਿਵੇਂ ਕਿਤੇ ਹੱਥ ਦੇ ਉਚੜ ਜਾਣ ਦਾ ਡਰ ਹੋਵੇ ।

......ਦੁਹਾਂ ਪਤੀ-ਪਤਨੀ ਨੇ ਇਕ ਦੂਜੇ ਵੱਲ ਵੇਖਿਆ । ਲਗਦਾ ਸੀ ਜਿਵੇਂ ਦੁਹਾਂ ਦੇ ਆਨੇ ਤੇ ਬੁੱਲ੍ਹ ਪੱਥਰ ਦੇ ਹੋਣ । ਉਨ੍ਹਾਂ ਨੇ ਇਕ ਦੂਜੇ ਨੂੰ ਦੋਸ਼ੀ ਮੰਨਿਆ ਤੇ ਫਿਰ ਆਪਣੇ ਆਪ ਨੂੰ ਤੇ ਅੰਤ ਦੁਹਾਂ ਨੇ ਇਕ ਦੂਜੇ ਨੂੰ ਮੁਆਫ਼ ਕਰ ਦਿੱਤਾ ।

ਉਨ੍ਹਾਂ ਨੇ ਪਿੱਠ ਪਿੱਛੇ ਗੇਟ ਦੇ ਬੰਦ ਹੋਣ ਦਾ ਖੜਾਕ ਸੁਣਿਆ । ਨੌ ਵੱਜਕੇ ਚਾਲੀ ਮਿੰਟ ਹੋ ਗਏ ਸਨ ਤੇ ਖੜਾਕ ਰਾਤ ਦੀ ਬੇਚੈਨ ਚੁੱਪ ਵਿਚ ਸਿਮਟ ਕੇ ਰਹਿ ਗਿਆ । ਉਨ੍ਹਾਂ ਨੇ ਅਜੇ ਪੰਜ-ਸੱਤ ਕਦਮ ਹੀ ਪੁੱਟੇ ਸਨ ਕਿ ਬਿਜਲੀ ਚਲੀ ਗਈ । ਇੰਦਰਜੀਤ ਡਰ ਕੇ ਸੁਰਿੰਦਰ ਦੇ ਨਾਲ ਚਿਪਕ ਗਈ ।

'ਇਹ ਜਿਹੜਾ ਮੰਦਰ ਇਨ੍ਹਾਂ ਨੇ ਢਾਹਿਐ, ਇਹ ਕੀਹਦੇ ਤੋਂ ਘੱਟ ਨੇ ।' ਵੇਗ ਮੱਤੀ ਇੰਦਰਜੀਤ ਦੇ ਬੋਲ ਖਿਰੀ ਨਾਫ ਥਿਰੀ ਦੀ ਗੋਲੀ ਵਾਂਗ ਜਿਵੇਂ ਗਲੀ ਦੇ ਪਰਲੇ ਸਿਰੇ ਨਾਲ ਜਾ ਟਕਰਾਏ । ਸੁਰਿੰਦਰ ਪਿਛਾਂਹ ਝਾਕਿਆ ਜਿਵੇਂ ਅਜੇ ਵੀ ਡਾ: ਸਾਹਿਬ ਤੇ ਉਸਦੀ ਪਤਨੀ ਦਾ ਪਰਛਾਵਾਂ ਉਨ੍ਹਾਂ ਦੇ ਪਿੱਛੇ ਪਿੱਛੇ ਆ ਰਿਹਾ ਹੋਵੇ ।

'ਉਹ ਸੋਚ ਰਿਹਾ ਸੀ ਕਿ ਹੁਣ ਕਿਥੇ ਰਹਾਂਗੇ ?' ਗੁਰਦੁਆਰੇ ਦੀ ਸਰਾਂ......ਕੋਈ ਹੋਟਲ......ਧਰਮਸ਼ਾਲਾ......? ਸੁਰੱਖਿਆ ਤਾਂ ਕਿਧਰੇ ਵੀ ਨਹੀਂ ਸੀ । ਖੁਸ਼ਕ ਦਰਿਆ ਦੀ ਦਲਦਲ ਵਿਚ ਫਸ ਗਏ ਹੋਣ ਦੋਵੇਂ......ਜਿਵੇਂ ।'

ਚੱਕੀ ਵਾਲੀ ਗਲੀ, ਗੁਰੂ ਕੀ ਨਗਰੀ, ਬਠਿੰਡਾ

○

**ਸਾਥੀ ਸੁਹੇਲ ਸਿੰਘ (ਸੰਪਾਦਕ ਲੋਕ ਲਹਿਰ) ਨੂੰ ਕਾਵਿ-ਸ਼ਰਧਾਂਜਲੀ**

## (1) ਗੀਤ/ਹਰਭਜਨ ਸਿੰਘ ਹੁੰਦਲ

ਤੇਰੇ ਸੋਗ ਦਾ ਸੁਨੇਹਾ, ਲੈ ਕੇ ਪਹੁੰਚੀਆਂ ਹਵਾਵਾਂ
ਰੁੱਖਾਂ ਰੋਂਦਿਆਂ ਨੂੰ ਦੱਸੋ, ਕਿਹੜੇ ਢੰਗ ਸਮਝਾਵਾਂ
—ਤੇਰੀ ਦੀਦ ਦੇ ਪਿਆਸੇ, ਅਸੀਂ ਘਰੋਂ ਤੁਰ ਆਉਂਦੇ
ਸਾਨੂੰ ਪੁੱਛਦੇ ਗਵਾਂਢੀ, ਤੁਸੀਂ ਖੱਟ ਕੀ ਲਿਆਉਂਦੇ
ਇਹਨਾਂ ਭੋਲਿਆਂ ਨੂੰ ਮਹਿਕ ਦਾ, ਕੀ ਦੱਸਾਂ ਸਿਰਨਾਵਾਂ
—ਤੇਰੇ ਤੁਰ ਜਾਣ ਪਿੱਛੋਂ ਬੜੇ ਸੋਗਵਾਰ ਹੋਏ
ਅਸੀਂ ਅੰਦਰੀਂ ਵੀ ਰੋਏ, ਅਸੀਂ ਬਾਹਰ ਬੈਠ ਰੋਏ
ਧੀਆਂ ਲੈਣ ਹਟਕੋਰੇ, ਚੁੱਪ ਹੁੰਦੀਆਂ ਨਾ ਮਾਵਾਂ
—ਸਾਨੂੰ ਭੁੱਲਣੇ ਨਾ ਤੇਰੇ ਸੰਗ ਵਰ੍ਹੇ ਜੋ ਲੰਘਾਏ
ਅਸੀਂ ਵਾਰ ਵਾਰ ਥਾਣੇ, ਜਦੋਂ ਜਾਂਦੇ ਸੀ ਬੁਲਾਏ
ਤੇਰੇ ਹੁੰਦਿਆਂ ਨਾ ਭੋਰਾ ਸੀ ਡਰਾਉਂਦੀਆਂ ਬਲਾਵਾਂ
—ਕਦੇ ਮੁੜੇ ਨਾ ਨਿਰਾਸ਼ਾ, ਤੇਰੇ ਕੋਲ ਜਿਹੜਾ ਆਇਆ
ਰਿਹਾ ਫੁੱਲ ਮੁਸਕਾਉਂਦਾ, ਮੱਥੇ ਵੱਟ ਨਾ ਸੀ ਪਾਇਆ
ਬੋਲ ਦੇਣ ਜੋ ਦਿਲਾਸੇ, ਕਿੱਥੋਂ ਢੂੰਡ ਕੇ ਲਿਆਵਾਂ
—ਤੂੰ ਸੀ ਕਾਲੀਆਂ ਗੁਫ਼ਾਵਾਂ ਵਿੱਚ, ਕੋਈ ਸ਼ਮ੍ਹਾਦਾਨ
ਔਖੇ ਵੇਲਿਆਂ 'ਚ ਡੋਲਦਾ, ਨਾ ਤੇਰਾ ਸੀ ਈਮਾਨ
ਤੇਰੇ ਅੱਖਰਾਂ ਤੇ ਖ਼ੌਫ਼ ਦਾ ਨਾ ਪੈਂਦਾ ਪ੍ਰਛਾਵਾਂ
—ਸੋਚਾਂ ਮੇਰੀਆਂ ਨੂੰ ਦਿੱਤੀ ਤੂੰ ਸੀ ਵੱਖਰੀ ਪਛਾਣ
ਨੀਲੇ-ਅੰਬਰਾਂ ਤੋਂ ਉੱਚੀ ਤੇਰੀ ਸੋਚ ਦੀ ਉਡਾਣ
ਗੀਤਾਂ ਰੋਂਦਿਆਂ ਨੂੰ ਗੱਲ, ਕਿਹੜੀ ਦੱਸ ਕੇ ਵਰਾਵਾਂ

## (2) ਗ਼ਜ਼ਲ/ਸ਼ਬਦੀਸ਼

ਰੰਗ, ਖੁਸ਼ਬੂ, ਰੌਸ਼ਨੀ ਦੀ ਬਾਤ ਪਾਉਂਦਾ ਉਹ ਗਿਆ,
ਕਾਲੀ ਬੋਲੀ ਰਾਤ ਵਿੱਚ ਦੀਵੇ ਜਗਾਉਂਦਾ ਉਹ ਗਿਆ।

ਜਿਸ ਦੇ ਹਰ ਇੱਕ ਮੋੜ 'ਤੇ, ਹੈ ਮੌਤ ਪਹਿਰਾ ਦੇ ਰਹੀ.
ਉਸ ਗਲੀ ਵਿੱਚ ਜ਼ਿੰਦਗੀ ਦੇ ਗੀਤ ਗਾਉਂਦਾ ਉਹ ਗਿਆ।

ਦੋਸਤੀ ਤੇ ਦੁਸ਼ਮਣੀ ਦੀ ਖ਼ੂਬ ਉਸ ਨੂੰ ਖ਼ਬਰ ਸੀ,
ਦੋਸਤੀ ਦੇ ਫੇਰ ਵੀ ਦਾਇਰੇ ਵਧਾਉਂਦਾ ਉਹ ਗਿਆ।

ਮੋਹ, ਮੁਹੱਬਤ, ਮਲ੍ਹਮ, ਰੋਹ, ਅਗਨ ਵੀ ਤੇ ਬਾਣ ਵੀ,
ਤਹਿਰੀਰ ਦੇ ਹਰਫ਼ਾਂ ਦੇ ਵਿੱਚ ਹਰ ਅਰਥ ਪਾਉਂਦਾ ਉਹ ਗਿਆ।

ਫੁੱਲ, ਕਲੀਆਂ, ਟਾਹਣੀਆਂ ਬਿਰਖਾਂ ਨੂੰ ਮੱਚਦੇ ਵੇਖਕੇ,
ਰੋਂਦਾ ਰਿਹਾ, ਪਰ ਹਰ ਵਕਤ ਹੰਝੂ ਛੁਪਾਉਂਦਾ ਉਹ ਗਿਆ।



## (3) ਮੱਥੇ ਦਾ ਚਾਨਣ/ਡਾ: ਸੁਹਿੰਦਰਬੀਰ

—ਜਗਜਗ ਜਗਮਗ ਕਰਦਾ ਤਾਰਾ ਪਲ ਵਿਚ ਰਾਖ ਹੈ ਹੋਇਆ
ਅੰਬਰ ਦੀ ਇਕ ਆਂਦਰ ਟੁੱਟੀ ਅੱਖ ਅੱਖ ਹੰਝੂ ਰੋਇਆ
—ਇਸ ਅੰਬਰ ਦੇ ਚਾਨਣ ਵਿਚ ਸੀ ਸਭ ਦਾ ਸੂਰਜ ਜਗਦਾ
ਮੇਰ ਤੇਰ ਦੀ ਵਿਰਲ ਨਾ ਕੋਈ ਸਾਹ ਸਾਹ ਜਿਵੇਂ ਪਰੋਇਆ
—ਲੋਅ ਤੇ ਤਾਰਾ ਦੋਵੇਂ ਬੁਝ ਕੇ ਮਿੱਟੀ ਦੇ ਵਿਚ ਮਿਲ ਗਏ
ਇਸ ਤਾਰੇ ਦਾ ਚਾਨਣ ਸਭ ਨੇ ਮੱਥਿਆਂ ਵਿਚ ਲੁਕੋਇਆ
—ਚਿਖਾ ਬਲੀ ਤਾਂ ਹਰ ਇਕ ਦੇਹੀ ਵਿਚ ਚਿਖਾ ਏ ਬਲ ਗਈ
ਸਿਮਰਿਤੀਆਂ ਵਿਚ ਤੁਰਿਆ ਤਾਰਾ ਬਣ ਉਮਰਾਂ ਦਾ ਢੋਆ
—ਅੰਬਰ ਦੇ ਵਿਚ ਲੱਖਾਂ ਤਾਰੇ ਜਗਜਗ ਜਗਜਗ ਕਰਦੇ
ਪਰ ਇਸ ਤਾਰੇ ਬਾਝੋਂ ਅੱਜ ਹੈ ਅੰਬਰ ਸੁੰਨਾ ਹੋਇਆ

## (4) ਸੁਹੇਲ : ਇਕ ਮਹਿਕਦਾ ਫੁੱਲ/ਪਿਆਰਾ ਸਿੰਘ ਸਹਿਰਾਈ

ਸੁਹੇਲ ਰੰਗਲਾ ਸੱਜਣ ਤੇ ਮਿਠ ਬੋਲੜਾ
ਰਣ-ਭੂਮੀ ਦਾ ਸਾਥੀ ਉਚ-ਦੁਮਾਲੜਾ।
ਭਿੰਨੀ-ਭਿੰਨੀ ਖੁਸ਼ਬੋ ਵਾਲਾ ਫੁੱਲ ਉਹ
ਲੋਕ-ਬਗੀਚੇ ਵਿਚ ਰਿਹਾ ਸੀ ਮਹਿਕਦਾ।
ਇਨਕਲਾਬ ਦਾ ਨਗ਼ਮਾ ਗਾਉਂਦਾ ਉਡ ਗਿਆ
ਕ੍ਰਾਂਤੀਕਾਰੀ ਦੀ ਢਾਣੀ 'ਚੋਂ ਨਿਖੜਿਆ।

ਕਿੰਨੇ ਪੰਖੇਰੂ ਪਹਿਲਾਂ ਉਡ ਗਏ
ਗਾ ਕੇ ਨਗ਼ਮਾ ਆਪਣਾ, ਆਪਣੇ ਰਾਹ ਪਏ।

ਕੀਹਨੂੰ ਕੀਹਨੂੰ ਸਿਮਰਾਂ ਜਿਹੜੇ ਵਿਛੜੇ
ਜੂਝਦੇ ਜੂਝਦੇ ਲੜਦੇ ਲੜਦੇ ਸੂਰਮੇ
ਹੱਕ ਸੱਚ ਦੀ ਜੰਗ, ਜਾਰੀ ਅਜੇ ਜੋ।

—ਬੜੇ ਪਿਆਰੇ ਸਾਥੀ ਇਹ ਸੰਗਰਾਮੀਏਂ
ਲੋਕਾਈ ਦੇ ਲੇਖੇ ਜੀਵਨ ਲਾ ਗਏ
ਪਰਚਮ ਰੱਤਾ ਸੱਚ ਦਾ ਲਹਿਰਾ ਗਏ।
ਸਿਰਜਣਾ ਹੈ ਜੋ ਭਵਨ ਕ੍ਰਾਂਤੀ ਦਾ ਅਸਾਂ
ਰੱਦੇ ਆਪਣੇ ਉਹਦੇ ਵਿਚ ਨੇ ਲਾ ਗਏ।
ਜ਼ੁਲਮ ਨਾਲ ਟਕਰਾਏ ਸਿਰਲੱਥ ਸੂਰਮੇਂ
ਅਮਰ ਹੋ ਗਏ ਮਰਕੇ ਇਹ ਮਰਜੀਵੜੇ।
ਅਸਾਂ ਪਾਲਣਾ ਕਰਤਵ ਹੈ ਸੰਗਰਾਮ ਵਿਚ
ਰੰਗਲੇ ਸਾਥੀ ਪਾ ਗਏ ਜਿਹੜੇ ਪੂਰਨੇ
ਤੁਰਨਾ ਅਸਾਂ ਉਹਨਾਂ 'ਤੇ ਅੰਤਿਮ ਸਾਹ ਤੀਕ !

—O—

## ਦੁਖਾਂਤ/ਸੁਰਿੰਦਰ ਗਿੱਲ

ਸੋਵੀਅਤ ਸੰਘ 'ਚ ਖਿੰਡ ਗਏ ਸਿਹ ਦੇ ਤੱਕਲੇ
ਸੋਵੀਅਤਾਂ ਟੁੱਟ ਰਹੀਆਂ
ਸੋਵੀਅਤਾਂ ਵੱਖ ਹੋ ਰਹੀਆਂ ।

ਖ਼ਬਰਾਂ ਸੁਣ ਕੇ ਦੁਨੀਆਂ ਭਰ ਦੇ ਕਾਮੇਂ ਕੰਬੇ
ਇਕ ਦੂਜੇ ਵੱਲ ਤੱਕੇ, ਹੱਕੇ ਬੱਕੇ ।
ਸ਼ੀਸ਼ ਮਹੱਲਾਂ ਵਿਚ ਛਲਕਦੇ ਜਾਮ ਉੱਛਲੇ
ਅਤੇ ਕਹਿਕਹੇ ਮੱਚੇ, ਨਾਚੇ ਨੱਚੇ ।

ਦੁਖਾਂਤ ਗੁਰਬਾਚੋਵ ਦਾ ਨਹੀਂ
ਨ 'ਕੱਟੜ ਪੰਥੀਆਂ' ਦਾ ਹੀ
ਦੁਖਾਂਤ
ਪੂੰਜੀਦਾਰੀ ਦੇ ਭਾਰੇ ਪੁੜਾਂ ਵਿਚ ਪਿਸਦੇ
ਉਸ ਵਰਗ ਦਾ ਹੈ
ਜਿਸਨੂੰ ਹਰ ਸਵੇਰ ਆਉਂਦੀ ਅਤੇ ਲੰਮੀ ਕਾਲੀ ਰਾਤ
ਤੇ ਹਰ ਰਾਹ
ਪੱਥਰ ਵਰਗੇ ਆਉਂਦੇ ਦਿਨ ਦੀ ਚਿੰਤਾ ਖਾਈ ਜਾਂਦੀ ਹੈ।
ਦੁਖਾਂਤ
ਸੋਵੀਅਤ ਸੰਘ ਵਿਚ ਵਸਦੀ ਨਵੀਂ ਨਸਲ ਦਾ ਵੀ ਨਹੀਂ
ਦੁਖਾਂਤ
ਉਨ੍ਹਾਂ ਸੰਗਰਾਮੀਆਂ ਦਾ ਹੈ
ਜਿੰਨ੍ਹਾਂ ਸਮਾਜਵਾਦ ਦਾ ਆਦਰਸ਼ ਦਿਲ 'ਚ ਪਾਲਿਆ
ਇਕ ਨਵੇਂ ਸੰਸਾਰ ਦਾ ਸੁਪਨਾ ਲਿਆ
ਆਪਣੇ ਉਸ ਆਦਰਸ਼ ਨੂੰ ਅਮਲ ਦਾ ਰੂਪ ਦੇਣ ਲਈ
ਉਮਰਾਂ ਲਗਾ ਦਿੱਤੀਆਂ ।

ਓ ਸੋਵੀਅਤ ਸੰਘ ਵਿਚ ਜਨਮੇਂ ਪਲੇ ਤੇ ਪੱਲਰੇ ਜਵਾਨੋ !
ਤੁਸੀਂ ਜੀਵਨ ਗਤੀ ਨੂੰ ਕਿਵੇਂ ਰੋਕੋਗੇ
ਤੁਸੀਂ ਲੈਨਿਨ ਗਰਾਦ ਦਾ ਨਾਂ ਬਦਲ ਦੇਵੋ



ਕਰੈਮਲਿਨ ਚੌਂਕ 'ਚੋਂ ਲੈਨਿਨ ਦਾ ਬੁੱਤ ਉਖਾੜ ਦਿਉ
ਅਤੇ ਹੁਣ ਓਸ ਥਾਂ
ਲੈਨਿਨ ਦੀ ਥਾਂ
ਕੋਈ ਬੇਰੀਆ, ਬੋਥਾ ਜਾਂ ਗਿਆਨੀ ਜ਼ੈਲ ਸਿੰਘ
ਦਾ ਬੁੱਤ ਲਗਾ ਦੇਵੋ
ਹੁਣ ਜਦੋਂ ਉਹ ਰਾਹ ਹੀ ਛੱਡੇ
ਹੁਣ ਜਦੋਂ ਸਿਧਾਂਤ ਹੀ ਤਿਆਗੇ
ਤਾਂ ਲੈਨਿਨ ਕੌਣ ਹੁੰਦਾ ਹੈ ?

O

## ਗ਼ਜ਼ਲ/ਸੁਰਿੰਦਰ ਗਿੱਲ

ਰੁੱਤਾਂ ਰਹਿੰਦੀਆਂ ਨਾ ਸਦਾ ਮਹਿਬੂਬ ਮਿਹਰਬਾਨ,
ਸਮਾਂ ਕਦੋਂ ਤੱਕ ਰਹੇਗਾ ਕਠੋਰ ਕਹਿਰਬਾਨ ।

ਸਾਨੂੰ ਝੱਖੜਾਂ ਹਨੇਰੀਆਂ ਦਾ ਡਰ ਨਹੀਂ ਯਾਰ,
ਅਸੀਂ ਦਿਲ 'ਚ ਦਬਾਏ ਰੋਜ਼ ਸ਼ੂਕਦੇ ਤੂਫ਼ਾਨ ।

ਇਨ੍ਹਾਂ ਪਾਣੀਆਂ 'ਚ ਕੌੜਾਪਨ ਕਦੇ ਨਹੀਂ ਸੀ,
ਦੂਰ ਬੈਠਾ ਜ਼ਹਿਰ ਘੋਲ ਰਿਹਾ ਕੋਈ ਸ਼ੈਤਾਨ ।

ਇਹ ਤਾਂ ਹੰਢਿਆਂ ਖਿਡਾਰੀਆਂ ਦੀ ਖੇਡ ਮੇਰੇ ਯਾਰ,
ਕਾਠ ਮੋਹਰਿਆਂ ਸਮਾਨ ਲੱਗੇ ਮਿੱਤਰਾਂ ਦੀ ਜਾਨ ।

ਨਾ ਉਹ ਰੁੱਖਾਂ ਦਾ ਰੰਗ, ਨਾ ਉਹ ਰਾਹੀਆਂ ਦਾ ਰੂਪ,
ਜ਼ੰਮੀ ਸਮਿਆਂ ਦੀ ਧੂੜ, ਕਿੰਨੇ ਬਦਲੇ ਨਿਸ਼ਾਨ।

20, ਜਰਮਨੀ ਦਾਸ ਪਾਰਕ, ਕਪੂਰਥਲਾ

—⊙—

ਵਾਦ-ਵਿਵਾਦ (1)

## ਗੁਰਬਚਨ ਦੀ ਸਾਹਿਤਕਾਰੀ ਬਨਾਮ ਪੀਲੀ ਸਾਹਿਤਕਾਰੀ (ਲਕੀਰ ਜਨਵਰੀ-ਫਰਵਰੀ 93)

ਸਵਰਨ ਚੰਦਨ

ਸਾਡੀ ਸਾਰਿਆਂ ਦੀ 'ਖੁਸ਼ਕਿਸਮਤੀ' ਹੈ ਕਿ ਗੁਰਬਚਨ ਉਹਨਾਂ ਵਿਵੇਕਵਾਦੀਆਂ ਵਿਚੋਂ ਹੈ ਜਿਹੜੇ ਕਿਸੇ ਸਮਾਜ ਦੇ ਸਾਹਿਤਕ-ਸਭਿਆਚਾਰ ਵਿਚ 'ਕਦੇ ਕਦੇ ਹੀ ਜਨਮ ਲੈਂਦੇ ਹਨ। ਅਜੇਹੇ ਯੁੱਗ-ਪੁਰਸ਼ਾਂ ਨੂੰ ਸਮਝਣ ਵਾਲੇ ਬਹੁਤ ਹੀ ਘੱਟ ਲੋਕ ਹੁੰਦੇ ਹਨ ਕਿਉਂਕਿ ਇਹ ਆਪਣੇ ਸਮਿਆਂ ਤੋਂ ਬਹੁਤ 'ਪਹਿਲਾਂ' ਪੈਦਾ ਹੋ ਗਏ ਹੁੰਦੇ ਹਨ। ਇਸ ਤਰ੍ਹਾਂ ਦੇ ਮਹਾਂਚਿੰਤਕਾਂ ਦੇ ਉਸਾਰੇ ਹੋਏ ਸੰਕਲਪਾਂ ਅਤੇ ਬਣਾਏ ਪ੍ਰਵਰਗਾਂ ਨੂੰ ਗਹੁ ਨਾਲ ਵਿਚਾਰਨ, ਸਮਝਣ ਤੇ ਅਮਲ ਵਿਚ ਲਾਗੂ ਕਰਨ ਦੀ ਲੋੜ ਹੁੰਦੀ ਹੈ .ਪਰ 'ਲਾਅਨਤ' ਹੈ ਸਾਡੇ ਸਾਹਿਤ-ਸਭਿਆਚਾਰ ਦੇ ਲੇਖਕਾਂ ਤੇ ਪਾਠਕਾਂ ਦੇ ਕਿ ਉਹ ਇਨ੍ਹਾਂ ਨੂੰ ਸਮਝ ਹੀ ਨਹੀਂ ਸਕਦੇ, ਬਾਕੀ ਕੰਮ ਤਾਂ ਉਨ੍ਹਾਂ ਨੇ ਕੀ ਕਰਨਾ ਹੈ। ਇਸ ਲਈ ਸਾਨੂੰ ਅਜੇਹੇ ਪਹੁੰਚੇ ਹੋਏ ਬੰਦਿਆਂ ਦੀ ਕਦਰ ਕਰਨੀ ਨਹੀਂ ਆਉਂਦੀ। ਪਤਾ ਨਹੀਂ ਕਿਹਦੀ ਬਦਕਿਸਮਤੀ ਹੈ : ਅਜੇਹੇ ਦਾਨਿਸ਼ਵਰਾਂ ਦੀ ਜਾਂ ਬਾਕੀਆਂ ਦੀ ?

ਗੁਰਬਚਨ ਦੇ ਜ਼ਿੰਮੇਂ ਇਕ ਇਤਿਹਾਸਕ ਕੰਮ ਲੱਗਾ ਹੋਇਆ ਹੈ, ਤੇ ਉਹ ਹੈ ਵਰਤਮਾਨ ਸਾਹਿਤਕਾਰਾਂ ਨੂੰ ਸੋਝੀ ਦੇਣ ਦਾ, ਉਹਨਾਂ ਨੂੰ ਸਰਲ ਜਾਂ ਪੀਲੀ ਸਾਹਿਤਕਾਰੀ ਵ ਲੋਂ ਹਟਾ ਕੇ ਜਟਿਲ ਸਾਹਿਤਕਾਰੀ ਵੱਲ ਲਾਉਣ ਦਾ। ਤੇ ਉਹ ਵੀ ਆਪਣੇ ਕਾਗਜ਼ ਕਾਲੇ ਕਰਕੇ, ਆਪਣੀ ਸਿਆਹੀ ਵਰਤ ਕੇ, ਤੇ ਆਪਣੇ ਕੋਲੋਂ ਪੋਸਟੇਜ ਖਰਚ ਕੇ। ਪਰ ਪਤਾ ਨਹੀਂ ਕੀ ਮਾਰ ਵਗੀ ਹੈ ਪੰਜਾਬੀ ਸਾਹਿਤ ਨੂੰ ਤੇ ਇਹਦੇ ਲੇਖਕਾਂ/ਪਾਠਕਾਂ ਨੂੰ ਕਿ ਉਹ ਕੁਝ ਵੀ ਸਿੱਖਣ ਦਾ ਯਤਨ ਨਹੀਂ ਕਰ ਰਹੇ।

ਗੁਰਬਚਨ ਦੇ ਸਰੋਕਾਰ ਬੜੇ 'ਦਰੁਸਤ' ਹਨ। ਉਹਨੇ ਧੜਾ-ਧੜ ਛਪਦੀਆਂ ਹਿੰਦੀ ਦੀਆਂ ਪੇਪਰ ਬੈਕ ਵੇਖੀਆਂ ਹਨ, ਉਹਨਾਂ ਨੂੰ ਖਪਤ ਕਰਨ ਵਾਲੇ ਰੇਲ ਗੱਡੀਆਂ ਦੇ ਮੁਸਾਫਿਰ ਵੀ ਵੇਖੇ ਹਨ; ਉਹਨੇ ਅੰਗਰੇਜ਼ੀ ਦੇ 'ਮਿਲਜ਼ ਐਂਡ ਬੂਨਜ਼' ਵਰਗੇ ਥੋਕ ਦੇ ਭਾਅ ਵਰਗੇ ਤਰਬੂਜ਼-ਨਾਵਲ ਵੀ ਵੇਖੇ ਹਨ ਤੇ ਉਹਨਾਂ ਦੀ ਪੱਛਮੀ ਮੁਲਕਾਂ ਵਿਚ ਖਪਤ ਵੀ ਵੇਖੀ ਹੈ; ਉਹਨੇ ਅੰਗਰੇਜ਼ੀ ਦਾ 'ਟੀਨੇਜਰ ਸਟੱਫ' ਤੇ 'ਬੈਸਟ ਸੈਲਰਜ਼' ਦਾ ਹੜ੍ਹ ਵੀ ਵੇਖਿਆ ਹੈ ਯਾਨਿ ਚਾਰ ਰੁਪਏ ਦੀ ਕਿਤਾਬ ਤੇ ਪੰਜ ਰੁਪਏ ਦੀ ਕਿਤਾਬ। ਸਭ ਕੁਝ ਵੇਖਿਆ ਹੈ ਉਹਨੇ, ਪਰ ਜੇ ਨਹੀਂ ਵੇਖਿਆ ਤਾਂ ਪੰਜਾਬੀ ਵਿਚ ਛਪਦਾ ਇਸ ਤਰ੍ਹਾਂ ਦਾ ਢੇਰਾਂ ਦਾ ਢੇਰ 'ਕੁਸਾਹਿਤ' ਨਹੀਂ ਵੇਖਿਆ। ਛਪਿਆ ਹੀ ਨਹੀਂ ਵਿਚਾਰੇ ਨੇ ਵੇਖਣਾ ਕੀ ਹੈ ? ਜਿਥੇ ਚੰਗੀ ਕਿਤਾਬ ਵੀ ਢਾਈ ਜਾਂ ਤਿੰਨ ਸੌ ਛਪਦੀ ਹੋਵੇ ਤੇ ਵਿਕਦੀ ਉਹ ਵੀ ਨਾ ਹੋਵੇ ਉਥੇ ਇਹਨਾਂ ਨੂੰ ਮੋਏ ਛਾਪਣਗੇ ? ਪਰ ਜੇ ਨੇ ਜਾਣੀਆਂ ਪੰਜਾਬੀ ਦੇ 'ਲੱਚਰ ਪੇਪਰ ਬੈਕ', 'ਟੀਨੇਜਰ ਸਟੱਫ' ਜਾਂ 'ਬੈਸਟ ਸੈਲਰ' ਲੱਖਾਂ ਦੀ ਗਿਣਤੀ ਵਿਚ ਛਾਪਣ ਲੱਗ ਪਏ ਤਾਂ ਪੰਜਾਬੀਆਂ ਦਾ ਕੀ ਬਣੇਗਾ ਜਿਹਨਾਂ ਦੀ ਪੜ੍ਹਣ ਦੀ ਰੁਚੀ ਏਡੀ ਜ਼ਿਆਦਾ ਪ੍ਰਬਲ ਹੈ। ਇਸ ਲਈ ਅਗਾਊਂ



ਹੀ ਪੀਲੀ ਸਾਹਿਤਕਾਰੀ ਬਾਰੇ ਲਿਖ ਦੇਣਾ ਚੰਗੀ ਗੱਲ ਹੈ। ਇਹੋ ਹੀ ਤਾਂ ਆਪਣੇ ਸਮਿਆਂ ਤੋਂ ਪਹਿਲਾਂ ਜੰਮ ਪਏ ਲੋਕਾਂ ਦੇ ਗੁਣ ਹੁੰਦੇ ਹਨ। ਪਰ ਲੇਖਕ ਜਾਂ ਪਾਠਕ ਸਮਝਦੇ ਹੀ ਨਹੀਂ, ਤੇ ਪੀਲੀ ਸਾਹਿਤਕਾਰੀ ਕਰੀ ਜਾ ਰਹੇ ਹਨ ਤੇ ਪੀਲੇ ਪਾਠ ਕਰੀ ਜਾ ਰਹੇ ਹਨ। ਲਾਅਨਤ ਹੈ (ਲਾਅਨਤ ਦੀ ਦਿਸ਼ਾ ਬਾਰੇ ਸਭ ਦੁਚਿੱਤੀ ਵਿਚ ਹਨ) ਅੰਗਰੇਜ਼ਾਂ ਵਾਂਗ ਸੌ ਸਾਲ ਅੱਗੇ ਦੀ ਸੋਚਣਾ ਇਸੇ ਨੂੰ ਆਖਦੇ ਹਨ—ਸ਼ਾਬਾਸ਼।

ਤੇ ਫੇਰ ਸਾਡੇ ਇਸ ਅੱਗਰਗਾਮੀ ਚਿੰਤਕ ਦੀ ਸੋਚ ਦੇ ਦੋ ਖਾਸ ਪ੍ਰਵਰਗ ਯਾਨਿ ਸਰਲ ਤੇ ਜਟਿਲ ਜਾਂ ਫਿਰ ਸਰਲ ਤੇ ਗੁੰਝਲਦਾਰ। ਮਨੁੱਖ ਵਾਕਿਆ ਹੀ ਬੜਾ ਜਟਿਲ ਹੈ, ਗੁੰਝਲਦਾਰ ਹੈ ਪਰ ਅਜੋਕਾ ਲੇਖਕ ਤਬਕਾ (ਕੁਝ ਨਾਂ ਛੱਡ ਕੇ) ਉਹਨੂੰ ਜਾਣ-ਬੁਝ ਕੇ ਸਰਲ ਬਣਾਈ ਜਾ ਰਿਹਾ ਹੈ। ਕਦੇ ਮਾਰਕਸਵਾਦ ਦੇ ਪਿੱਛੇ ਲੱਗਦਾ ਹੈ, ਕਦੇ ਫਰਾਇਡਵਾਦ ਦੇ; ਕਦੇ ਆਲਬੂਜ਼ਰ ਨੂੰ ਜਾ ਫੜਦਾ ਹੈ ਕਦੇ ਟੇਰੀ ਨੂੰ, ਪਰ ਕਮਾਲ ਦੀ ਗੱਲ ਹੈ ਕਿ ਘਰ ਦੇ ਜੋਗੀ ਨੂੰ ਜੋਗੜਾ ਹੀ ਸਮਝੀ ਜਾ ਰਿਹਾ ਹੈ 'ਮਨੁੱਖੀ ਰਿਸ਼ਤਿਆਂ ਦੀਆਂ ਪੇਚੀਦੀਆਂ ਤਹਿਾਂ ਮਨੁੱਖੀ ਮਨ ਦੀਆਂ ਅਮੁੱਕ ਗੁੰਝਲਾਂ ਤੇ ਗਰੰਥੀਆਂ, ਅਣਗੌਲੇ ਦੁੱਖਾਂ ਤੇ ਅਸਫਲਤਾਵਾਂ' ਵਰਗੀਆਂ ਜਟਿਲਤਾਵਾਂ ਨੂੰ ਲੇਖਕ ਤਬਕਾ ਸਮਝ ਹੀ ਨਹੀਂ ਰਿਹਾ। ਸਾਹਿਤ ਇਕ ਜੁਗਤ ਹੈ ਤੇ ਇਹ ਬਦਲਦੀ ਵੀ ਰਹਿੰਦੀ ਹੈ। ਪਰ ਕਈ ਵਾਰੀ ਇਹ ਵੀ ਨਹੀਂ ਬਦਲਦੀ। ਮੌਨ ਬੋਲਦਾ ਵੀ ਹੈ ਤੇ ਨਹੀਂ ਵੀ ਬੋਲਦਾ। ਪੰਜਾਬੀ ਬੰਦਾ ਬੇਚਾਰਗੀ ਭੋਗ ਰਿਹਾ ਹੈ ਕਿਉਂਕਿ ਉਹ ਪਦਾਰਥਕਤਾ ਦਾ ਸ਼ਿਕਾਰ ਹੈ ਪਰ ਇਹਨੂੰ ਸਮਝਦਾ ਨਹੀਂ, ਸਰਲਤਾ ਦਾ ਸ਼ਿਕਾਰ ਹੈ ਪਰ ਇਹਨੂੰ ਜਾਣਦਾ ਨਹੀਂ। ਕਾਮੂ ਨੇ ਵੀ ਠੀਕ ਕਿਹਾ ਅਤੇ ਹੈਮਿੰਗਵੇਅ ਨੇ ਵੀ ਠੀਕ ਗੋਲੀ ਮਾਰੀ, ਪਰ ਲੇਖਕ ਸਮਝ ਹੀ ਨਹੀਂ ਰਿਹਾ। ਜਟਿਲ ਸਥਿਤੀ ਨੂੰ ਸਰਲ ਬਣਾ ਰਹੇ ਹਨ ਲੇਖਕ—ਬੜੀ ਮਾੜੀ ਗੱਲ ਨੂੰ। ਤੇ ਫੇਰ ਪਾਠਕਾਂ ਦੀ ਬੇਹੂਦਗੀ ਵੇਖੋ : ਉਹ ਸਰਲ ਸਾਹਿਤ ਨੂੰ ਪੜ੍ਹਕੇ ਖੁਸ਼ ਹੋ ਰਹੇ ਹਨ (ਉਸ ਸਾਹਿਤ ਨੂੰ ਜਿਹੜਾ ਅਜੇ ਪੈਦਾ ਹੋਣਾ ਹੈ), ਤੇ ਪਾਠਕ ਅਜੇਹਾ ਸਾਹਿਤ ਪੜ੍ਹ ਕੇ ਸਰਲ ਬਣਿਆ ਰਹਿਣਾ ਚਾਹੁੰਦਾ ਹੈ, ਹਾਲਾਂਕਿ ਉਹਨੂੰ ਜਟਿਲ ਤੇ ਗੁੰਝਲਦਾਰ ਬਣਨਾ ਚਾਹੀਦਾ ਸੀ। ਅਜੀਬ ਪਾਗਲ ਆਦਮੀ ਹੈ ਪਾਠਕ ਜਿਹੜਾ ਸਾਡੇ ਚਿੰਤਕ ਦੇ ਆਖੇ ਅਨੁਸਾਰ ਨਹੀਂ ਕਰ ਰਿਹਾ।

ਹੁਣ ਕੁਝ ਗੈਰ-ਸੰਜੀਦਾ ਗੱਲਾਂ। ਹਾਂ, ਮਨੁੱਖ ਨਿਸਚੇ ਹੀ ਬੜਾ ਜਟਿਲ ਤੇ ਗੁੰਝਲਦਾਰ ਹੈ, ਉਹ ਸਰਲ ਨਹੀਂ। ਪਰ ਮਨੁੱਖ ਨੇ ਪ੍ਰਕਿਰਤੀ 'ਚੋਂ ਨਿਕਲ ਕੇ ਸੰਸਕ੍ਰਿਤੀ ਵਿਚ ਪ੍ਰਵੇਸ਼ ਕੀਤਾ ਤੇ ਆਪਣੇ ਆਲੇ-ਦੁਆਲੇ ਸਮਾਜਕ ਰਿਸ਼ਤਿਆਂ ਦੀ ਇਕ ਵਲਗਣ ਉਸਾਰੀ। ਉਹ ਪਸ਼ੂ ਤੋਂ ਮਨੁੱਖ ਬਣ ਗਿਆ। ਕੁਝ ਅੰਕੁਸ਼ ਪੈਦਾ ਕਰਕੇ, ਕੁਝ ਬੰਦਸ਼ਾਂ ਤੇ ਟੈਬੂ ਸਿਰਜ ਕੇ। ਇਹ ਉਹਦਾ ਮਨੁੱਖੀ ਸਮਾਜ ਹੈ ਜਿਸ ਵਿਚ ਉਹਨੇ ਰਹਿਣਾ ਹੈ ਤੇ ਕਾਰਜ ਕਰਨਾ ਹੈ। ਉਹਨੇ ਸਮਾਜ ਢਾਹੁਣਾ ਨਹੀਂ ਬਲਕਿ ਉਹਨੂੰ ਹੋਰ ਵਧੇਰੇ ਚੰਗਾ ਬਣਾਉਣਾ ਹੈ। ਹਰ ਲੇਖਕ ਜਾਣਦਾ ਹੈ ਕਿ ਮਨੁੱਖ ਸਰਲ ਨਹੀਂ ਜਟਿਲ ਹੈ, ਗੁੰਝਲਦਾਰ ਹੈ। ਤੇ ਇਸ ਜਟਿਲਤਾ ਦੇ ਦੋ ਪੱਧਰ ਹਨ : ਇਕ ਉਹਦੇ ਆਰਥਕ ਸੰਘਰਸ਼ ਦਾ ਤੇ ਦੂਜਾ ਉਹਦੀ ਸੈਕਸ ਦੀ ਪ੍ਰਵਿਰਤੀ ਦਾ। ਦੋਵੇਂ ਬੁਨਿਆਦੀ ਹਨ। ਆਰਥਕ ਸੰਘਰਸ਼ ਵਿਚ ਪਏ ਮਨੁੱਖ ਦੀਆਂ

ਖ਼ੂਬਸੂਰਤੀਆਂ ਤੇ ਬਦਸੂਰਤੀਆਂ, ਚੜ੍ਹਾਅ ਤੇ ਉਤਾਰ, ਨਿਘਾਰ, ਪਤਣ, ਕਮੀਨਗੀਆਂ ਆਦਿ ਦੀਆਂ ਗੁੰਝਲਾਂ ਨੂੰ ਪੇਸ਼ ਕਰਨਾ, ਦੂਜੇ ਮਨੁੱਖਾਂ ਨਾਲ ਉਹਦੇ ਬਣਦੇ-ਵਿਗੜਦੇ ਰਿਸ਼ਤਿਆਂ ਨੂੰ ਚਿਤਰਣਾ ਇਕ ਗੱਲ ਹੈ, ਪਰ ਉਹਦੀ ਸੈਕਸ ਦੀ ਪ੍ਰਵਿਰਤੀ, ਇਸਦੇ ਸਾਰੇ ਪਸਾਰਾਂ ਨੂੰ ਚਿਤਰਣਾ ਦੂਜੀ ਗੱਲ।

ਅਸਲ ਵਿਚ ਮਨੁੱਖ ਕੀ ਹੈ, ਕਿੰਨਾ ਕੁ ਗੁੰਝਲਦਾਰ ਤੇ ਕਿੰਨਾ ਕੁ ਜਟਿਲ ਕਿੰਨਾ ਕੁ ਕਮੀਨਾ ਤੇ ਕਿੰਨਾ ਕੁ ਬਦਸੂਰਤ ਹੈ, ਇਸ ਸਭ ਕੁਝ ਵਿਚੋਂ ਹੀ ਉਹਦੀ ਮਾਨਸਿਕਤਾ ਨੂੰ ਵੇਖਿਆ ਜਾ ਸਕਦਾ ਹੈ। ਸਮਾਜ ਦੀਆਂ ਬੰਦਸ਼ਾਂ ਤੇ ਟੈਬੂਆਂ ਕਰਕੇ, ਰਿਸ਼ਤਿਆਂ ਦੀਆਂ ਵਲਗਣਾਂ ਕਰਕੇ ਮਨੁੱਖ ਮਨੁੱਖ ਵਜੋਂ ਅਜੇ ਜਿਉਂਦਾ ਹੈ। ਜੇ ਉਹਨੂੰ ਬਿਲਕੁਲ ਨਿਰੰਕੁਸ਼ ਕਰ ਦਿਤਾ ਜਾਏ ਤਾਂ ਫਿਰ ਉਸਦੇ 'ਕਮਾਲ' ਵੇਖਿਆਂ ਹੀ ਬਣ ਸਕਦੇ ਹਨ।

ਕੀ ਤੁਸੀਂ ਉਸ ਜਟਿਲ ਤੇ ਗੁੰਝਲਦਾਰ ਮਨੁੱਖ ਨੂੰ ਪੇਸ਼ ਕਰ ਸਕਦੇ ਹੋ ਜਿਸਦਾ ਮਨ ਅਕਹਿ ਤੇ ਅਸਹਿ 'ਗੰਦ' (ਗੰਦ ਸ਼ਬਦ ਦਾ ਇਸਤੇਮਾਲ ਵੀ ਸਿਰਫ ਸਮਾਜ ਦੀ ਹੋਂਦ ਕਰਕੇ ਹੀ ਸੰਭਵ ਹੈ ਜਦੋਂ ਕਿ ਪਸ਼ੂਆਂ ਵਿਚ ਇਸ ਸ਼ਬਦ ਦੇ ਕੋਈ ਅਰਥ ਨਹੀਂ ਰਹਿ ਜਾਂਦੇ) ਨਾਲ ਭਰਿਆ ਪਿਆ ਹੈ? ਤੁਸੀਂ ਮਨੁੱਖੀ ਮਾਨਸਿਕਤਾ ਦੀਆਂ ਗੁੰਝਲਾਂ ਤੇ ਜਟਿਲਤਾਵਾਂ ਨੂੰ ਸਿਰਫ ਉਸ ਹੱਦ ਤੱਕ ਹੀ ਪੇਸ਼ ਕਰ ਸਕਦੇ ਹੋ ਜਿਸ ਹੱਦ ਸਮਾਜ ਇਸਨੂੰ ਬਹੁਤ ਹੀ ਬੁਰਾ ਨਹੀਂ ਸਮਝਦਾ। ਖੁੱਲ੍ਹ ਤਾਂ ਲਈ ਜਾ ਸਕਦੀ ਹੈ ਪਰ ਇਕ ਹੱਦ ਤੱਕ। ਪਰ ਇਸ ਹੱਦ ਨੂੰ ਟੱਪਦਿਆਂ ਹੀ ਸਮਾਜ ਅਤੇ ਸਾਡਾ ਇਹ ਮਹਾਨ ਚਿੰਤਕ ਇੱਟਾਂ ਮਾਰ ਮਾਰ ਕੇ ਉਸ ਲੇਖਕ ਨੂੰ ਮਾਰ ਦੇਣਗੇ। ਸਿਰਫ ਏਹੋ ਨਹੀਂ ਉਹ ਵਿਅਕਤੀ ਜਿਸਦਾ ਪਾਤਰ ਪੇਸ਼ ਕੀਤਾ ਜਾਂਦਾ ਹੈ ਉਹ ਵੀ ਭਸਮ ਹੋ ਜਾਏਗਾ। ਕੀ ਮਨੁੱਖ ਨੂੰ ਉਹਦੇ ਗੰਦ-ਮੰਦ, ਉਹਦੀਆਂ ਸਾਰੀਆਂ ਗੁੰਝਲਾਂ ਤੇ ਗਰੰਥੀਆਂ ਸਮੇਤ ਪੇਸ਼ ਕੀਤਾ ਜਾ ਸਕਦਾ ਹੈ? ਕੀ ਇਹੋ ਹੀ ਗੁਰਬਚਨ ਉਸ ਲਿਖਤ ਨੂੰ ਲੱਚਰ, ਪੀਲੀ, ਮਸਾਲੇਦਾਰ (ਲਕੀਰ, 43/ਸਫ਼ਾ 61) ਨਹੀਂ ਕਹੇਗਾ? ਸਰਲ ਦੇ ਵਿਰੋਧ ਵਿਚ ਜਟਿਲ ਤੇ ਗੁੰਝਲਦਾਰ ਕਹਿਣਾ, ਲੇਖ ਲਿਖਣਾ, ਜ਼ਮੀਨ-ਅਸਮਾਨ ਦੇ ਕੁਲਾਬੇ ਮੇਲ ਦੇਣਾ ਤੇ ਬਿਨਾਂ ਇਸ ਸ਼ਬਦ ਦੇ ਡੂੰਘ ਵਿਚ ਉਤਰਿਆਂ, ਲੋਕਾਂ/ਲੇਖਕਾਂ/ਪਾਠਕਾਂ ਨੂੰ ਪੜ੍ਹਾਉਣ ਤੁਰ ਪੈਣਾ ਬੜਾ ਸਰਲ ਕੰਮ ਹੈ। ਕੀ ਇਹ ਪੀਲੀ ਪੱਤਰਕਾਰੀ ਹੈ ਜਾਂ ਕੁਝ ਹੋਰ? ਜੇ ਮੈਂ ਗੁਰਬਚਨ ਨੂੰ ਉਹਦੀ ਮੁਕੰਮਲ ਮਾਨਸਿਕ ਜਟਿਲਤਾ ਅਤੇ ਗੁੰਝਲਾਂ ਸਮੇਤ ਇਕ ਪਾਤਰ ਵਜੋਂ ਪੇਸ਼ ਕਰਾਂ, ਉਹਦੀ ਸੋਚ ਵਿਚ ਧੁਰ ਅੰਦਰ ਤੀਕ ਉਤਰ ਜਾਵਾਂ ਤਾਂ ਕੀ ਉਹ ਬਰਦਾਸ਼ਤ ਕਰ ਸਕਦਾ ਹੈ? ਕੀ ਸਮਾਜ ਬਰਦਾਸ਼ਤ ਕਰ ਸਕਦਾ ਹੈ? ਕੀ ਲੇਖਕ ਤੇ ਪਾਠਕ ਬਰਦਾਸ਼ਤ ਕਰ ਸਕਦੇ ਹਨ? ਨਹੀਂ। ਸਮਾਜ ਦੇ ਸੈਕਸ-ਟੈਬੂਆਂ ਨੂੰ ਹਰ ਵਿਅਕਤੀ ਪੰਜਾਹ ਹਜ਼ਾਰ ਵਾਰੀ ਤੋੜਦਾ ਹੈ, ਪਰੰਤੂ ਆਪਣੇ ਮਨ ਵਿਚ ਹੀ। ਕੀ ਉਹਨੂੰ ਉਵੇਂ ਜਿਵੇਂ ਪੇਸ਼ ਕੀਤਾ ਜਾ ਸਕਦਾ ਹੈ? ਉਹ ਸਮਾਜ ਵਿਚ ਰਹਿੰਦਾ ਹੈ। ਉਹਨੂੰ ਧੀਆਂ, ਭੈਣਾਂ, ਮਾਂ, ਪਿਓ, ਭਰਾ ਸਭ 'ਰਿਸ਼ਤੇ' ਚਾਹੀਦੇ ਹਨ। ਕੀ ਉਹਨੂੰ ਉਹਦੇ ਪਸ਼ੂਪਣ ਸਮੇਤ ਕਾਗਜ਼ ਤੇ ਉਤਾਰਿਆ ਜਾ ਸਕਦਾ ਹੈ? ਹਾਂ, ਜੇ ਸਮਾਜ ਨੂੰ ਖੇਰੂੰ-ਖੇਰੂੰ ਕਰ ਦੇਣ ਦਾ 'ਨੇਕ' ਇਰਾਦਾ ਹੈ ਤਾਂ ਇਹ ਕੰਮ ਜ਼ਰੂਰ ਹੋ ਸਕਦਾ ਹੈ।

ਦੂਜੀ ਗੱਲ, ਕੀ ਕੋਈ ਵਿਅਕਤੀ ਆਪਣੇ ਵੱਧ ਤੋਂ ਵੱਧ ਨੇੜਲੇ ਦੋਸਤ ਨੂੰ ਵੀ



ਮਨ ਦੀ ਹਰ ਮੈਲ ਦੱਸ ਸਕਦਾ ਹੈ? ਸਿਰਫ ਏਹੋ ਨਹੀਂ, ਕੀ ਕੋਈ ਪਤਨੀ ਆਪਣੇ ਪਤੀ ਨੂੰ ਤੇ ਪਤੀ ਆਪਣੀ ਪਤਨੀ ਨੂੰ ਆਪਣੇ ਮਨ ਦੀ ਹਰੇਕ ਗੱਲ ਦੱਸ ਸਕਦਾ ਹੈ? ਜੇ ਮਨੁੱਖੀ ਮਨ ਦੀ ਜਟਿਲਤਾ ਅਤੇ ਗੁੰਝਲਦਾਰੀ ਨੂੰ ਪੂਰੀ-ਪੂਰੀ ਇਮਾਨਦਾਰੀ ਨਾਲ ਕਾਗਜ਼ ਤੇ ਉਤਾਰਿਆ ਜਾ ਸਕਦਾ ਹੁੰਦਾ ਤਾਂ ਫਿਰ ਸ਼ਬਦ 'ਲੱਚਰ' ਅਤੇ 'ਅਸ਼ਲੀਲ' ਦਾ ਕੀ ਬਣਦਾ ਜਿਸਨੂੰ ਗੁਰਬਚਨ ਆਪਣੀ ਸਹੂਲਤ ਅਨੁਸਾਰ ਜਦੋਂ ਮਰਜ਼ੀ ਵਰਤਣ 'ਚੋਂ ਲੁਤਫ ਲੈਂਦਾ ਹੈ। ਜੇਕਰ ਕਿਸੇ ਲੇਖਕ ਨੇ ਮਨੁੱਖੀ ਮਾਨਸਿਕ ਗੁੰਝਲਾਂ ਦੀ ਕੋਈ ਗੱਲ ਕੀਤੀ ਹੈ ਤਾਂ ਸਿਰਫ ਉਸ ਹੱਦ ਤੱਕ ਜਿਸਨੂੰ ਸਮਾਜਕ ਪਰਵਾਨਗੀ ਦੀ ਹੱਦ ਕਿਹਾ ਜਾ ਸਕਦਾ ਹੈ। ਤੇ ਉਹ ਵੀ ਔਰਤ-ਮਰਦ ਦੇ ਵਿਸ਼ੇਸ਼ ਰਿਸ਼ਤੇ ਦੇ ਬਣਨ-ਵਿਗੜਨ ਦੇ ਵਾਤਾਵਰਣ ਵਿਚ। ਉਸ ਤੋਂ ਅੱਗੇ ਨਹੀਂ। ਇਸ ਤਰ੍ਹਾਂ ਸਮਝਿਆਂ, ਉਹ ਜਟਿਲਤਾ ਜਾਂ ਗੁੰਝਲਦਾਰੀ ਦੀ ਅਸਲੀਅਤ ਦਾ ਇਕ ਛੋਟਾ ਜਿਹਾ ਹਿੱਸਾ ਹੈ, ਮੁਕੰਮਲ ਜਟਿਲਤਾ ਜਾਂ ਗੁੰਝਲ ਨਹੀਂ। ਹੁੰਝਾਫੇਰ ਤੇ ਸਰਲ ਦਲੀਲਾਂ ਗੁਰਬਚਨ ਦੀ ਆਪਣੀ ਜ਼ਿੰਦਗੀ ਤੇ ਲਿਖਤ ਵਿਚ ਹੀ ਏਨੀਆਂ ਹਨ ਕਿ ਹੈਰਾਨੀ ਹੁੰਦੀ ਕਿ ਉਹ ਫੇਰ ਵੀ ਕੱਚਾ ਪੱਕਾ ਲਿਖੀ ਤੁਰਿਆ ਜਾਂਦਾ ਹੈ। ਕਦੇ ਉਹ ਕੁਝ ਕਹਿੰਦਾ ਹੈ ਕਦੇ ਕੁਝ। ਕਦੇ ਪਹਿਲੀ ਗੱਲ ਤੇ ਕਾਟਾ ਫੇਰਦਾ ਹੈ ਤੇ ਕਦੇ ਦੂਜੀ ਤੇ।

ਮਨੁੱਖੀ ਮਨ ਦੀਆਂ ਅਮੁੱਕ ਗੁੰਝਲਾਂ ਤੇ ਗਰੰਥੀਆਂ, ਅਣਗੌਲੇ ਦੁੱਖਾਂ ਤੇ ਅਸਫਲਤਾਵਾਂ ਨੂੰ ਫਰੋਲਿਆ ਜਾ ਸਕਦਾ ਹੈ, ਪਰ ਇਸ ਲਈ ਲੇਖਕ ਨੂੰ, ਤੇ ਪਾਠਕ ਨੂੰ ਸਮਾਜ 'ਚੋਂ ਕੱਢਕੇ ਜੰਗਲ 'ਚ ਲਿਜਾਣਾ ਪਵੇਗਾ, ਪਹਿਲੇ ਦਿਨ ਤੋਂ ਹੀ। ਸਾਡਾ ਸਮਾਜ, ਬਲਕਿ ਕੋਈ ਵੀ ਸਮਾਜ ਸਰੀਰ ਦੇ ਅੰਗਾਂ ਦਾ ਨਾਂ ਲੈਣਾ ਵੀ ਬਰਦਾਸ਼ਤ ਨਹੀਂ ਕਰ ਸਕਦਾ, ਤੇ ਇਥੇ ਗੁਰਬਚਨ ਜਟਿਲਤਾ ਤੇ ਗੁੰਝਲਾਂ ਨੂੰ ਰੋ ਰਿਹਾ ਹੈ।

ਮੈਂ ਹੈਰਾਨ ਹੁੰਦਾ ਹਾਂ ਕਿ ਇਹ ਕਿਹੋ ਜਿਹੇ ਲੋਕ ਹਨ ਜਿਹੜੇ ਗੱਲਾਂ ਤਾਂ ਸ਼ਬਦਾਂ ਦੀ ਤਾਕਤ ਦੀਆਂ ਕਰਦੇ ਹਨ ਪਰ ਕਿਸੇ ਵੀ ਸ਼ਬਦ ਦੀ ਤਾਕਤ, ਉਸਦੇ ਅਰਥਾਂ ਦਾ ਉਹਨਾਂ ਨੂੰ ਇਲਮ ਨਹੀ ਹੁੰਦਾ। ਸ਼ਬਦਾਂ ਦੇ ਅਰਥਾਂ ਨੂੰ ਵੀ ਸਮਾਜ ਨਿਸ਼ਚਿਤ ਕਰਦਾ ਹੈ। **ਉਹ ਉਹਨਾਂ ਵਿਚ ਸਦਾ ਸਾਪੇਖ ਅਰਥ ਭਰਦਾ ਹੈ ਨਿਰਪੇਖ ਨਹੀਂ।** ਤੇ ਇਹ ਸਾਪੇਖਤਾ ਸਮਾਜ ਦੀਆਂ ਸੀਮਾਵਾਂ, ਇਹਦੇ ਪ੍ਰਤਿਮਾਨਾਂ, ਇਹਦੀਆਂ ਬੰਦਸ਼ਾਂ ਤੇ ਟੈਬੂਆਂ ਅਨੁਸਾਰ ਹੁੰਦੀ ਹੈ। ਤੇ ਕੋਈ ਵੀ ਪ੍ਰਵਕਤਾ ਜਾਂ ਲੇਖਕ ਉਹਨਾਂ ਹੀ ਸੀਮਾਵਾਂ ਵਿਚ ਆਪਣੀ ਸਿਰਜਣਾ ਵੀ ਕਰਦਾ ਹੈ ਉਹ ਕੁਝ ਖੁੱਲ੍ਹਾਂ ਜ਼ਰੂਰ ਲੈਂਦਾ ਹੈ ਪਰ ਸਮਾਜ/ਪਾਠਕਾਂ/ਲੇਖਕਾਂ ਦੀ ਪਾਚਣ-ਸ਼ਕਤੀ ਦੀ ਹੱਦ ਤੱਕ, ਉਸ ਤੋਂ ਅੱਗੇ ਨਹੀਂ। ਇਹਨਾਂ ਹੀ ਅਰਥਾਂ ਵਿਚ ਕਿਸੇ ਸਾਹਿਤ ਦੀ ਪਛਾਣ ਹੋਣੀ ਹੁੰਦੀ ਹੈ ਪਰ ਗੁਰਬਚਨ ਦੇ ਲੇਖ ਪੜ੍ਹ ਕੇ ਲੱਗਦਾ ਹੈ ਜਿਵੇਂ ਸਾਹਿਤ ਦੇ ਰਾਹ ਵਿਚ ਸਮਾਜ ਜਾਂ ਸਭਿਆਚਾਰ ਨਾਮ ਦੀ ਕੋਈ ਵੀ ਸ਼ੈਅ ਨਹੀਂ ਖੜੀ ਜਿਹਦੀਆਂ ਸੀਮਾਵਾਂ ਨੂੰ ਉਲੰਘਣ ਦੀ ਜ਼ਰੂਰਤ ਪਵੇ। ਪਰ ਉਹ ਗੱਲਾਂ ਨਿੱਤ ਸਮਾਜ, ਸਭਿਆਚਾਰ ਤੇ ਸਾਹਿਤ ਦੀਆਂ ਕਰਦਾ ਹੈ।

ਕਿਹੜੀ ਜਟਿਲ ਸਥਿਤੀ? ਕਿਹੜੀ ਸਰਲਤਾ? ਲੱਚਰ ਕੀ ਹੁੰਦਾ ਹੈ ਤੇ ਕਿਉਂ ਹੁੰਦਾ ਹੈ? ਕੀ ਗੁਰਬਚਨ ਆਪਣੇ ਇਹਨਾਂ ਸ਼ਬਦਾਂ ਬਾਰੇ ਸਪਸ਼ਟ ਹੈ? ਕੀ ਅਜੇ ਵੀ ਉਹਨੂੰ

ਸਪਸ਼ਟ ਸਮਝਿਆ ਜਾ ਸਕਦਾ ਹੈ ?......ਸਰਲ ਪਾਠਕ ਦੀ ਸਰਲਤਾ ਨੂੰ ਪੂਰਾ ਕਰਦੀ ਹੈ......ਹਰ ਰਿਸ਼ਤੇ ਨੂੰ ਪੈਸੇ ਨਾਲ ਨਾਪਣਾ......ਇਹ ਸਭ ਕੀ ਹੈ ਗੁਰਬਚਨ ਜੀ ? ਫੇਰ, ਅਖੇ ਮਾਰਕਸਵਾਦ ਨੂੰ ਸਰਲ ਨਿਗ੍ਹਾ ਨਾਲ ਵੇਖੋ ਤਾਂ ਉਹ ਵੀ ਰੁਮਾਂਸ ਹੋ ਨਿਬੜਦਾ ਹੈ। ਹਾਂ, ਬਿਲਕੁਲ, ਪਰ ਤੁਸਾਂ ਕਿਵੇਂ ਵੇਖਿਆ ਹੈ ? ਸਮਝਾਉ ਸਾਨੂੰ ? ਕੀ ਬਲਾ ਹੈ ਇਹ ਮਾਰਕਸਵਾਦ, ਦੱਸੋ ਤਾਂ ਸਹੀ ਜ਼ਰਾ ? ਅਖੇ, ਇਹ ਰਵਾਇਤੀ ਮਾਰਕਸਵਾਦ ਹੈ, ਫਲਾਂ ਨਵਾਂ ਮਾਰਕਸਵਾਦ ਹੈ ਤੇ ਢਿਮਕਾ ਉਸ ਤੋਂ ਵੀ ਅੱਗੇ ਦਾ ਮਾਰਕਸਵਾਦ ਹੈ। ਕੀ ਇਹ ਪੀਲਾ ਮਾਰਕਸਵਾਦ ਹੈ ਕਿ ਕਾਲਾ ? ਜਾਂ ਹੋਰ ਕਿਸੇ ਰੰਗ ਦਾ ? ਸ਼ਬਦਾਂ ਦਾ ਜਾਲ ਬੁਣ ਕੇ ਅਕਲਮੰਦ ਕਹਾਉਣਾ ਬਹੁਤੀ ਦੇਰ ਤੱਕ ਨਹੀਂ ਚਲਦਾ ਹੁੰਦਾ ਪਿਆਰਿਓ। ਗੱਲਾਂ ਕਰਨੀਆਂ ਸ਼ਬਦਾਂ ਨੂੰ ਜੀਣ ਦੀਆਂ ਤੇ ਕਰ ਦੇਣਾ ਉਹਨਾਂ ਨੂੰ ਉਹਨਾਂ ਦੇ ਹਰ ਅਰਥ ਤੋਂ ਖਾਲੀ ਤੇ ਭਜਾਈ ਫਿਰਨਾ ਧੂੜ 'ਚ ਟੱਟੂ—ਇਹ ਕਿਹੜਾ ਕਸਬ ਹੈ ਜੋ ਤੁਸਾਂ ਤੁਹਾਡੇ ਕਹਿਣ ਮੁਜਬ ਬੜੀ ਮਿਹਨਤ ਨਾਲ ਸਿੱਖਿਆ ਹੈ।

ਮੈਨੂੰ ਇਹ ਕਹਿਣ ਵਿਚ ਜ਼ਰਾ ਵੀ ਝਿਜਕ ਮਹਿਸੂਸ ਨਹੀਂ ਹੁੰਦੀ ਕਿ ਜਿਹੜੇ ਵੀ, ਪੈਰ-ਪੈਰ ਤੇ ਇਕ ਦੂਜੇ ਨੂੰ ਕੱਟਦੇ, ਸਵੈ-ਵਿਰੋਧੀ, ਸਮਾਜ-ਵਿਰੋਧੀ, ਸਾਹਿਤ ਤੇ ਸਭਿਆਚਾਰ-ਵਿਰੋਧੀ ਸ਼ਬਦ, ਪੈਰੇ ਤੇ ਵਾਕ ਤੁਸੀਂ ਲਿਖੇ ਹਨ (ਹੁਣ ਤੱਕ) ਉਹਨਾਂ ਵਿਚੋਂ ਹੀ ਤੁਹਾਡੇ ਮਨ ਦੀ ਜਟਿਲਤਾ ਤੇ ਗੁੰਝਲ ਨੂੰ ਸਮਝਿਆ ਜਾ ਸਕਦਾ ਹੈ। ਤੁਹਾਡੇ ਇਹਨਾਂ ਸ਼ਬਦਾਂ ਵਿਚੋਂ ਇਕ ਉਦਾਸ ਮਨੁੱਖ ਦੀ ਗਾਥਾ ਨੂੰ ਲੱਭਿਆ ਜਾ ਸਕਦਾ ਹੈ। ਉਦਾਸੀ ਦੇ ਕਾਰਨ ਵੀ ਲੱਭੇ ਜਾ ਸਕਦੇ ਹਨ। ਤੇ ਪਰਵਾਨਿਤ ਸਮਾਜਕ ਹੱਦਾਂ ਦੇ ਵਿਚ ਰਹਿਕੇ ਤੁਹਾਡੇ ਮਨ ਦੀਆਂ ਗਰੰਥੀਆਂ ਨੂੰ ਵੇਖਿਆ ਜਾ ਸਕਦਾ ਹੈ।

ਅਖ਼ੀਰ ਵਿਚ ਇਕ ਗੁਜ਼ਾਰਸ਼ : ਅਜੇ ਸਮਾਂ ਹੈ, ਸ਼ਬਦਾਂ ਨੂੰ ਉਹਨਾਂ ਦੇ ਸਾਪੇਖ ਸਮਾਜਕ ਅਰਥਾਂ ਤੋਂ ਖਾਲੀ ਨਾ ਕਰੋ ਨਹੀਂ ਤਾਂ ਇਹ ਤੁਹਾਨੂੰ ਖਾਲੀ ਕਰ ਦੇਣਗੇ। ਸਾਡੇ ਦੇਸ਼ ਦੀ ਗੰਦੀ ਤੇ ਘਿਨੌਣੀ ਰਾਜਨੀਤੀ ਨੇ ਪਹਿਲਾਂ ਹੀ ਅਨੇਕਾਂ ਸ਼ਬਦਾਂ ਨੂੰ ਉਹਨਾਂ ਦੇ ਅਰਥਾਂ ਤੋਂ ਖਾਲੀ ਕਰ ਦਿੱਤਾ ਹੈ। ਸਿਆਸਤ ਨੇ ਸ਼ਬਦਾਂ ਨੂੰ ਕੰਜਰੀਆਂ ਬਣਾ ਕੇ ਰੱਖ ਦਿੱਤਾ ਹੈ। ਤੇ ਹੁਣ ਬਾਕੀ ਬਚਦਾ ਕੰਮ ਤੁਸਾਂ ਸੰਭਾਲ ਲਿਆ ਹੈ—ਇਹਨਾਂ ਨੂੰ ਹਰ ਤਰ੍ਹਾਂ ਨਾਲ ਪ੍ਰਦੂਸ਼ਿਤ ਕਰ ਦੇਣ ਦਾ। ਤੇ ਜਦੋਂ ਕਿਸੇ ਵੀ ਸਮਾਜ ਦੀ ਭਾਸ਼ਾ ਪ੍ਰਦੂਸ਼ਿਤ ਹੋ ਜਾਂਦੀ ਹੈ ਤਾਂ ਅਜੇਹਾ ਸਮਾਂ ਕਹਿਰ ਦਾ ਸਮਾਂ ਹੁੰਦਾ ਹੈ। ਜਾਲ ਸੁੱਟ ਕੇ ਸ਼ਬਦਾਂ ਨੂੰ ਮੱਛੀਆਂ ਵਾਂਗ ਫੜਨਾ ਅਤੇ ਫੇਰ ਉਹਨਾਂ ਨੂੰ ਤੜਫ਼ਦਿਆਂ ਵੇਖ ਕੇ ਖੁਸ਼ ਹੋਣਾ, ਦਰਸ਼ਕਾਂ ਤੋਂ ਉਹਨਾਂ ਦੇ ਸ਼ਿਕਾਰ ਲਈ ਦਾਦ ਮੰਗਣੀ—ਇਹ ਕੁਝ ਅਸੀਂ ਕਾਫੀ ਸਮੇਂ ਤੋਂ ਹੁੰਦਾ ਵੇਖ ਰਹੇ ਹਾਂ। ਲੋਕਾਂ ਨੂੰ ਤਾਂ ਪਹਿਲਾਂ ਹੀ ਅਖ਼ਬਾਰਾਂ ਦੀ ਸਮਝ ਆਉਣੀ ਬੰਦ ਹੋ ਗਈ ਹੈ ਕਿਉਂਕਿ ਉਥੇ ਸਿਰਫ਼ ਖਾਲੀ ਸ਼ਬਦ ਹੁੰਦੇ ਹਨ ਉਹਨਾਂ ਦੇ ਅਰਥ ਨਹੀਂ ਹੁੰਦੇ। ਆਪਣੇ ਸਾਰੇ ਸਮਾਜਕ ਅਰਥਾਂ ਤੋਂ ਖਾਲੀ ਕਰ ਦਿੱਤੇ ਗਏ ਇਹ ਸ਼ਬਦ ਮੁਰਦਿਆਂ ਵਰਗੇ ਭਾਸਦੇ ਹਨ ਲੋਕਾਂ ਨੂੰ। ਰਾਜਨੀਤੀ ਵਿਚ ਸ਼ਾਬਦਿਕ-ਪ੍ਰਦੂਸ਼ਣ ਵਾਲੀ ਖੇਡ, ਹੁਣ ਤੁਸਾਂ ਸਾਹਿਤ ਵਿਚ ਵੀ ਸ਼ੁਰੂ ਕਰ ਦਿੱਤੀ ਹੈ। ਵੋਟਾਂ, ਲੁੱਟਾਂ ਦੀ ਇਹ ਰਾਜਨੀਤੀ ਸ਼ਬਦਾਂ ਨੂੰ ਲੁੱਟ ਰਹੀ ਹੈ ਤੇ ਅਸਿੱਧੇ ਰੂਪ ਵਿਚ ਸਮਾਜ ਨੂੰ ਤੇ ਲੋਕਾਂ ਨੂੰ। ਜੇ ਤੁਸੀਂ ਸ਼ਬਦਾਂ ਦੇ ਅਰਥ ਬਹਾਲ ਨਹੀਂ ਕਰ ਸਕਦੇ ਤਾਂ ਘੱਟੋ-ਘੱਟ ਉਹਨਾਂ ਨੂੰ ਸੱਖਣੇ ਕਰਨ ਦਾ ਕੰਮ ਤਾਂ ਨਾ ਕਰੋ। ਧੰਨਵਾਦ ! ○





## ਪਿਛਾਂਹ ਮੁੜਨ ਦਾ ਤਰਕ

ਕਰਮਜੀਤ ਸਿੰਘ

ਹਰਕਾਰਾ ਮਾਰਚ 93 ਪੜ੍ਹਨ ਤੋਂ ਬਾਅਦ ਇਸ ਦੀ ਸੇਧ ਤੇ ਇੱਛਾਵਾਂ ਵਧੇਰੇ ਸਪੱਸ਼ਟ
ਹੁੰਦੀਆਂ ਹਨ। ਇਸੇ ਅੰਕ ਵਿਚ ਰਜਨੀਸ਼ ਵੱਲ ਪਰਤਣ ਦੇ ਦੱਸੇ ਕਾਰਣ, 'ਸੋਵੀਅਤ
ਯੂਨੀਅਨ ਦੇ ਢਹਿ ਢੇਰੀ ਹੋਣ ਮਗਰੋਂ ਕਮਿਊਨਿਸਟ ਪਾਰਟੀਆਂ, ਪਾਰਟੀ ਹਮਦਰਦਾਂ
ਅਤੇ ਕਈ ਰੰਗਾਂ ਸ਼ੇਡਾਂ ਦੇ ਚਿੰਤਨਸ਼ੀਲ ਵਿਅਕਤੀਆਂ ਵਿਚ ਪੁਨਰ-ਵਿਚਾਰ ਦੀ—ਕਿਤੇ
ਤਿੱਖੀ ਕਿਤੇ ਢਿੱਲੀ ਮੱਠੀ—ਇਕ ਪ੍ਰਕ੍ਰਿਆ ਸ਼ੁਰੂ ਹੋਈ ਹੈ।' ਨਾਲ ਕਿਸੇ ਦੀ ਕੋਈ
ਅਸਹਿਮਤੀ ਨਹੀਂ। ਸਮੱਸਿਆ ਇਹ ਹੈ ਕਿ ਰਜਨੀਸ਼ ਦੀਆਂ ਜੋ ਵਿਸ਼ੇਸ਼ਤਾਈਆਂ ਦੱਸੀਆਂ
ਗਈਆਂ ਹਨ, ਕੀ ਉਹ ਮਾਰਕਸਵਾਦ ਵਿਚ ਨਹੀਂ ਹਨ ? ਜਿਉਂ ਹੀ ਇਸ ਪ੍ਰਸ਼ਨ ਨੂੰ
ਮੁਖਾਤਿਬ ਹੁੰਦੇ ਹਾਂ ਤਾਂ ਇਨ੍ਹਾਂ ਸਥਾਪਨਾਵਾਂ ਦਾ ਬਹੁਤਾ ਮੁੱਲ ਨਹੀਂ ਰਹਿ ਜਾਂਦਾ ਕਿ 'ਰਜਨੀਸ਼
ਵਿਚਾਰ ਸੰਘਤਾ ਦਾ ਪਹਿਲਾ ਗੁਣ ਇਹ ਹੈ ਕਿ ਇਹ ਕਿਸੇ ਵੀ ਬਣਾਏ ਸਿਥਾਂਤ, ਖਿਆਲ
ਨੂੰ ਇਕ ਦਮ ਨਹੀਂ ਮੰਨ ਖਲੋਂਦੀ। ਉਹ ਹਰ ਗੱਲ ਨੂੰ ਵਿਸ਼ਵ, ਇਤਿਹਾਸ, ਸਮਾਜ,
ਧਰਮ ਵਿਚੋਂ ਅਤੇ ਹਰ ਵਸਤ ਵਰਤਾਰੇ ਨੂੰ ਮੁੱਢ ਤੋਂ ਦੇਖਣ ਦਾ ਯਤਨ ਕਰਦਾ ਹੈ, ਜਿਸ
ਉਸ ਕੋਲ ਲੁੜੀਂਦੀ ਜਾਣਕਾਰੀ ਹੈ।' ਪੁੱਛਿਆ ਜਾ ਸਕਦਾ ਹੈ ਕਿ ਇਹ ਗੱਲ ਮਾਰਕਸਵਾਦ
ਤੋਂ ਅਗਾਂਹ ਕਿਵੇਂ ਹੈ ? ਸਗੋਂ ਸੱਚ ਇਹ ਹੈ ਕਿ ਮਾਰਕਸਵਾਦ ਵਿਗਿਆਨਕ ਵਿਸ਼ਲੇਸ਼ਣ
ਤੋਂ ਬਾਅਦ ਇਕ ਸੇਧ ਵੀ ਦਿੰਦਾ ਹੈ। ਰਾਹ ਵਿਖਾਉਂਦਾ ਹੈ। ਅਰਾਜਕ ਨਹੀਂ ਬਣਦਾ
ਜਾਂ ਅਖੀਰ ਤੇ ਜਾ ਕੇ 'ਧਿਆਨ' ਵਿਚ ਖਤਮ ਨਹੀਂ ਹੁੰਦਾ। ਇਹ ਸਵਾਲ ਬਾਰ-ਬਾਰ
ਉਠਾਇਆ ਜਾ ਰਿਹਾ ਹੈ ਕਿ ਮਾਰਕਸਵਾਦ ਸਿਰਫ ਬਾਹਰਮੁਖੀ ਹੈ, ਇਹ ਮਨੁੱਖ ਦੇ ਅੰਤ-
ਰਿਕ ਸੰਸਾਰ ਨਾਲ ਕੋਈ ਵਾਸਤਾ ਨਹੀਂ ਰੱਖਦਾ ਇਸ ਲਈ ਅਧਿਆਤਮਕਤਾ ਦਾ ਸਹਾਰਾ
ਜ਼ਰੂਰੀ ਹੈ। ਇਹ ਕਥਨ ਮਾਰਕਸਵਾਦ ਤੋਂ ਅਨਜਾਣ ਹੋਣ ਦਾ ਸਿੱਟਾ ਹੈ ਜਾਂ ਫਿਰ ਜਾਣ
ਬੁੱਝ ਕੇ ਅਸਲੀਅਤ ਨੂੰ ਛੁਪਾਉਣ ਦਾ ? ਇਹ ਤਰਕ ਦੇਣ ਵਾਲੇ ਵਧੇਰੇ ਚੰਗੀ ਤਰ੍ਹਾਂ ਜਾਣਦੇ
ਹਨ। ਮਾਰਕਸਵਾਦ ਅਜਿਹੇ ਸਮਾਜ ਦੀ ਕਲਪਨਾ ਕਰਦਾ ਹੈ ਜਿੱਥੇ ਮਨੁੱਖ ਬਾਹਰਮੁਖੀ
ਸਰੀਰਕ ਸੁੱਖਾਂ ਦੇ ਨਾਲ ਨਾਲ ਮਾਨਸਿਕ ਤੇ ਆਤਮਿਕ ਤੌਰ ਤੇ ਵੀ ਰੱਜਿਆ ਪੁੱਜਿਆ
ਹੋਵੇ। ਜੇ ਅਸੀਂ ਅਜੇ ਤਕ ਅਜਿਹਾ ਸਮਾਜ ਨਹੀਂ ਉਸਾਰ ਸਕੇ ਤਾਂ ਉਸਦੇ ਕਾਰਣ ਹਨ।
ਜੇ ਸੋਵੀਅਤ ਯੂਨੀਅਨ ਟੁੱਟਿਆ ਹੈ, ਯੂਰਪ ਦੀ ਉੱਥਲ ਪੁੱਥਲ ਹੋਈ ਹੈ ਤਾਂ ਉਹ ਅਗਲਾ
ਕਦਮ ਨਹੀਂ। ਪਿਛੇ ਜਾਣ ਦਾ ਅਮਲ ਹੈ। ਜਿਸ ਨੂੰ ਉਥੋਂ ਦੇ ਵਿਦਵਾਨ ਹੁਣ ਇਹ ਕਹਿ
ਕਿ ਸਿੱਧ ਕਰਦੇ ਹਨ ਕਿ ਬੁਰਜੁਆ ਪ੍ਰਬੰਧ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਇਸ
ਪ੍ਰਾਪਤੀ ਨੇ ਥੋੜ੍ਹੇ ਚਿਰ ਵਿਚ ਹੀ ਜੋ ਗੁਲ ਪਿਲਾਏ ਹਨ ਉਨ੍ਹਾਂ ਦੇ ਨਤੀਜੇ ਸਾਹਮਣੇ ਆਉਣ
ਲੱਗ ਪਏ ਹਨ ਤੇ ਇਸ ਵਿਰੁਧ ਫਿਰ ਤੋਂ ਉਭਾਰ ਆਉਣਾ ਆਰੰਭ ਹੋ ਗਿਆ ਹੈ। ਪੰਜਾਬੀ
ਵਿਦਵਾਨਾਂ ਨੂੰ ਇਹਨਾਂ ਤੱਥਾਂ ਉਪਰ ਵਧੇਰੇ ਕੇਂਦ੍ਰਿਤ ਹੋਣ ਦੀ ਲੋੜ ਹੈ, ਅਗਾਂਹ ਨੂੰ ਦੇਖਣ
ਲੋੜ ਹੈ। ਇਹ ਸਮਝਣ ਦੀ ਲੋੜ ਹੈ ਕਿ ਅੱਜ ਵੀ ਵਿਸ਼ਵ ਵਿਚ ਲੜਾਈ ਮਾਰਕਸਵਾਦ/
ਸਮਾਜਵਾਦ ਤੇ ਸਰਮਾਏਦਾਰੀ ਦੀ ਹੈ। ਲੁੱਟ ਨਹੀਂ ਮੁੱਕੀ ਤਾਂ ਮਾਰਕਸਵਾਦ ਅਪ੍ਰਾਸੰਗਿਕ

ਨਹੀਂ ਹੋ ਗਿਆ। ਮਜ਼ਦੂਰ ਜਮਾਤ ਦਾ ਅਸਲੀ ਫਲਸਫ਼ਾ ਮਾਰਕਸਵਾਦ ਹੀ ਹੈ।

ਕ੍ਰਿਪਾਲ ਸਿੰਘ ਆਜ਼ਾਦ ਲਿਖਦਾ ਹੈ ਕਿ "ਉਹ (ਰਜਨੀਸ਼) ਛਿਣ-ਛਿਣ ਜੰਮਦੇ-
ਮਰਦੇ—ਮੁੜ-ਜੰਮਦੇ ਪਦਾਰਥਕ ਵਸਤਾਂ ਵਰਤਾਰਿਆਂ ਨੂੰ ਦੇਖਦਾ—ਸਮਝਦਾ ਹੀ ਨਹੀਂ,
ਮਾਣਦਾ ਵੀ ਹੈ। ਆਪਣੇ ਹੀ ਰਸ-ਰੰਗ, ਵਿਧਾ ਤੇ ਸ਼ੈਲੀ ਕਾਰਣ ਉਹ ਅਜਿਹਾ ਨਵੇਕਲਾ
ਭਾਰਤੀ ਚਿੰਤਕ ਦਿਸਦਾ ਹੈ ਜਿਸ ਵਿਚੋਂ ਕਦੇ ਕਦੇ ਕਿਸੇ ਆਦੀ ਚਿੰਤਕ ਦੀ ਝਲਕ ਪੈਂਦੀ
ਹੈ ਕਦੇ ਬੜਬੋਲੇ ਦਾਰਸ਼ਨਿਕ ਦੀ, ਕਦੇ ਬੁੱਧ-ਮਤੀ ਸਪਸ਼ਟਤਾ ਦੀ, ਕਦੇ ਆਜੀਵਕ ਜਾਂ
ਚਾਰਵਾਕੀਏ ਅਵਧੂਤ ਦੀ।" ਰਜਨੀਸ਼ ਕੋਲ ਪਦਾਰਥਕ ਸੰਪਦਾ ਦੀ ਬਹੁਲਤਾ ਸੀ ਉਹ
ਉਸ ਨੂੰ ਦੇਖਣ—ਸਮਝਣ ਦੇ ਨਾਲ ਨਾਲ ਮਾਣ ਸਕਦਾ ਹੈ। ਪਰ ਜਿਹਨਾਂ ਕੋਲ ਇਹ
ਸਹੂਲਤ ਨਹੀਂ ਉਹ ਉਸਨੂੰ ਕਿਵੇਂ ਮਾਨਣ ? ਕੀ ਅਜਿਹਾ ਫਲਸਫ਼ਾ ਆਮ ਲੋਕਾਂ ਦਾ ਗ਼ਰੀਬ
ਲੋਕਾਂ ਦਾ ਫਲਸਫ਼ਾ ਹੋ ਸਕਦਾ ਹੈ ? ਫਿਰ ਕੀ ਮਾਰਕਸਵਾਦੀ ਇਨੇ ਹੀ ਉਥਲੇ ਹਨ ਕਿ
ਉਹਨਾਂ ਨੂੰ ਰਜਨੀਸ਼ ਵਿਚਲਾ ਆਦੀ-ਚਿੰਤਕ ਲੁਭਾਉਣਾ ਲੱਗਦਾ ਹੈ ਤੇ ਉਹ ਇਸਦਾ ਵਿਸ਼-
ਲੇਸ਼ਣ ਨਹੀਂ ਕਰ ਸਕਦੇ। ਕੀ ਉਹ ਇਨੇ ਦੱਬੂ ਹਨ ਕਿ ਰਜਨੀਸ਼ ਦੇ ਬੜਬੋਲੇਪਣ ਦੇ
ਸਾਹਮਣੇ ਖੜੇ ਨਹੀਂ ਹੋ ਸਕਦੇ। ਕੀ ਉਹ ਬੁੱਧ ਮੱਤ ਤੋਂ ਅਗਾਂਹ ਛਿਣਵਾਦ ਦੀ ਥਾਂ
ਦਵੰਦਵਾਦੀ ਪਦਾਰਥਵਾਦ ਤੋਂ ਵਿਰਵੇ ਹਨ ਕਿ ਉਹਨਾਂ ਨੂੰ ਬੁੱਧ-ਮਤੀ ਸਪਸ਼ਟਤਾ ਕੀਲ
ਲੈਂਦੀ ਹੈ। ਕੀ ਉਹ ਸਿਰਫ਼ ਚਾਰਵਾਕ ਦੇ ਪਦਾਰਥਵਾਦ ਤਕ ਹੀ ਸੀਮਤ ਹਨ ਕਿ ਉਸਨੂੰ
ਇਸ ਅਵਧੂਤ ਤੋਂ ਅਗਾਂਹ ਕੁਝ ਵਿਖਾਈ ਹੀ ਨਹੀਂ ਦਿੰਦਾ। ਸ਼ਾਇਦ ਅਸੀਂ ਇਨੇ ਨਿਕੰਮੇ
ਹੋ ਗਏ ਹਾਂ ਕਿ ਰਜਨੀਸ਼ ਦਾ ਭੂਤ ਸਾਡੇ ਸਿਰ ਚੜ੍ਹਕੇ ਬੋਲਣ ਲੱਗ ਪਿਆ ਹੈ। ਕਿਰਪਾਲ
ਸਿੰਘ ਆਜ਼ਾਦ ਦਾ ਸੁਝਾਅ ਤਾਂ ਬੜਾ ਸਾਰਥਕ ਹੈ ਕਿ, "ਮੰਦਰਾਂ-ਵਿਚਾਰਾਂ ਦੇ ਪੁਰਾ-ਤੱਤਾਂ ਦੀ
ਖੋਜ ਨਾਲੋਂ ਵਧੇਰੇ ਨਾਜ਼ਕ ਖੋਜ ਹੈ, ਜੇਤੂ ਮਹਾਂਕਾਵਾਂ, ਸਦੀਆਂ ਤੇ ਰਟੇ ਜਾਂਦੇ ਵੇਦਾਂ-ਸ਼ਾਸਤਰਾਂ
ਹੇਠੋਂ ਤਰਕ ਹੀਣ ਢੰਗਾਂ ਨਾਲ ਮਸ਼ਟ-ਭ੍ਰਸ਼ਟ ਕੀਤੇ ਗਏ ਪਦਾਰਥਵਾਦੀ—ਤਰਕਵਾਦੀ—
ਮਾਨਵਵਾਦੀ ਦਰਸ਼ਕਾਂ ਤੇ ਚਾਰਵਾਕ, ਮੱਖਿਲ ਗੋਸ਼ਾਲ ਸਯੁਗਵਾ ਰੈਕਵ, ਸ਼ੁਕਰਾਚਾਰਯ
ਜਿਹੇ ਚਿੰਤਕਾਂ ਦਾ ਪਤਾ ਲਾਉਣ ਦੀ। ਫੇਰ ਸ਼ਾਇਦ ਅਸੀਂ ਇਸ ਸਿੱਟੇ ਤੇ ਵੀ ਪੁੱਜਾਂਗੇ
ਕਿ ਚੌਂਹ ਵੇਦਾਂ ਵਿਚੋਂ, ਢਾਈ ਵੇਦ ਪਦਾਰਥਵਾਦੀ ਵਿਚਾਰਧਾਰਾ ਉਪਰ ਆਧਾਰਿਤ ਹਨ।"
ਪਰ ਅਜ਼ਾਦ ਨੇ ਪਤਾ ਨਹੀਂ ਇਹ ਦਸਣਾ ਕਿਉਂ ਪਸੰਦ ਨਹੀਂ ਕੀਤਾ ਕਿ ਅਜਿਹੀ
ਖੋਜ ਦੇਬੀ ਪ੍ਰਸਾਦ ਚਟੋਪਾਧਿਆਏ ਨੇ ਕੀਤੀ ਹੈ। 'ਇੰਡੀਅਨ ਫਿਲਾਸਫ਼ੀ'
'ਲੋਕਾਇਤ' 'ਵਟ ਇਜ਼ ਲਿਵਿੰਗ ਐਂਡ ਵਟ ਇਜ਼ ਡੈਡ ਇਨ ਇੰਡੀਅਨ ਹਿਸਟਰੀ' 'ਇੰਡੀ-
ਅਨ ਐਥੀਜ਼ਮ' 'ਸਾਇੰਸ ਐਂਡ ਸੁਸਾਇਟੀ ਇਨ ਐਨਸ਼ੀਐਂਟ ਇੰਡੀਆ' ਪੁਸਤਕਾਂ ਉਪ੍ਰੋਕਤ
ਸਿੱਟਿਆਂ ਤਕ ਪਹੁੰਚਾਉਂਦੀਆਂ ਹਨ। ਸਾਨੂੰ ਉਹਨਾਂ ਤੋਂ ਅਗਾਂਹ ਸਿੱਖ ਫਲਸਫ਼ੇ ਦੇ
ਪਦਾਰਥਵਾਦੀ ਤੱਤਾਂ ਵਲ ਧਿਆਨ ਦੇਣਾ ਪਵੇਗਾ। ਪਰ ਪਿਛਲੇ ਸਾਰੇ ਖੋਜ-ਕਾਰਜ ਨੂੰ ਤੱਜ
ਕੇ ਜੇਕਰ ਰਜਨੀਸ਼ ਦਾ ਪੱਲਾ ਫੜਿਆ ਜਾ ਰਿਹਾ ਹੈ ਤਾਂ ਇਹ ਕਮਜ਼ੋਰੀ ਹੀ ਕਹੀ ਜਾਏਗੀ
ਹਾਂ ਪਿਛੇ ਮੁੜਨ ਲਈ ਵੀ ਤਾਂ ਕੋਈ ਤਰਕ ਚਾਹੀਦਾ ਹੈ। ਜੋ ਜ਼ਾਹਿਰ ਹੈ ਬਹੁਤਾ ਸ਼ਕਤੀ-
ਸ਼ਾਲੀ ਨਹੀਂ ਹੋ ਸਕਦਾ। ਇਸਦਾ ਅੰਦਾਜ਼ਾ ਜਸਬੀਰ ਦੁਸਾਂਝ ਦੇ ਮੁਢਲੇ ਲੇਖ ਤੋਂ ਲੱਗ
ਸਕਦਾ ਹੈ।

ਦੁਸਾਂਝ ਕਹਿੰਦਾ ਹੈ, "ਸੰਸਾਰ ਵਿਚ ਹਜ਼ਾਰਾਂ ਸਾਲਾਂ ਤੋਂ ਪ੍ਰਚਲਤ ਧਰਮ ਜਿਵੇਂ



ਇਸਾਈ, ਇਸਲਾਮ, ਯਹੂਦੀ, ਹਿੰਦੂ, ਬੁੱਧ, ਜੈਨ, ਸਿੱਖ ਆਦਿ ਅਤੇ ਵੀਹਵੀਂ ਸਦੀ ਵਿਚ
ਸਦੀ ਵਿਚ ਮਾਰਕਸਵਾਦ ਨੇ ਮਨੁੱਖ ਨੂੰ ਇਸ ਤਰ੍ਹਾਂ ਗੁਲਾਮ ਬਣਾਇਆ ਹੈ ਕਿ ਮਨੁੱਖ ਆਪਣਾ
ਸਹੀ ਧਰਮ ਖੋਹ ਬੈਠਾ ਹੈ, ਅਤੇ ਜਿਤਨੀ ਦੇਰ ਮਨੁੱਖ ਸਹੀ ਤੌਰ ਤੇ ਧਾਰਮਿਕ ਨਹੀਂ ਬਣਦਾ
ਮਨੁੱਖ ਦੁਖੀ ਅਤੇ ਗੁਲਾਮ ਹੀ ਰਹੇਗਾ।" ਰਜਨੀਸ਼ ਪ੍ਰਤੀ ਉਤਸ਼ਾਹ ਦੀ ਇਹ ਹੱਦ ਹੈ ਕਿ
ਮਾਰਕਸਵਾਦ ਨੂੰ ਵੀ ਇਕ ਧਰਮ ਬਣਾ ਦਿਤਾ ਗਿਆ ਹੈ, ਜਿਸ ਤੋਂ ਛੁਟਕਾਰਾ ਰਜਨੀਸ਼-
ਵਾਦੀਆਂ ਦਾ ਮੁਖ ਫ਼ਰਜ਼ ਬਣ ਗਿਆ ਹੈ ਇਸਦੇ ਹੇਠ ਮਜ਼ਦੂਰ ਜਮਾਤ ਨੂੰ ਕੁਰਾਹੇ
ਪਾਉਣ ਦੀ ਚਾਲ ਵੀ ਸਪਸ਼ਟ ਦਿਖਾਈ ਦਿੰਦੀ ਹੈ। ਵੈਸੇ ਇਹ ਤਰਕ ਕੋਈ ਨਵਾਂ ਨਹੀਂ।
ਯੂਰਪ ਵਿਚ ਮਾਰਕਸਵਾਦ ਨੂੰ ਧਰਮ ਕਹਿ ਕੇ ਇਸ ਵਿਚ ਧੁੰਦਲਕਾ ਪੈਦਾ ਕਰਨ ਦੇ
ਯਤਨ ਬੜੇ ਪੁਰਾਣੇ ਹਨ। ਗੱਲ ਇਥੇ ਹੀ ਸਮਾਪਤ ਨਹੀਂ ਹੋ ਜਾਂਦੀ ਸਗੋਂ ਦੁਸਾਂਝ ਨੇ ਤਾਂ
ਮਾਰਕਸਵਾਦ ਨੂੰ ਗਰੰਥ ਪੂਜ ਧਰਮ ਵੀ ਬਣਾ ਧਰਿਆ ਹੈ। "ਬੁੱਧਤਵ ਪ੍ਰਾਪਤ ਹੋਏ ਮਹਾਂ-
ਪੁਰਖਾਂ ਨੇ ਅਹਿਸਾਸ (Experiences) ਦੇ ਆਧਾਰ ਤੇ ਬਣੇ ਗਰੰਥਾਂ ਨੂੰ ਪੜ੍ਹਨਾ, ਜਾਨਣਾ
ਅਤੇ ਪਹਿਚਾਨਣਾ ਅਤੇ ਸੰਦੇਹ (Doubt) ਨੂੰ ਬਰਕਰਾਰ ਰਖਦੇ ਹੋਏ ਆਪਣੇ ਰਸਤੇ ਦੀ
ਤਲਾਸ਼ ਕਰਨੀ ਹੋਰ ਗੱਲ ਹੈ ਅਤੇ ਦਰੁਸਤ ਗੱਲ ਹੈ, ਪਰ ਇਹਨਾਂ ਗਰੰਥਾਂ ਨੂੰ 'ਸਰਵ ਮਸਾਲੇ
ਧਿਪਲਾ ਮੂਲ' ਸਮਝ ਕੇ ਪੂਜਣਾ ਹੋਰ ਗੱਲ ਹੈ........." ਜੇ ਮਾਰਕਸਵਾਦ 'ਗਰੰਥ ਪੂਜ
ਧਰਮ' ਹੁੰਦਾ ਤਾਂ ਉਸਦੀ ਵਿਚਾਰਧਾਰਾ ਦਾ ਕਦੇ ਵਿਕਾਸ ਨਾ ਹੁੰਦਾ। ਜੇ ਕਿਸੇ ਇਤਿਹਾਸਕ
ਪੜਾਅ ਤੇ ਅਜਿਹਾ ਹੋਣ ਦੀ ਸੰਭਾਵਨਾ ਬਣਦੀ ਹੈ ਤਾਂ ਵਿਰੋਧ ਵੀ ਸਪਸ਼ਟ ਵਿਖਾਈ ਦਿੰਦਾ
ਹੈ। ਮਾਰਕਸਵਾਦ ਤੋਂ ਜੋ ਸੰਦੇਹ ਕਰਨਾ ਨਹੀਂ ਸਿਖਦੇ ਤਾਂ ਰਜਨੀਸ਼ ਤੋਂ ਤਾਂ ਸਿੱਖ ਹੀ
ਨਹੀਂ ਸਕਦੇ ਕਿਉਂਕਿ ਹੁਣ ਉਸਨੂੰ ਤੇ ਉਸ ਦੇ ਗਰੰਥਾਂ ਦੀ ਪੂਜਾ ਨੂੰ ਸਾਹਮਣੇ ਰੱਖਿਆ ਜਾ
ਰਿਹਾ ਹੈ।

ਗੱਲ ਹੋਰ ਵੀ ਅਗਾਂਹ ਵੱਧ ਗਈ ਹੈ ਕਮਿਊਨਿਜ਼ਮ ਇਕ ਧਰਮ, ਧਰਮ ਵੀ ਇਕ
ਗਰੰਥ ਪੂਜ ਧਰਮ ਤੇ ਅਗਾਂਹ ਇਹ ਇਕ ਫਿਰਕਾ ਬਣ ਜਾਂਦਾ ਹੈ। ਬੌਧਿਕ ਗਰੀਬੀ ਦੀ
ਹੱਦ ਹੈ ਇਹ ਕਥਨ, "ਪੁਜਾਰੀ (ਧਰਮ) ਸਿਆਸਤਦਾਨ (ਰਾਜਨੀਤੀ) ਅਤੇ ਮਾਸਟਰ ਇਹਨਾਂ
ਝੂਠੇ ਧਰਮਾਂ ਦੇ ਮੁਖ ਬੰਦੇ ਹਨ, ਜਿਹਨਾਂ ਰਾਹੀਂ ਸਮੁੱਚੀ ਮਨੁੱਖ ਜਾਤੀ ਇਸਾਈ, ਇਸਲਾਮ,
ਹਿੰਦੂ, ਸਿੱਖ, ਬੁੱਧ, ਕਮਿਊਨਿਸਟ ਆਦਿ ਵਖੋ ਵਖਰੇ ਫਿਰਕਿਆਂ ਵਿਚ ਵੰਡੀ ਹੋਈ ਹੈ।"
ਤੇ ਇਹ 'ਫਿਰਕਾ' ਅਗਿਆਨਤਾ ਵਿਚ ਜੀਅ ਰਿਹਾ ਹੈ। ਆਪਣੇ ਅਗਿਆਨ (ਜਾਂ ਚਤੁਰਤਾ)
ਨੂੰ ਛੁਪਾਉਣ ਲਈ ਮਾਰਕਸਵਾਦੀਆਂ ਨੂੰ ਅਗਿਆਨੀ ਕਹਿਣਾ ਬੜਾ ਸੌਖਾ ਹੈ। ਦੁਸਾਂਝ ਨੇ
ਅੰਬੇਦਕਰਵਾਦੀਆਂ ਤੋਂ ਲੈ ਕੇ ਹਰ ਧਰਮ ਨੂੰ ਰਗੜਾ ਚਾੜ੍ਹਿਆ ਹੈ। ਰਜਨੀਸ਼ ਦੇ ਇਲਾਹੀ
ਰਗੜਿਆਂ ਵਾਂਗ। ਅੰਬੇਡਕਰਵਾਦੀ ਫਿਰ ਵੀ 'ਹਰਕਾਰਾ' ਨੂੰ ਇਸ਼ਟ-ਮੰਨਦੇ ਹਨ ਤਾਂ ਕਿਤੇ
ਖੋਟ ਅਵੱਸ਼ ਹੈ।

ਹਰਕਾਰਾ 'ਰਜਨੀਸ਼ਵਾਦੀ' ਬੁਰਕੇ ਵਿਚ ਉਵੇਂ ਹੀ ਆਇਆ ਹੈ ਜਿਵੇਂ 'ਸੇਧ'
'ਸਿਖਵਾਦ' ਦੇ ਬੁਰਕੇ ਵਿਚ। ਦੋਨੋਂ ਇਹ ਮੰਨਦੇ ਹਨ ਕਿ ਉਹ ਮਾਰਕਸਵਾਦ ਤੋਂ ਅਗਾਂਹ
ਜਾ ਰਹੇ ਹਨ। ਪਰ ਉਪ੍ਰੋਕਤ ਕੁਝ ਚਰਚਾ ਹੀ ਉਹਨਾਂ ਦਾ ਹੀਜ ਪਿਆਜ ਖੋਲ੍ਹ ਕੇ ਰੱਖ
ਦਿੰਦੀ ਹੈ। ਉਹ ਬਹੁਤ ਪਿੱਛੇ ਵਲ ਚਲੇ ਗਏ ਹਨ, ਪਰ ਪਿੱਛੇ ਜਾਣ ਦਾ ਵੀ ਤਾਂ ਕੋਈ
ਤਰਕ ਹੁੰਦਾ ਹੈ। ਸੋ ਉਹ ਤਰਕ ਲੱਭਿਆ ਗਿਆ ਹੈ ਰਜਨੀਸ਼ ਵਿਚ। ਸ਼ਾਇਦ ਇਹਨਾਂ ਦੇ
ਮੂੰਹੋਂ ਅਗਲਾ ਨਾਹਰਾ ਸੁਣਿਆ ਜਾਵੇਗਾ। ਪਾਲਣਹਾਰੇ ! ਰਜਨੀਸ਼ ਦੀ ਜੈ। ○

## ਗ਼ਜ਼ਲ/ਅਸਲਮ ਸਾਕਿਬ (ਪਾਕਿਸਤਾਨ)

ਰੌਸ਼ਨੀਆਂ ਦੇ ਸ਼ਹਿਰ 'ਚ ਲੱਭਾਂ, ਚਿਹਰਾ ਇਕ ਅਨਜਾਣ ਜਿਹਾ
ਮੇਰਾ ਸਾਇਆ ਮੈਨੂੰ ਲੱਗੇ ਵਰ੍ਹਿਆਂ ਤੋਂ ਹੈਰਾਨ ਜਿਹਾ
ਡੂੰਘੀਆਂ ਸ਼ਾਮਾਂ ਵੇਲੇ ਜਿਹੜਾ ਮਹਿਕਾਂ ਦੀ ਗੱਲ ਕਰਦਾ ਸੀ
ਅੱਜ ਸਮੇਂ ਦਾ ਨਾਇਕ ਬਣਕੇ ਮਿਲਿਆ ਲਹੂ-ਲੁਹਾਨ ਜਿਹਾ
ਇੱਕ ਸ਼ਰਾਬੀ ਰੂਹ ਨੇ ਤੱਕਿਆ ਸ਼ਾਇਦ ਮੈਨੂੰ ਜੀ ਭਰ ਕੇ
ਮੇਰੇ ਅੰਦਰ ਸੁਲਘ ਰਿਹਾ ਏ, ਵਰ੍ਹਿਆਂ ਤੋਂ ਸ਼ਮਸ਼ਾਨ ਜਿਹਾ
ਰੀਝ ਦਾ ਸੂਰਜ ਬਾਲਕੇ ਜਿਥੇ ਸਾਂਝ ਦਿਲਾਂ ਦੀ ਹੁੰਦੀ ਸੀ
ਉਸ ਘਰ ਦਾ ਸੰਨਾਟਾ ਵੀ ਹੁਣ ਜਾਪੇ ਕਬਰਸਤਾਨ ਜਿਹਾ
ਮੇਰੇ ਵਿਰਸੇ ਦੀਆਂ ਪੀੜਾਂ ਮੇਰੇ ਨਾਲ ਹੀ ਦੱਬੇਂ ਤੂੰ
ਇਕ ਦਿਨ 'ਸਾਕਿਬ' ਇਹ ਵੀ ਹੋਵੇ ਮੇਰੇ ਤੇ ਅਹਿਸਾਨ ਜਿਹਾ

(ਲਹਿਰਾਂ ਮਾਸਕ ਪੱਤਰ ਮਾਰਚ, 93 'ਚੋਂ)

## ਗ਼ਜ਼ਲ/ਬਾਬਾ ਨਜਮੀਂ (ਪਾਕਿਸਤਾਨ)

ਕਦੇ ਵੀ ਜਿਸਰਾਂ ਧਰਤੀ ਵਿੱਚੋਂ ਪਾਣੀ ਸੁੱਕ ਨਈਂ ਸਕਦਾ,
ਇਸਰਾਂ ਮੇਰੇ ਦਿਲ 'ਚੋਂ ਉਹਦਾ ਚੇਤਾ ਮੁੱਕ ਨਈਂ ਸਕਦਾ।
ਕਿਸੇ ਵੇਲੇ ਵੀ ਹੋ ਸਕਦਾ ਏ ਉਹਦੇ ਨਾਲ ਅਨਹੋਣੀ,
ਜਿਸ ਦੇ ਕੋਲੋਂ ਆਪਣੇ ਘਰ ਦਾ ਬੂਹਾ ਢੁੱਕ ਨਈਂ ਸਕਦਾ।
ਆਪਣੀ ਧੌਣ ਤਲੀ ਤੇ ਧਰ ਕੇ ਫਿਰ ਸਕਦਾ ਏ ਬੰਦਾ,
ਜਿਸ ਤੋਂ ਹਰਿਆ ਹੋਵੇ ਉਹਨੂੰ ਮੋਢੇ ਚੁੱਕ ਨਈਂ ਸਕਦਾ।
ਪਾ ਜੰਜ਼ੀਰ ਸ਼ਰਾਹ ਦੀ ਲੋਕਾਂ ਰੋਕ ਲਿਆ ਏ ਉਹਨੂੰ,
ਕਦਮ ਕਦਮ ਦਾ ਸਾਥੀ ਮੇਰਾ ਮੰਜਾ ਚੁੱਕ ਨਈਂ ਸਕਦਾ।
ਅਗਲੇ ਸ਼ਹਿਰ 'ਚ ਮੈਂ ਵੀ ਜਾ ਕੇ ਸੁੱਤੇ ਲੋਕ ਜਗਾਣੇ,
ਸੂਰਜ ਨਾਲ ਯਰਾਨਾ ਮੇਰਾ ਰਾਹ ਵਿਚ ਰੁਕ ਨਈਂ ਸਕਦਾ।
ਉਹਦਾ ਚਿਹਰਾ ਮੁਹਰਾ ਵੱਖਰਾ ਕੱਦ ਕਾਠ ਵੀ ਵੱਖਰਾ,
ਜਿੰਨੀਆਂ ਮਰਜ਼ੀ ਭੀੜਾਂ ਹੋਵਣ 'ਬਾਬਾ' ਲੁਕ ਨਈਂ ਸਕਦਾ।

○





ਤਿੰਨ ਪੰਜਾਬੀ ਕਵਿਤਾਵਾਂ :

## (1) ਗ਼ਜ਼ਲ/ਹਬੀਬ ਜਾਲਿਬ (ਪਾਕਿਸਤਾਨ)

ਜ਼ਿੰਦਾਨਾ* ਦੇ ਦਰ ਨਹੀਂ ਖੁੱਲ੍ਹਦੇ ਹੰਝੂਆਂ ਹਾਵਾਂ ਨਾਲ,
ਸੱਜਣਾਂ ਇਹ ਤਾਂ ਖੁੱਲਣਗੇ ਲੋਹੇ ਦੀਆਂ ਬਾਹਵਾਂ ਨਾਲ।
ਦੇਖ ਜ਼ਮਾਨਾ ਗੱਲ ਕਰਦਾ ਏ ਅੱਜ ਹਵਾਵਾਂ ਨਾਲ,
ਮੰਜ਼ਿਲ ਤੇਰੀ ਹੱਥ ਨਹੀਂ ਆਉਣੀ ਸਿਰਫ ਦੁਆਵਾਂ ਨਾਲ।
ਨਾ ਭੁੱਲ ਸਕਿਆ, ਨਾ ਭੁੱਲ ਸਕਦਾ ਬਿਆਸ ਦਿਆਂ ਕੰਢਿਆਂ ਨੂੰ,
ਸਦਾ ਰਹੇਗੀ ਯਾਦ ਉਹਨਾਂ ਦੀ ਮੇਰੀਆਂ ਸਾਹਵਾਂ ਨਾਲ।
ਇਕ ਰੁੱਖ ਅੱਖਾਂ ਵਿਚ ਵੱਸਿਆ, ਦਿਸਿਆ ਫੇਰ ਨਾ ਕੋਈ,
ਸਾਡਾ ਰਾਹ ਬਦਲ ਸਕਦਾ ਏ ਕੌਣ ਅਦਾਵਾਂ ਨਾਲ।
ਖ਼ੌਫ਼ ਦਾ ਸਾਇਆ ਜ਼ਿਹਨ ਆਪਣੇ ਦੇ ਆਉਣ ਨਾ ਦਿੱਤਾ ਕੋਲ,
ਧੰਨ ਜਿਗਰਾ ਸਾਡਾ ਵੀ ਜਾਲਿਬ ਰਹੇ ਬਲਾਵਾਂ ਨਾਲ।

ਜ਼ਿੰਦਾ ਨਾ*—ਜੇਲ੍ਹਖਾਨੇ

## (2) ਗ਼ਜ਼ਲ/ਹਬੀਬ ਜਾਲਿਬ (ਪਾਕਿਸਤਾਨ)

ਜਾਲਿਬ ਸਾਈਂ ਕਦੇ-ਕਦਾਈਂ ਚੰਗੀ ਗੱਲ ਕਹਿ ਜਾਂਦਾ ਹੈ,
ਲੱਖ ਪੂਜੋ ਚੜ੍ਹਦੇ ਸੂਰਜ ਨੂੰ ਆਖ਼ਿਰ ਇਹ ਲਹਿ ਜਾਂਦਾ ਹੈ।
ਬਾਜ ਤੇਰੇ ਓ ਦਿਲ ਦੇ ਸਾਥੀ ! ਦਿਲ ਦੀ ਹਾਲਤ ਕੀ ਦੱਸਾਂ ?
ਕਦੀ-ਕਦੀ ਇਹ ਥੱਕਿਆ ਰਾਹੀ, ਰਸਤੇ ਵਿਚ ਬਹਿ ਜਾਂਦਾ ਹੈ।
ਸਾਂਦਲ ਬਾਰ ਵਸੇਂਦੀਏ ਹੀਰੇ ! ਵੱਸਦੇ ਰਹਿਣ ਤੇਰੇ ਹਾਸੇ,
ਦੋ ਪਲ ਤੇਰੇ ਗ਼ਮ ਦਾ ਪ੍ਰਾਹੁਉਣਾ, ਅੱਖੀਆਂ ਵਿਚ ਬਹਿ ਜਾਂਦਾ ਹੈ।
ਹਾਏ ! ਦੁਆਬੇ ਦੀ ਉਹ ਦੁਨੀਆਂ, ਜਿੱਥੇ ਮੁਹੱਬਤ ਵੱਸਦੀ ਸੀ,
ਹੰਝੂ ਬਣਕੇ ਦੁੱਖ ਵਤਨਾਂ ਦਾ ਅੱਖੀਆਂ 'ਚੋਂ ਵਹਿ ਜਾਂਦਾ ਹੈ।
ਫਜਰੇ ਉਹ ਚਮਕਾਉਂਦਾ ਡਿੱਠਾ, ਜਾਲਿਬ ਸਾਰੀ ਦੁਨੀਆਂ ਨੂੰ,
ਰਾਤੀਂ ਜਿਹੜਾ ਸੇਕ ਦੁੱਖਾਂ ਦੇ ਹੱਸ-ਹੱਸਕੇ ਸਹਿ ਜਾਂਦਾ ਹੈ।

○

## (3) ਕੰਮੀਆਂ ਦੀ ਧੀ/ਹਬੀਬ ਜਾਲਿਬ (ਪਾਕਿਸਤਾਨ)

ਧੀ ਕੰਮੀਂ ਦੀ ਵੱਡੇ ਘਰ ਵਿਚ
ਬੁੱਤੀਆਂ ਕਰਦੀ
ਹੰਝੂ ਪੀਂਦੀ, ਹਉਕੇ ਭਰਦੀ
ਬੁੱਢੇ ਖ਼ਾਨ ਦਾ ਹੁੱਕਾ
ਦਿਨ ਵਿਚ ਸੌ ਸੌ ਵਾਰੀ ਤਾਜ਼ਾ ਕਰਦੀ
ਸਭ ਦੀ ਗੋਲੀ, ਸਭ ਤੋਂ ਡਰਦੀ
ਨਾ ਇਹ ਜੀਊਂਦੀ ਨਾ ਇਹ ਮਰਦੀ
ਖ਼ਾਨ ਦਾ ਪੁੱਤਰ ਬੈਠਕ ਦੇ ਵਿੱਚ
ਹਾਸੇ ਭਾਣੇ ਬਾਂਹ ਫੜ ਲੈਂਦਾ
ਐਵੇਂ ਹਸਦਾ, ਐਵੇਂ ਖਹਿੰਦਾ
ਕੀ ਦੱਸਾਂ ਉਹ ਕੀ ਕੀ ਕਹਿੰਦਾ
ਅੱਧੀ ਰਾਤੀਂ ਛੋਟੀ ਬੀਬੀ ਕਹਿੰਦੀ
ਉੱਠ ਤਕੀਏ ਵੱਲ ਚਲੀਏ
ਜੇ ਕੰਮੀਂ ਨੇ ਪਿੰਡ ਵਿਚ ਰਹਿਣਾ
ਫਿਰ ਇਹ ਸਭ ਕੁਝ ਕਰਨਾ ਪੈਣਾ।

### ਸਵਾਲ/ਬਾਬਾ ਨਜ਼ਮੀ :

ਇੱਕੋ ਤੇਰਾ ਮੇਰਾ ਪਿਓ
ਇੱਕੋ ਤੇਰੀ ਮਾਂ
ਇੱਕੋ ਸਾਡੀ ਜੰਮਣ ਭੋਂ
ਤੂੰ ਸਰਦਾਰ, ਮੈਂ ਕੰਮੀਂ ਕਿਉਂ ?

### ਸ਼ਿਅਰ

ਮੁਸਾਫਰੋਂ ਸੇ ਕਹੋ, ਰਾਤ ਸੇ ਸ਼ਕਸਤ ਨਾ ਖਾਏਂ,
ਮੈਂ ਲਾ ਰਹਾ ਹੂੰ ਖ਼ੁਦ ਅਪਨੇ ਲਹੂ ਸੇ ਭਰ ਕੇ ਚਿਰਾਗ਼।

—ਅਹਿਮਦ ਨਦੀਮ ਕਾਸਮੀ

ਭੁਲਾ ਭੀ ਦੇ ਉਸੇ ਜੋ ਬਾਤ ਹੋ ਗਈ ਪਿਆਰੇ,
ਨਏ ਚਿਰਾਗ਼ ਜਲਾ ਰਾਤ ਹੋ ਗਈ ਪਿਆਰੇ।

—ਹਬੀਬ ਜਾਲਿਬ





## ਕਚਹਿਰੀ ਦਾ ਮਹਾਨ ਕੋਸ਼—'ਕਟਿਹਰਾ'

ਮਿਤਰਸੈਨ ਮੀਤ

### ( 1 )

ਬੀਤੇ ਸਮੇਂ ਵਿਚ ਪੰਜਾਬੀ ਨਾਵਲ ਨੇ ਪਕਿਆਈ ਵੱਲ ਅਹਿਮ ਕਦਮ ਪੁੱਟੇ ਹਨ। ਇਸ ਨੇ ਰਵਾਇਤੀ ਪੰਜਾਬੀ ਨਾਵਲਕਾਰੀ ਤੋਂ ਪ੍ਰਤੱਖ ਵਖਰੇਵਾਂ ਕੀਤਾ ਹੈ। ਬਿਨਾਂ ਕਿਸੇ ਸਿਲਸਿਲੇ ਵੱਲ ਕਹਾਣੀ ਦੇ ਪਲਾਟ, ਬਿਨਾਂ ਰਵਾਇਤੀ ਨਾਇਕ, ਨਾਇਕਾਵਾਂ ਤੇ ਖਲਨਾਇਕਾਂ ਦੇ, ਬਿਨਾਂ ਕਿਸੇ ਕਿਸਮ ਦੇ ਰੁਮਾਂਸਵਾਦ ਦੇ ਨਿਰੋਲ ਯਥਾਰਥ ਦੀ ਧਰਤ ਤੇ ਝੰਡੇ ਗੱਡੇ ਹਨ। ਬੇਸ਼ੱਕ ਬਹੁਤੀਆਂ ਲਿਖਤਾਂ ਨੂੰ ਪਾਠਕਾਂ ਤੇ ਆਲੋਚਕਾਂ ਨੇ ਅਣਗੌਲਿਆ ਰਹਿਣ ਦਿੱਤਾ ਹੈ। ਇਸ ਵਿਚ ਲੇਖਕਾਂ ਦਾ ਕਸੂਰ ਨਹੀਂ ਹੈ। ਕਸੂਰ ਜੇ ਕਿਤੇ ਹੈ ਤਾਂ ਪੰਜਾਬੀ ਪਾਠਕ ਤੇ ਆਲੋਚਕ ਦੇ ਸੁਹਜਭਾਵ ਦੇ ਵਿਕਾਸ ਨਾ ਕਰਨ ਵਿਚ ਹੈ। ਇਸ ਦੇ ਅਰਥ ਹਨ ਕਿ ਹਾਲੇ ਪੰਜਾਬੀ ਪਾਠਕ ਤੇ ਆਲੋਚਕ ਦੀ ਮਾਨਸ਼ਿਕਤਾ ਰਵਾਇਤੀ ਗਲਪ-ਸੂਝ ਤੋਂ ਮੁਕਤ ਨਹੀਂ ਹੋ ਸਕੀ।

ਜਿਨ੍ਹਾਂ ਅਹਿਮ ਲਿਖਤਾਂ ਨਾਲ ਲੋੜੀਂਦਾ ਇਨਸਾਫ ਨਹੀਂ ਹੋਇਆ, ਉਹ ਹਨ, ਕਿਰਪਾਲ ਸਿੰਘ ਆਜ਼ਾਦ ਦਾ ਮਹਾਂ ਜੀਵਨ ਪੱਧਰ ਦਾ ਨਾਵਲ "ਸੁਪਨੇ ਤੋਂ ਸੱਚ ਤੱਕ" ਨਿੰਦਰ ਗਿੱਲ ਦੇ ਦੋ ਨਾਵਲ "ਪੰਜਾਬ 84" ਤੇ "ਦਹਿਸ਼ਤ ਦੇ ਦਿਨਾਂ ਵਿਚ", ਕਰਮਜੀਤ ਕੁੱਸਾ ਦਾ ਨਾਵਲ "ਜ਼ਖਮੀ ਦਰਿਆ", ਜਸਵੀਰ ਸਿੰਘ ਮੰਡ ਦਾ ਨਾਵਲ "ਔੜ ਦੇ ਬੀਜ" ਦੇ ਸ਼ਾਹ ਚਮਨ ਦਾ ਨਾਵਲ "ਜ਼ਖਮੀ ਗੁਲਾਬ" ਤੇ ਕੁਝ ਹੋਰ। ਪਰੰਤੂ ਪਿਛਲੇ ਸਮੇਂ ਵਿਚ ਮਿੱਤਰ ਸੈਨ ਮੀਤ ਦਾ ਨਾਵਲ "ਤਫਤੀਸ਼" ਇਸ ਹੋਣੀ ਤੋਂ ਬਚ ਗਿਆ ਹੈ। ਇਹ ਨਾਵਲ ਜਿਥੇ ਤਲਖ ਯਥਾਰਥ ਦਾ ਵਰਨਣ ਕਰਦਾ ਹੈ, ਉਥੇ ਪਾਠਕਾਂ ਤੇ ਆਲੋਚਕਾਂ ਦੋਨਾਂ ਵਲੋਂ ਸਵੀਕਾਰਿਆ ਗਿਆ ਹੈ। ਯੂਨੀਵਰਸਿਟੀਆਂ ਵਿਚ ਬੈਠੇ ਵਿਦਵਾਨਾਂ ਨੇ ਵੀ ਇਸ ਨੂੰ ਕਬੂਲਿਆ ਹੈ। ਇਸ ਦੀਆਂ ਛਾਪਾਂ ਵੀ ਕਈ ਛਪ ਚੁੱਕੀਆਂ ਹਨ। ਅਤੇ ਹਾਲੇ ਵੀ ਸਾਹਿਤਕ ਹਲਕਿਆਂ ਵਿਚ ਇਸ ਦਾ ਜ਼ਿਕਰ ਹੈ। ਇਹ ਨਾਵਲ ਪੰਜਾਬੀ ਨਾਵਲਕਾਰੀ ਵਿਚ ਇਕ ਅਹਿਮ ਮੋੜ ਸਾਬਤ ਹੋਇਆ ਹੈ।

### ( 2 )

ਤਫਤੀਸ਼ ਦੀ ਅਗਲੀ ਕੜੀ ਵਜੋਂ ਮਿੱਤਰ ਸੈਨ ਮੀਤ ਨੇ ਹੁਣੇ ਜਿਹੇ ਨਵਾਂ ਨਾਵਲ "ਕਟਿਹਰਾ" ਲਿਖਿਆ ਹੈ। ਜਿੱਥੇ ਪਹਿਲਾਂ ਨਾਵਲ ਜੁਰਮ ਦੀ ਤਫਤੀਸ਼ ਨਾਲ ਸੰਬੰਧਤ ਪੁਲਿਸ ਤੇ ਹੋਰ ਸਰਕਾਰੀ ਅਫਸਰਸ਼ਾਹੀ ਦੇ ਕਰਦਾਰ ਨੂੰ ਨੰਗਾ ਕਰਦਾ ਸੀ, ਉਥੇ "ਕਟਿਹਰਾ" ਦੇਸ਼ ਦੀ ਨਿਆਂ-ਪ੍ਰਨਾਲੀ ਤੇ ਅਦਾਲਤਾਂ ਵਿਚ ਜੋ ਕੁਝ ਵਾਪਰਦਾ ਹੈ ਉਸ ਦਾ ਵਰਨਣ ਕਰਦਾ ਹੈ। ਕਹਾਣੀ ਅਨੁਸਾਰ 'ਤਫਤੀਸ਼' ਵਿਚ ਇਕ ਬੱਚੇ 'ਬੰਟੀ' ਦਾ ਕਤਲ ਹੋਇਆ ਸੀ। ਉਸ ਕਤਲ ਨੇ ਸਮੁੱਚੇ ਸਮਾਜ ਨੂੰ ਪ੍ਰਭਾਵਿਤ ਕੀਤਾ ਸੀ। ਜਿਸ

ਕਾਰਨ ਸਮਾਜ ਦੇ ਹਰ ਅੰਗ ਨੇ ਆਪਣਾ ਪ੍ਰਤੀਕਰਮ ਦਿੱਤਾ ਸੀ। ਇਸ ਸਭ ਤੋਂ ਅਹਿਮ ਰੋਲ ਜੁਰਮ ਦੀ ਖੋਜ ਕਰਨ ਵਾਲੀ ਏਜੰਸੀ ਵਜੋਂ ਪੁਲਿਸ ਦਾ ਸੀ। ਪਰੰਤੂ ਇਹ ਆਪਣਾ ਕਰਤੱਵ ਨਿਭਾਉਣ ਵਿਚ ਸਫਲ ਨਹੀਂ ਹੁੰਦੀ। ਜਿਸ ਲਈ ਆਪਣਾ ਆਪ ਬਚਾਉਣ ਤੇ ਹੋਰ ਰਾਜਸੀ ਤੇ ਸਮਾਜਿਕ ਕਾਰਨਾਂ ਕਰਕੇ ਪੁਲਿਸ ਦੋ ਝੂਠੇ ਮੁਰਜਮਾਂ ਨੂੰ ਗ੍ਰਿਫਤਾਰ ਕਰ ਲੈਂਦੀ ਹੈ। ਇਸ ਗੱਲ ਦੀ ਜਾਣਕਾਰੀ ਕਾਫੀ ਲੋਕਾਂ ਨੂੰ ਹੁੰਦੀ ਹੈ। ਕੁਝ ਲੋਕ ਇਸ ਧੱਕੇ ਦਾ ਜਥੇਬੰਦਕ ਵਿਰੋਧ ਕਰਦੇ ਹਨ ਤੇ ਇਕ ਸੰਘਰਸ਼ ਸੰਮਤੀ ਦਾ ਗਠਨ ਕਰਦੇ ਹਨ। ਸਰਕਾਰੀ ਵਕੀਲ ਗੁਰਮੀਤ ਵੀ ਆਪਣੀ ਜ਼ਮੀਰ ਦਾ ਹਲੂਣਿਆ ਹੋਇਆ ਨੌਕਰੀ ਤੋਂ ਅਸਤੀਫਾ ਦੇ ਕੇ ਨਿਰਦੋਸ਼ਾਂ ਨੂੰ ਬਰੀ ਕਰਵਾਉਣ ਲਈ ਸੰਘਰਸ਼ ਆਰੰਭ ਦਿੰਦਾ ਹੈ। ਦੋਸ਼ੀ ਪਾਲਾ ਤੇ ਮੀਤਾ ਉਸ ਦੇ ਪੁਰਾਣੇ ਵਾਕਫ ਸਨ, ਜਿਥੇ ਗੁਰਮੀਤ ਨੇ ਛੋਟੇ ਮੋਟੇ ਜੁਰਮਾਂ ਵਿਚ ਉਨ੍ਹਾਂ ਨੂੰ ਬਰੀ ਕਰਵਾਇਆ ਸੀ, ਉਥੇ ਉਹਨੇ ਉਨ੍ਹਾਂ ਨੂੰ ਜੁਰਮ ਤੋਂ ਹੋੜਣ ਦਾ ਯਤਨ ਵੀ ਕੀਤਾ ਸੀ। ਉਸ ਦੇ ਇਹ ਯਤਨ ਕਾਫੀ ਸਫਲ ਹੋਏ ਸਨ। ਪਾਲਾ ਤੇ ਮੀਤਾ ਜੁਰਮ ਕਰਨ ਦੀ ਥਾਂ ਆਮ ਲੋਕਾਂ ਵਾਂਗ ਦਿਨ ਕੱਟਣ ਲੱਗ ਪਏ ਸਨ। ਗੁਰਮੀਤ ਜਾਣਦਾ ਸੀ ਉਹ ਨਿਰਦੋਸ਼ ਹਨ। ਇਸ ਲਈ ਉਸ ਨੇ ਉਹਨਾਂ ਨੂੰ ਬਰੀ ਕਰਵਾਉਣ ਦਾ ਬੀੜਾ ਚੁੱਕ ਲਿਆ ਸੀ।

"ਕਟਿਹਰੇ" ਵਿਚ ਕਹਾਣੀ ਅੱਗੇ ਤਫਤੀਸ਼ ਮੁਕੰਮਲ ਹੋਣ ਉਪਰੰਤ ਕਚਹਿਰੀ ਜਾਣ ਤੋਂ ਤੁਰਦੀ ਹੈ। ਮੀਤ ਨੇ ਆਪਣੇ ਪਿਛਲੇ ਨਾਵਲ ਵਿਚ ਪੁਲਿਸ ਤੇ ਪੁਲਸੀਆਂ ਦੇ ਕਰਦਾਰ ਦੀ ਰਗ ਤੋਂ ਵਾਕਿਫ ਹੋਣ ਦਾ ਪ੍ਰਗਟਾਵਾ ਕੀਤਾ ਸੀ। ਇਸ ਪ੍ਰਗਟਾਵੇ ਵਿਚ ਪੁਲਿਸ ਦਾ ਕੋਈ ਕਰਦਾਰ ਜਾਂ ਕਿਸੇ ਪੁਲਸੀਏ ਦੀ ਕੋਈ ਕਿਸਮ ਗਿਣਨ ਵਲੋਂ ਰਹਿਣ ਨਹੀਂ ਦਿੱਤੀ ਸੀ। ਉਹਨਾਂ ਦੇ ਚੰਗੇ ਮੰਦੇ ਸਾਰੇ ਵਿਵਹਾਰਾਂ ਦਾ ਵਿਸਥਾਰ ਨਾਲ ਵਰਣਨ ਕਰ ਦਿੱਤਾ ਸੀ। ਪਰੰਤੂ 'ਕਟਿਹਰੇ' ਵਿਚ ਅਦਾਲਤ ਨਾਲ ਸਬੰਧਤ ਵਿਅਕਤੀਆਂ ਦੇ ਕਰਦਾਰ ਨੂੰ ਹੋਰ ਵੀ ਬਰੀਕੀ ਤੇ ਨੀਝ ਨਾਲ ਚਿਤਰਿਆ ਹੈ। ਇਹ ਵਿਸਥਾਰ ਐਨਾ ਹਕੀਕੀ ਹੈ ਕਿ ਸਧਾਰਨ ਪਾਠਕ ਜਿਸ ਨੂੰ ਕਦੇ ਅਦਾਲਤੀ ਕੰਮਾਂ ਨਾਲ ਵਾਹ ਪਿਆ ਹੋਵੇ ਹਰ ਇਕ ਪਾਤਰ ਨੂੰ ਜਿਊਂਦੇ ਤੇ ਪ੍ਰਤੱਖ ਰੂਪ ਵਿਚ ਪਹਿਚਾਣ ਸਕਦਾ ਹੈ। ਅਦਾਲਤ ਦੇ ਅਹਿਮ ਮੋਹਰੇ ਵਕੀਲ, ਮੁਨਸ਼ੀ, ਟਾਊਟ, ਗਵਾਹ, ਅਹਿਲਮਦ, ਰੀਡਰ, ਸਟੈਨੋ, ਜੱਜ, ਚਪੜਾਸੀ, ਨਾਇਬ ਕੋਰਟ, ਸਰਕਾਰੀ ਵਕੀਲ, ਜ਼ਿਲ੍ਹਾ ਅਟਾਰਨੀ, ਹੱਥ ਲਿਖਤ ਐਕਸਪਰਟ, ਡਾਕਟਰ ਕੋਈ ਵੀ ਛੋਟਾ ਵੱਡਾ ਪਾਤਰ ਚਿਤਰੇ ਬਿਨਾਂ ਨਹੀਂ ਰਹਿਣ ਦਿੱਤਾ। ਪਰੰਤੂ ਪਾਤਰਾਂ ਦੇ ਇਸ ਸਮੂਹ ਵਿਚੋਂ ਉਹਨੇ ਅਹਿਮ ਪਾਤਰ ਉਘਾੜੇ ਹਨ। ਵਕੀਲ ਗੁਰਮੀਤ, ਮੋਹਨ ਜੀ, ਪਿਆਰੇ ਲਾਲ, ਭੰਡਾਰੀ, ਸਰਕਾਰੀ ਵਕੀਲ ਬਚਨ ਸਿੰਘ ਆਦਿ। ਇਸੇ ਤਰ੍ਹਾਂ ਮੀਤ ਵਲੋਂ ਪੇਸ਼ ਹਰ ਪਾਤਰ ਪ੍ਰਤੀਨਿਧ ਪਾਤਰ ਹੈ। ਜੱਜ ਨਾਥ ਜੀ ਇਕ ਟਕਸਾਲੀ ਜੱਜ ਹੈ। ਮੀਤ ਕੋਲ ਜਾਣਕਾਰੀ ਦਾ ਭੰਡਾਰ ਅਥਾਹ ਹੈ, ਉਸ ਦੀ ਕਿਸੇ ਕਰਦਾਰ ਬਾਰੇ ਜਾਣਕਾਰੀ ਅਧੂਰੀ ਨਹੀਂ ਹੈ। ਉਹ ਹਰ ਇਕ ਪਾਤਰ ਨੂੰ ਅੰਦਰੋਂ ਬਾਹਰੋਂ ਦੋਨਾਂ ਪੱਖਾਂ ਤੋਂ ਚਿਤਰਦਾ ਹੈ। ਹਰ ਇਕ ਪਾਤਰ ਦੇ ਵਿਵਹਾਰ ਦਾ ਨਿਜੀ ਜਾਂ ਸਮਾਜਿਕ ਕਾਰਨ ਪੇਸ਼ ਕਰਦਾ ਹੈ।



ਬੁਰਜੂਆ ਪ੍ਰਥਾ ਵਿਚ ਜਿਥੇ ਹਰ ਇਕ ਵਿਅਕਤੀ ਭੋਗਵਾਦੀ ਲਾਲਸਾਵਾਂ ਰੱਖਦਾ ਹੈ ਅਤੇ ਉਹਨਾਂ ਦੀ ਪ੍ਰਾਪਤੀ ਲਈ ਕਿਸੇ ਵੀ ਢੰਗ ਨੂੰ ਗਲਤ ਨਹੀਂ ਸਮਝਦਾ। ਰਿਸ਼ਵਤ ਲੈਣਾ ਤੇ ਦੇਣਾ ਇਕ ਸਧਾਰਨ ਵਿਵਹਾਰਿਕ ਕਾਰਜ ਸਮਝਿਆ ਜਾਂਦਾ ਹੈ। ਰਿਸ਼ਵਤ ਲੈਣ ਲਈ ਕੋਈ ਢੰਗ ਵਰਤ ਸਕਦਾ ਹੈ। ਜਿਥੇ ਸਧਾਰਨ ਜੀਵਨ ਵਿਚ ਕੁਰੱਪਸ਼ਨ ਨਾਲ ਕਿਤੇ-ਕਿਤੇ ਵਾਹ ਪੈਂਦਾ ਹੈ, ਉਥੇ ਅਦਾਲਤਾਂ ਤੇ ਕਚਹਿਰੀਆਂ ਦੀ ਚਾਰ-ਦੀਵਾਰੀ ਅੰਦਰ ਜੇਕਰ ਜੀਵਨ ਦੇ ਕੋਈ ਮੁੱਖ ਮੁੱਦੇ ਹਨ ਤਾਂ ਕੇਵਲ ਪੈਸਾ ਤੇ ਰਿਸ਼ਵਤ ਹੀ ਹਨ। ਇਸ ਤਰ੍ਹਾਂ ਬੁਰਜੂਵਾ ਪ੍ਰਥਾ ਆਪਣੇ ਸਿਖਰ ਤੇ ਪੁੱਜਦੀ ਹੈ। ਇਥੇ ਰਿਸ਼ਵਤ ਲੈਣ ਵਾਲੇ ਵਿਅਕਤੀ ਨੂੰ ਕਿਸੇ ਕੰਪਲੈਕਸ ਦਾ ਸ਼ਿਕਾਰ ਰਹਿਣ ਨਹੀਂ ਦਿੰਦੇ। ਇਥੇ ਸੱਚ, ਝੂਠ, ਇਨਸਾਫ ਸਭ ਵਿਕਦੇ ਹਨ, ਕੇਵਲ ਢੁਕਵੀਂ ਕੀਮਤ ਅਦਾ ਕਰਨ ਦੀ ਲੋੜ ਹੈ। ਸਭ ਕੁਝ ਪੈਸੇ ਤੇ ਰਸੂਖ ਵਾਲੇ ਦੀ ਮਰਜੀ ਅਨੁਸਾਰ ਹੋ ਸਕਦਾ ਹੈ। ਅਦਾਲਤਾਂ ਅੰਦਰ ਕਾਨੂੰਨ ਤੇ ਰਾਜ ਦਾ ਜਮਾਤੀ ਖਾਸਾ ਜਿੰਨਾ ਪਰਤਖ ਹੁੰਦਾ ਹੈ, ਉਨਾ ਰਾਜਤੰਤਰ ਦੇ ਹੋਰਨਾਂ ਪੱਖਾਂ ਵਿਚ ਨਹੀਂ ਹੁੰਦਾ। ਅਦਾਲਤਾਂ ਜਮਾਤੀ ਸੰਘਰਸ਼ ਦੇ ਜਮਾਤੀ ਨਿਰਣਿਆਂ ਦਾ ਅਹਿਮ ਅਖਾੜਾ ਹਨ। ਇਹਨਾਂ ਦੇ ਜਮਾਤੀ ਕਰਦਾਰ ਨੂੰ ਬਦਲਣ ਲਈ ਤਿਖੀ ਜਮਾਤੀ ਚੇਤਨਾ ਤੇ ਸੰਘਰਸ਼ ਦੀ ਲੋੜ ਹੈ। ਜਿਹੜਾ ਅਦਾਲਤਾਂ ਦੇ ਅੰਦਰ ਨਹੀਂ ਲੜਿਆ ਜਾ ਸਕਦਾ ਬਲਕਿ ਰਾਜਨੀਤਕ ਖੇਤਰ ਵਿਚ ਹੀ ਲੜਨਾ ਸੰਭਵ ਹੈ। ਜਮਾਤੀ ਰਾਜ ਦੀ ਰਾਖੀ ਲਈ ਅਦਾਲਤਾਂ ਇਕ ਅਹਿਮ ਅਦਾਰਾ ਹਨ।

ਮਿੱਤਰ ਸੈਨ ਮੀਤ ਇਕ ਚੇਤਨ ਲੇਖਕ ਹੈ। ਉਸ ਨੂੰ ਇਸ ਜਮਾਤੀ ਦਵੰਦ ਦੀ ਸਮਝ ਹੈ। ਇਸੇ ਲਈ ਉਹ ਇਨਸਾਫ ਲਈ ਅਦਾਲਤ ਤੇ ਵਕੀਲਾਂ ਤੇ ਟੇਕ ਨਹੀਂ ਰਖਦਾ। ਉਹ ਜਨਤਕ ਸੰਘਰਸ਼ ਦਾ ਵੀ ਵਰਨਣ ਕਰਦਾ ਹੈ। ਇਨਸਾਫ ਲਈ ਲੜ ਰਹੀ ਸੰਘਰਸ਼ ਸੰਮਤੀ ਤੇ ਉਸਦੇ ਵਰਕਰ ਦੋਨੋਂ ਰਾਹ ਅਖਤਿਆਰ ਕਰਦੇ ਹਨ। ਜਿਥੇ ਪਿਆਰੇ ਲਾਲ, ਮੋਹਨ ਜੀ ਤੇ ਗੁਰਮੀਤ ਅਦਾਲਤ ਅੰਦਰ ਲੜਦੇ ਹਨ ਉਥੇ ਸੰਮਤੀ ਨਾਲ ਵੀ ਤਾਲਮੇਲ ਰਖਦੇ ਹਨ ਤੇ ਕਮਜ਼ੋਰ ਪੱਖਾਂ ਨੂੰ ਸੰਮਤੀ ਰਾਹੀਂ ਪੂਰਨ ਦਾ ਯਤਨ ਕਰਦੇ ਹਨ। ਗਵਾਹਾਂ ਨੂੰ ਲੁਕੋਣਾ, ਉਹਨਾਂ ਤੋਂ ਸੱਚ ਕਹਾਉਣਾ, ਪੁਲਸ ਦੇ ਜਬਰ ਦਾ ਟਾਕਰਾ ਕਰਨਾ, ਉਲਟਾ ਜਵਾਬੀ ਹੱਲਾ ਬੋਲਣਾ ਤੇ ਸਮੁਚੀ ਪੁਲਸ ਮਸ਼ੀਨਰੀ ਨੂੰ ਨਕਾਰਾ ਕਰਕੇ ਰਖ ਦੇਣਾ, ਸੰਘਰਸ਼ ਦੇ ਦਾਅ ਪੇਚਾਂ ਦੀ ਕਮਾਲ ਹੈ। ਪਰੰਤੂ ਜਮਾਤੀ ਰਾਜ ਹੀ ਹੈ। ਉਹਦੇ ਸਾਹਮਣੇ ਆਪਣਾ ਮਨੋਰਥ ਹੈ। ਇਸ ਦੀ ਪਰਾਪਤੀ ਅਵੱਸ਼ ਕਰਨੀ ਹੈ ਬੇਸ਼ਕ ਇਸ ਲਈ ਕੁਝ ਵੀ ਕਰਨਾ ਪਵੇ, ਇਹੋ ਕੁਝ ਹੁੰਦਾ ਹੈ। ਰਾਜਨੀਤੀ ਦੀ ਮੰਗ ਹੈ ਮੀਤੇ ਪਾਲੇ ਨੂੰ ਫਾਹਾ ਲੱਗੇ। ਸਾਰੇ ਕਾਨੂੰਨ ਤੇ ਦਲੀਲਾਂ ਛਿੱਕੇ ਤੇ ਟੰਗ ਦਿੱਤੀਆਂ ਜਾਂਦੀਆਂ ਹਨ ਤੇ ਮੀਤੇ ਪਾਲੇ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਇਨਸਾਫ ਅਤੇ ਇਨਸਾਫ ਪਸੰਦਾਂ ਦੇ ਹੌਂਸਲੇ ਡੇਗਣ ਦੀ ਥਾਂ ਉਹਨਾਂ ਨੂੰ ਸੰਘਰਸ਼ ਲਈ ਹੋਰ ਦਰਿੜ ਹੋਣ ਦੀ ਪਰੇਰਨਾ ਦਿੰਦਾ ਹੈ। ਗਲਤ ਕੰਮ ਲਈ ਮਜਬੂਰ ਹੋਇਆ ਜੱਜ ਵੀ ਡੋਲਦਾ ਹੈ, ਹੋਰ ਮੋਹਰੇ ਵੀ ਕੰਬਦੇ ਹਨ। ਇਹ ਸੱਚ ਤੇ ਸੱਚ ਲਈ ਲੜਦੇ ਲੋਕਾਂ ਦੀ ਜਿੱਤ ਹੈ।

ਕਲਾ ਦੇ ਪਖੋਂ ਨਾਵਲ "ਕਟਿਹਰਾ" ਪੰਜਾਬੀ ਸਾਹਿਤ ਤੇ ਮੀਤ ਦੀ ਅਹਿਮ ਪਰਾਪਤੀ ਕਿਹਾ ਜਾਣਾ ਬਣਦੀ ਹੈ। ਨਾਵਲ ਦੀ ਪਾਤਰ ਉਸਾਰੀ ਬਹੁਤ ਬਰੀਕੀ ਨਾਲ ਕੀਤੀ ਗਈ ਉਤਮ ਪ੍ਰਾਪਤੀ ਹੈ। ਸਾਰੇ ਪਾਤਰ ਹੱਡ ਮਾਸ ਦੇ ਬਣੇ ਹੋਏ ਵਿਅਕਤੀ ਹਨ। ਜਿਨ੍ਹਾਂ ਦੀਆਂ ਆਪੋ ਆਪਣੀਆਂ ਸਮੱਸਿਆਵਾਂ ਹਨ। ਜਿਥੇ ਉਹ ਪਰਸਥਿਤੀਆਂ ਅਨੁਸਾਰ ਕੇਵਲ ਆਪਣੇ ਲਈ ਜਿਉਂਦੇ ਹਨ ਅਤੇ ਉਹਨਾਂ ਨੇ ਜ਼ਮੀਰ ਨਾਂ ਦੀ ਚੀਜ਼ ਨੂੰ ਪਦਾਰਥਕ ਹਿੱਤਾਂ ਦੀ ਪਰਾਪਤੀ ਦੀ ਬਲੀ ਚਾਹੜ ਛੱਡਿਆ ਹੈ, ਉਥੇ ਧੁਰ ਅੰਦਰ ਕਿਤੇ ਮਨੁਖਤਾ ਦੀ ਸਹਿਕਦੀ ਲਾਸ਼ ਵੀ ਪਈ ਹੈ। ਇਸ ਦਾ ਪਰਗਟਾਵਾ ਪੇਸ਼ਾਵਰ ਗਵਾਹ ਵੀ ਕਰਦੇ ਹਨ ਰਾਜ ਦਾ ਪੁਰਜ਼ਾ ਜੱਜ ਵੀ ਕਰਦਾ ਹੈ। ਉਥੇ ਪਿਆਰੇ ਲਾਲ ਤੇ ਗੁਰਮੀਤ ਵਰਗੇ ਜਾਗਦੀਆਂ ਜ਼ਮੀਰਾਂ ਵਾਲੇ ਤੇ ਬਾਬੇ ਵਰਗੇ ਚੇਤਨ ਵਿਅਕਤੀ ਵੀ ਹਨ ਜਿਹੜੇ ਬੇ-ਇਨਸਾਫੀ ਵਿਰੁਧ ਜੂਝਣਾ ਆਪਣਾ ਧਰਮ ਸਮਝਦੇ ਹਨ।

ਨਾਵਲ ਦੀ ਹੋਰ ਪਰਾਪਤੀ ਸਹਿਜਤਾ ਹੈ। ਸਮੁਚਾ ਵਰਨਣ ਸਹਿਜ ਭਾਵ ਵਿਚ ਕੀਤਾ ਗਿਆ ਹੈ। ਕਿਤੇ ਵੀ ਕਾਹਲ ਨਹੀਂ, ਜ਼ੋਰ ਨਹੀਂ, ਕਿਤੇ ਵੀ ਵਿਅਕਤੀ ਜਾਂ ਘਟਨਾ ਮਨਘੜਤ ਨਹੀਂ ਜਾਪਦੀ। ਬਿਆਨ ਵਿਚ ਰਵਾਨੀ ਤੇ ਰੋਚਕਤਾ ਹੈ। ਕਿਸੇ ਜੁਰਮ ਵਰਗੇ ਵਿਸ਼ੇ ਨੂੰ ਰੌਚਕਤਾ ਨਾਲ ਪੇਸ਼ ਕਰਨਾ ਬਹੁਤ ਮੁਸ਼ਕਲ ਹੈ। ਸਮੁਚੇ ਵਰਨਣ ਵਿਚ ਕਿਤੇ ਰੋਮਾਂਸ ਨਹੀਂ, ਉਪਭਾਵਕਤਾ ਨਹੀਂ ਹੈ। ਇਸ ਦੇ ਨਾਲ ਹੀ ਸਮੁਚੇ ਸਮਾਜਿਕ ਵਰਤਾਰੇ ਦਾ ਵਰਨਣ ਹੈ। ਸਮਾਜ ਦੇ ਨਿਘਾਰ ਨੂੰ ਤਹਿ ਤੀਕ ਉਧੇੜਿਆ ਗਿਆ ਹੈ। ਪਾਠਕ ਜਿਥੇ ਜਿਥੇ ਪੜ੍ਹ ਕੇ ਸ਼ਸ਼ਕਰ ਰਹਿ ਜਾਂਦਾ ਹੈ ਉਥੇ ਇਸ ਵਿਰੁਧ ਨਫਰਤ ਤੇ ਗੁੱਸਾ ਵੀ ਉਪਜਦਾ ਹੈ। ਕਿਸੇ ਸਮਾਜਿਕ ਲਿਖਤ ਦਾ ਸਮਾਜਿਕ ਪਰਸਥਿਤੀਆਂ ਵਿਰੁਧ ਨਫਰਤ ਉਪਜਾਉਣਾ ਹੀ ਉਸ ਦਾ ਲਾਕਸ਼ ਹੁੰਦਾ ਹੈ। ਮੀਤ ਇਸ ਵਿਚ ਸਫਲ ਹੈ।

ਅਜੋਕੀ ਅਲੋਚਨਾ ਵਿਚ ਬੇਸ਼ਕ ਬੋਲੀ ਨੂੰ ਬਹੁਤੀ ਅਹਿਮੀਅਤ ਨਹੀਂ ਦਿੱਤੀ ਜਾਂਦੀ। ਪਰੰਤੂ ਇਸ ਨਾਵਲ ਦੀ ਬੋਲੀ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਮੀਤ ਬੋਲੀ ਸਾਦੀ ਸਹਿਜ ਤੇ ਸਰਲ ਵਰਤਦਾ ਹੈ। ਅਦਾਲਤੀ ਸ਼ਬਦਾਵਲੀ ਰਾਹੀਂ ਬਿਆਨ ਬਹੁਤ ਹੀ ਸਾਦਾ ਕਰਦਾ ਹੈ। ਕੋਈ ਸ਼ਬਦ ਔਖਾ ਤੇ ਰੜਕਵਾਂ ਨਹੀਂ ਹੈ। ਇਸੇ ਲਈ ਇਹ ਲਿਖਤ ਸਾਰੀਆਂ ਪੱਧਰਾਂ ਦੇ ਪਾਠਕਾਂ ਲਈ ਇਕੋ ਜਿਹੀ ਹੈ। ਹਕੀਕਤ ਵਿਚ "ਕਟਿਹਰਾ" ਨੂੰ ਅਦਾਲਤੀ ਕਾਰੋਬਾਰ, ਕਰਦਾਰ ਤੇ ਸ਼ਬਦਾਵਲੀ ਪੱਖੋਂ ਅਦਾਲਤੀ ਮਹਾਨ ਕੋਸ਼ ਕਹਿਣਾ ਬਣਦਾ ਹੈ।

ਸੁਰਜੀਤ ਗਿੱਲ

## 'ਖੁਦਕੁਸ਼ੀ ਇੱਕ ਚੁੱਪ ਦੀ'/ਬੋਲਾਂ ਦੀ ਤਲਾਸ਼ ਵਿਚ

ਹਰਵਿੰਦਰ ਭੰਡਾਲ ਅਸਲੋਂ ਹੀ ਨਵੀਂ ਪੀੜ੍ਹੀ ਦਾ ਕਵੀ ਹੈ ਅਤੇ ਉਮਰ ਦਾ ਵੀਹਵਾਂ ਪਾਰ ਕਰਦੇ ਹੀ ਆਪਣੇ ਪਹਿਲੇ ਕਾਵਿ-ਸੰਗ੍ਰਹਿ ਸਮੇਤ ਪਾਠਕਾਂ ਅੱਗੇ ਆ ਹਾਜ਼ਰ ਹੋਇਆ ਹੈ। ਉਸ ਨੇ ਆਪਣੀ ਆਮਦ ਦਾ ਐਲਾਨ ਵੀ ਕੁਝ ਨਾਟਕੀ ਸਿਰਲੇਖ ਨਾਲ ਕੀਤਾ ਹੈ ਤੇ 'ਚੁੱਪ ਦੀ ਖੁਦਕਸ਼ੀ' ਦਾ ਨਵੇਕਲਾ ਬਿੰਬ ਸਿਰਜਿਆ ਹੈ। ਖੁਦਕਸ਼ੀ ਪਰੰਪਰਕ ਰੂਪ ਵਿਚ ਦੁਖਦਾਈ ਤੇ ਨਾਂਹ-ਪੱਖੀ ਭਾਵਨਾਵਾਂ ਦਾ ਬਿੰਬ ਹੈ, ਪਰ ਆਪਣੇ ਨਵੇਕਲੇ ਅੰਦਾਜ਼ ਵਿਚ ਨੌਜਵਾਨ ਕਵੀ ਨੇ ਇਸ ਲਫਜ਼ ਵਿਚ ਹਾਂ-ਪੱਖੀ ਤੱਤ ਭਰ ਕੇ ਪੇਸ਼ ਕੀਤਾ ਹੈ।



'ਖੁਦਕਸ਼ੀ ਇਕ ਚੁੱਪ ਦੀ' ਹਰਵਿੰਦਰ ਭੰਡਾਲ ਦਾ ਪਹਿਲਾ ਕਾਵਿ-ਸੰਗ੍ਰਹਿ ਹੈ, ਜਿਸ ਨੂੰ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ ਨੇ ਬੜੇ ਸੁੰਦਰ ਰੂਪ ਵਿਚ 1993 ਵਿਚ ਛਾਪ ਕੇ ਰਿਲੀਜ਼ ਕੀਤਾ ਹੈ। ਸੰਗ੍ਰਹਿ ਵਿਚ ਕਵੀ ਨੇ 38 ਕਵਿਤਾਵਾਂ ਸੰਕਲਿਤ ਕੀਤੀਆਂ ਹਨ ਤੇ ਇਸ ਦੀ 'ਆਦਿਕਾ' ਪ੍ਰਸਿੱਧ ਕਵੀ ਹਰਭਜਨ ਸਿੰਘ ਹੁੰਦਲ ਨੇ ਲਿਖੀ ਹੈ। ਸੰਗ੍ਰਹਿ ਵਿਚ ਸਾਰੀਆਂ ਹੀ ਕਵਿਤਾਵਾਂ ਸਦੀ ਦੇ ਅਖੀਰਲੇ ਦਹਾਕੇ ਵਿਚ ਰਚਿਤ ਹਨ। ਫਰਵਰੀ 1990 ਤੋਂ ਮਾਰਚ 1992 ਤੱਕ, ਲਗਭਗ ਦੋ ਸਾਲ ਦੀ ਸਿਰਜਣਾ ਕਵੀ ਨੇ ਆਪਣੇ ਇਸ ਪਹਿਲੇ ਸੰਗ੍ਰਹਿ ਵਿਚ ਪੇਸ਼ ਕੀਤੀ ਹੈ।

ਨੌਜਵਾਨ ਕਵੀ ਭੰਡਾਲ ਦੀ ਉਮਰ 22 ਕੁ ਵਰ੍ਹੇ ਦੀ ਜਾਪਦੀ ਹੈ ਤੇ ਸੰਗ੍ਰਹਿ ਤੋਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਏਸ ਅੱਲੜ ਉਮਰ ਦੇ ਬਾਵਜੂਦ ਕਵੀ ਨੇ ਆਪਣੀ ਸਿਰਜਣਾ ਨੂੰ ਛਾਪਣ ਲਈ ਚੁਣਦੇ ਸਮੇਂ ਕਿਸੇ ਉਪਭਾਵੁਕਤਾ ਤੋਂ ਕੰਮ ਨਹੀਂ ਲਿਆ। ਸੰਗ੍ਰਹਿ ਦੀਆਂ ਵਧੇਰੇ ਕਵਿਤਾਵਾਂ ਅਨਘੜ ਨਾ ਜਾਪ ਕੇ ਪ੍ਰੌਢ ਕਵਿਤਾਵਾਂ ਹੋਣ ਦਾ ਪ੍ਰਭਾਵ ਛੱਡਦੀਆਂ ਹਨ, ਜੋ ਇਸ ਉਮਰੇ ਇਕ ਪ੍ਰਾਪਤੀ ਹੀ ਹੈ।

ਇਹ ਤਾਂ ਜ਼ਾਹਿਰ ਹੀ ਹੈ ਕਿ ਸੰਗ੍ਰਹਿ ਦੀਆਂ ਵਧੇਰੇ ਕਵਿਤਾਵਾਂ ਪੰਜਾਬ ਦੀ ਹਾਲਤ ਨੂੰ ਕਾਵਿਕ ਰੂਪ ਦੇਣ ਦਾ ਜਤਨ ਹਨ। ਸੰਗ੍ਰਹਿ ਦੀ ਪਹਿਲੀ ਕਵਿਤਾ ਦਾ ਸਿਰਲੇਖ— 'ਸਰਾਪੀ ਰੁੱਤ ਦਾ ਸੰਤਾਪ' ਹੀ ਇਸ ਸਥਿਤੀ ਨੂੰ ਜ਼ਾਹਿਰ ਕਰ ਦਿੰਦਾ ਹੈ। ਸਰਾਪ ਜਾਂ ਸਰਾਪਿਆ ਲਫਜ਼ ਸੰਗ੍ਰਹਿ ਵਿਚ ਕਈ ਵਾਰ ਆਉਂਦਾ ਹੈ। 'ਖੁਦਕਸ਼ੀ ਇਕ ਚੁੱਪ ਦੀ', ਜੋ ਇਸ ਸੰਗ੍ਰਹਿ ਦਾ ਸਿਰਲੇਖ ਵੀ ਹੈ, ਕਵਿਤਾ ਵਿਚ ਕਵੀ ਨੇ ਆਪਣੀ ਕਾਵਿ-ਸੰਵੇਦਨਾ ਦਾ ਰੂਪ ਸਪੱਸ਼ਟ ਕੀਤਾ ਹੈ। ਕਵੀ ਨੇ ਜ਼ਿੰਦਗੀ ਦੇ ਵਧੇਰੇ ਦੁਖਾਂਤ/ਦੁਰਘਟਨਾਵਾਂ 'ਚੁੱਪ' ਦੀ ਢਾਲ ਨਾਲ ਝੇਲੀਆਂ, ਪਰ ਅੱਜ ਦੀ ਪੰਜਾਬ ਦੀ ਦੁਖਾਂਤਕ ਸਥਿਤੀ ਨੇ ਉਸ ਦੀ 'ਚੁੱਪ' ਨੂੰ ਸ਼ਰਮਿੰਦਾ ਕਰ ਦਿੱਤਾ ਹੈ, ਕਿਉਂਕਿ ਹੁਣ ਚੁੱਪ ਦਾ ਕਾਰਣ ਸਿਰਫ ਸਥਿਤੀਆਂ ਤੋਂ ਧਾਸਾ ਵੱਟਣਾ ਨਹੀਂ, ਸਗੋਂ ਚੁੱਪ ਦੇ ਪਿਛੇ ਸਹਿਮ ਤੇ ਡਰ ਦੇ ਪ੍ਰਛਾਵੇਂ ਵੀ ਹਨ। ਕਵੀ ਨੂੰ ਜਾਪਦਾ ਹੈ ਕਿ ਹੁਣ ਉਸ ਦੀ ਚੁੱਪ ਸ਼ਰਮਿੰਦਗੀ ਨਾਲ ਖੁਦਕਸ਼ੀ ਕਰ ਲਵੇਗੀ ਤੇ ਕਵੀ ਅਨੁਸਾਰ—

'ਖੁਸ਼ ਹੋਵੋ—

ਕਿਉਂਕਿ 'ਚੁੱਪ ਦੀ ਖੁਦਕਸ਼ੀ ਹੀ ਬੋਲਾਂ ਦੀ ਜ਼ਿੰਦਗੀ ਹੈ।' (ਸਫਾ 18)

ਚੁੱਪ ਦੀ ਖੁਦਕਸ਼ੀ ਤੋਂ ਬਾਅਦ ਹਾਸਲ ਕੀਤੇ ਬੋਲਾਂ ਨਾਲ ਕਵੀ ਨੇ ਫਿਰ ਕਾਫ਼ੀ ਕਵਿਤਾਵਾਂ ਰਚੀਆਂ ਹਨ, ਜਿਥੇ ਉਹ ਇਨਸਾਨ ਦੇ ਡੁੱਲ੍ਹੇ ਲਹੂ ਦੀ ਵਾਰਤਾ ਲਿਖਦਾ ਹੈ। ਕਵੀ 'ਸਿਵੇ' ਦੇ ਬਿੰਬ ਨੂੰ ਵੀ ਅਰਥ ਦਿੰਦਾ ਹੈ, ਜਦੋਂ ਉਹ ਬਲਦੇ ਸਿਵਿਆਂ ਤੋਂ 'ਸਾਡੇ ਵਜੂਦ ਅੰਦਰ ਵੀ। ਇਕ ਸਿਵਾ ਬਲਣ ਲੱਗਦਾ ਹੈ।' ਦੀ ਗੱਲ ਕਰਦਾ ਹੈ।

ਕਵੀ ਨੇ ਪਿਆਰ ਕਵਿਤਾਵਾਂ ਵੀ ਰਚੀਆਂ ਹਨ। 'ਇਕ ਸੰਬੋਧਨ' ਵਿਚ ਉਹ ਪਿਆਰ ਨੂੰ ਤੇਜ਼ ਵਹਿੰਦੀ ਨਦੀ ਦੀ ਉਪਮਾ ਨਾਲ ਸ਼ਿੰਗਾਰਦਾ ਹੈ। 27 ਅਕਤੂਬਰ 1990 ਨੂੰ ਆਪਣੇ ਵੀਹਵੇਂ ਜਨਮ ਦਿਨ ਤੇ ਪਰਮਿੰਦਰ ਦੇ ਨਾਂ ਲਿਖੀ ਕਵਿਤਾ ਵਿਚ ਕਵੀ ਆਪਣੀ

ਹੋਣੀ ਨਾਲ ਰੰਗ ਲਾਲ ਜੋੜਦਾ ਹੈ।

ਆਪਣੇ ਜਨਮ ਦਿਨ ਤੇ ਲਿਖੀ ਕਵਿਤਾ ਵਿਚ ਕਵੀ ਨੇ ਲਾਲ ਰੰਗ ਦੀ ਹੋਣੀ ਨਾਲ ਆਪਣੇ ਆਪ ਨੂੰ ਜੋੜ ਕੇ ਤੂਫ਼ਾਨਾਂ ਵਿਰੁੱਧ ਤੁਰਨ ਦਾ ਸੰਕਲਪ ਕੀਤਾ ਹੈ, ਕਿਉਂਕਿ ਅਜੋਕੀ ਦੁਨੀਆਂ ਵਿਚ ਲਾਲ ਰੰਗ ਨਾਲ ਤੋੜ-ਵਿਛੋੜਾ ਕਰਨ ਵਾਲਿਆਂ ਦੀ ਹੀ ਭਰਮਾਰ ਹੈ ਤੇ ਇਸ ਨਾਲ ਜੁੜਣ ਵਾਲੇ ਤਾਂ ਉਂਗਲਾਂ ਦੀ ਗਿਣਤੀ ਬਰੋਬਰ ਹੀ ਹਨ।

ਕਵੀ ਨੇ 'ਪੰਜਾਬ ਦੇ ਨਾਂ' ਕਵਿਤਾ ਵਿਚੋਂ ਪੰਜਾਬ ਦੀ ਸਥਿਤੀ ਦਾ ਬੜਾ ਯਥਾਰਥ ਤੇ ਸੰਵੇਦਨਸ਼ੀਲ ਚਿਤਰਣ ਕੀਤਾ ਹੈ। ਪਰ ਕਵੀ ਸਿਰਫ਼ ਰੋਣ-ਧੋਣ ਨਹੀਂ ਕਰਦਾ ਤੇ 'ਢਾਈ ਆਬਾਂ 'ਚ ਗੋਤੇ ਖਾਂਦੇ ਪੰਜਾਬ' ਵਿਚ ਫ਼ੈਸਲਾਕੁਨ ਲੜਾਈ ਲਈ ਵਰਗਾਂ ਦੀ ਲਕੀਰ ਦੇ ਆਰ-ਪਾਰ ਖੜਾ ਹੋਣ ਦੀ ਜੁਰਅਤ ਦਿਖਾਉਂਦਾ ਹੈ।

—ਫ਼ਤਹਿ ਦਾ ਜੈਕਾਰਾ
ਮੱਛਰੀ ਹੋਈ ਹਵੇਲੀ 'ਚੋਂ ਗੂੰਜਦਾ ਹੈ
ਜਾਂ ਸਿਰ ਸੁੱਟੀ ਖੜੀਆਂ
ਫ਼ਸਲਾਂ ਦੇ ਪੀਲੇ-ਵਸਾਰ ਚਿਹਰਿਆਂ 'ਚੋਂ।
ਹਾਂ ਪੰਜਾਬ।
ਹੁਣ ਇਹ ਤੂੰ ਸੋਚਣਾ ਹੈ।

ਕਵੀ ਨੇ 'ਨਚੀਕੇਤਾ ਦੀ ਤਲਾਸ਼' ਵਰਗੀਆਂ ਕਵਿਤਾਵਾਂ ਵਿਚ ਭਾਰਤੀ ਮਿੱਥ ਦੇ ਭਰਪੂਰ ਸਰੋਤਾਂ ਦਾ ਪ੍ਰਯੋਗ ਕਰਦੇ ਉਨ੍ਹਾਂ ਨੂੰ ਨਵੇਂ ਅਰਥ ਦੇਣ ਦੇ ਵੀ ਜਤਨ ਕੀਤੇ ਹਨ। 'ਨਜ਼ਮ ਨਹੀਂ' ਵਿਚ ਮਿਰਜ਼ੇ, ਦੁੱਲੇ ਆਦਿ ਦੀਆਂ ਲੋਕ-ਕਥਾਵਾਂ ਦੇ ਨਵੇਂ ਸੰਕੇਤਾਤਮਕ ਅਰਥ ਸਿਰਜੇ ਹਨ।

ਸਿਆਸੀ ਕਵਿਤਾਵਾਂ ਵਿਚੋਂ 'ਰਾਜੀਵ ਗਾਂਧੀ ਦੀ ਮੌਤ ਤੇ' ਕਵਿਤਾ ਵਿਚ ਇਹ ਨਵੀਂ ਗੱਲ ਕਹੀ ਹੈ ਕਿ ਇਕੋ ਵਿਅਕਤੀ ਦੇ ਮਰਣ ਨਾਲ ਬਹੁਤਾ ਫਰਕ ਨਹੀਂ ਪੈਂਦਾ, ਫਰਕ ਤਾਂ ਪੈਂਦਾ ਹੈ, ਜਦ ਨਿਜ਼ਾਮ ਦੀ ਮੌਤ ਹੋਵੇ। 'ਕਤਾਰ ਵਿਚ ਖੜਾ ਵੋਟਰ' ਵਿਚ ਭਾਰਤੀ ਪਾਰਲੀਮੈਂਟਰੀ ਸਿਸਟਮ ਦੀ ਹਕੀਕਤ ਉਘਾੜੀ ਗਈ ਹੈ, ਜਿਥੇ ਵੋਟਰ 'ਆਪਣੇ ਹੀ ਕਾਤਲ ਨੂੰ ਨਿਰਦੋਸ਼' ਠਹਿਰਾਉਣ ਲਈ ਵੋਟਾਂ ਪਾਉਂਦਾ ਹੈ।

'ਆਦਿਕਾ' ਵਿਚ ਹਰਭਜਨ ਸਿੰਘ ਹੁੰਦਲ ਨੇ ਕਿਹਾ ਹੈ ਕਿ 'ਅਜੋਕੇ ਜੀਵਨ ਦੀਆਂ ਜਟਿਲਤਾਵਾਂ, ਪੇਚੀਦਗੀਆਂ ਤੇ ਵਿਰੋਧਤਾਈਆਂ ਨਾਲ ਜੂਝਦਾ ਹੋਇਆ ਵੀ ਉਹ (ਭੰਡਾਲ) ਆਸ ਦਾ ਪੱਲਾ ਹੱਥੋਂ ਛੁਟਣ ਨਹੀਂ ਦਿੰਦਾ।', 'ਵਰਤਮਾਨ', 'ਲੰਮੀ ਹੋ ਗਈ ਰਾਤ' ਆਦਿ ਕਵਿਤਾਵਾਂ ਹੁੰਦਲ ਦੀ ਇਸ ਟਿੱਪਣੀ ਦੀ ਹਾਮੀ ਭਰਦੀਆਂ ਹਨ। ਹੁੰਦਲ ਭੰਡਾਲ ਦੀ ਕਵਿਤਾ ਦਾ ਵਿਸ਼ੇਸ਼ ਲੱਛਣ ਤੇ ਪਹਿਚਾਣ ਚਿੰਨ੍ਹ—**ਸਹਿਜ ਸੁਭਾਵਕਤਾ** ਨੂੰ ਮੰਨਦੇ ਹਨ। ਇਹ ਗੱਲ ਕੁਝ ਕਵਿਤਾਵਾਂ ਬਾਰੇ ਸਹੀ ਹੈ, ਪਰ ਸਾਰੀਆਂ ਬਾਰੇ ਨਹੀਂ। ਉਹ ਇਸ ਸੰਗ੍ਰਹਿ ਨੂੰ ਨਵਪ੍ਰਗਤੀਵਾਦੀ/ਜਨਵਾਦੀ ਕਵਿਤਾ ਦੀ ਮਾਣ ਭਰੀ ਪ੍ਰਾਪਤੀ ਵੀ ਮੰਨਦੇ ਹਨ।



ਅਜੋਕਾ ਸਮਾਂ ਮਾਨਵੀ ਕਦਰਾਂ ਕੀਮਤਾਂ, ਜਿਨ੍ਹਾਂ ਵਿਚ ਸਾਹਿਤਕ ਸੰਵੇਦਨਾ ਵੀ ਸ਼ਾਮਲ ਹੈ, ਦਾ ਵਿਰੋਧੀ ਸਮਾਂ ਹੈ ਤੇ ਇਸ ਸਮੇਂ ਦੌਰਾਨ ਕਵਿਤਾ ਲਿਖਣੀ ਜਾਂ ਸਾਹਿਤ ਰਚਨਾ ਕਰਨਾ, ਸਮੇਂ ਦੀ ਮਾਨਵ-ਵਿਰੋਧੀ ਧਾਰਾ ਦਾ ਮੁਕਾਬਲਾ ਕਰਨਾ ਹੈ, ਪਰ ਇਹ ਕਵਿਤਾ ਜਾਂ ਸਾਹਿਤ ਰਚਨਾ ਵੀ ਕਦਰ-ਵਿਹੂਣੀ ਨਹੀਂ ਹੋ ਸਕਦੀ। ਇਸ ਪੱਖੋਂ ਹਰਵਿੰਦਰ ਭੰਡਾਲ ਦੀ ਕਾਵਿ-ਰਚਨਾ, ਮਾਨਵੀ ਕਦਰਾਂ ਨੂੰ ਵਿਸ਼ੇਸ਼ ਦਿਸ਼ਾ ਵਿਚ ਸ਼ਕਤੀ ਦੇਣ ਵਾਲੀ ਰਚਨਾ ਹੈ ਅਤੇ ਇਸ ਦਾ ਸੁਆਗਤ ਕਰਨਾ ਚਾਹੀਦਾ ਹੈ।

ਡਾ. ਚਮਨ ਲਾਲ

## ਰਾਗ ਮਲਹਾਰ/ਅਚੇਤ ਮਨ ਦੀ ਉਲਾਰਤਾ

(ਮਹਿਮਾ ਸਿੰਘ)

'ਰਾਗ ਮਲਹਾਰ' ਮਹਿਮਾ ਸਿੰਘ ਦੀ ਦੂਸਰੀ ਕਾਵਿ-ਪੁਸਤਕ ਹੈ, ਇਸ ਤੋਂ ਪਹਿਲਾਂ ਉਹ ਇਕ ਕਾਵਿ-ਸੰਗ੍ਰਹਿ 'ਚਿੰਤਨ ਅਤੇ ਖ਼ੁਸ਼ਬੋ' (1988) ਪ੍ਰਕਾਸ਼ਿਤ ਕਰ ਚੁੱਕਾ ਹੈ। 'ਰਾਗ ਮਲਹਾਰ' ਵਿਚ ਸ਼ਾਇਰ ਨੇ 72 ਗ਼ਜ਼ਲ-ਰਚਨਾਵਾਂ ਨੂੰ ਇਕੱਤਰ ਕੀਤਾ ਹੈ। ਮਹਿਮਾ ਸਿੰਘ ਦਾ ਆਪਣਾ ਕਥਨ ਹੈ ਕਿ 'ਚਿੰਤਨ ਅਤੇ ਖ਼ੁਸ਼ਬੋ' ਦੇ ਪ੍ਰਕਾਸ਼ਨ ਤੋਂ ਬਾਅਦ ਉਸ ਦਾ ਰੁਝਾਨ ਗ਼ਜ਼ਲ ਵੱਲ ਰਿਹਾ ਹੈ। ਇਹ ਕਥਨ ਜਿਥੇ ਉਸ ਦੀ ਗ਼ਜ਼ਲ-ਸਾਧਨਾ ਵੱਲ ਸੰਕੇਤ ਕਰਦਾ ਹੈ ਉਥੇ ਪਾਠਕ/ਅਧਿਐਤਾ ਦੇ ਮਨ ਵਿਚ ਕਈ ਤਰ੍ਹਾਂ ਦੇ ਸੁਆਲ ਅਤੇ ਸ਼ੰਕੇ ਵੀ ਪੈਦਾ ਕਰਦਾ ਹੈ। ਉਂਜ ਤਾਂ ਸਾਹਿਤਕਾਰ ਵਾਸਤੇ ਹਰ ਪ੍ਰਕਾਰ ਦੇ ਸਾਹਿਤ-ਰੂਪ ਵਿਚ ਸਿਰਜਣਾਤਮਕ ਕਾਰਜ ਲਈ ਇਕ ਵਿਸੇਸ਼ ਪ੍ਰਕਾਰ ਦੀ ਇਕਾਗਰਤਾ ਦੀ ਆਵਸ਼ਕਤਾ ਜ਼ਰੂਰੀ ਬਣ ਜਾਂਦੀ ਹੈ ਪਰ ਗ਼ਜ਼ਲ ਦੇ ਰੂਪਕਾਰ ਵਿਚ ਤਾਂ ਇਸ ਇਕਾਗਰਤਾ ਦੇ ਉਚੇਰੇ ਪੱਧਰ ਦੀ ਆਸ ਅਤੇ ਤਵੱਕੋ ਕੀਤੀ ਜਾਂਦੀ ਹੈ। ਇਸ ਇਕਾਗਰਤਾ ਦੇ ਦੋ ਪਹਿਲੂ ਥੀਮ ਅਤੇ ਰੂਪ ਦੇ ਹਨ ਜੋ ਆਪਸ ਵਿਚ ਅੰਤਰ-ਸੰਬੰਧਿਤ ਹੋ ਕੇ ਕਿਸੇ ਕਾਵਿ-ਕਿਰਤ ਦੇ ਪ੍ਰਭਾਵ ਨੂੰ ਤੀਬਰ ਕਰਦੇ ਹੋਏ ਪਾਠਕ/ਸਰੋਤੇ ਦੀ ਮਾਨਸਿਕਤਾ ਨੂੰ ਕੀਲਣ ਦੇ ਯੋਗ ਹੁੰਦੇ ਹਨ। 'ਰਾਗ ਮਲਹਾਰ' ਦਾ ਪਾਠ ਕਰਦਿਆਂ ਥੀਮ ਅਤੇ ਰੂਪਾਕਾਰ ਦੇ ਸੰਯੋਗ ਵੱਸ ਆਪਣੀ ਸੁਹਜਾਤਮਕ ਸਮਰੱਥਾ ਰਾਹੀਂ ਕੁਝ ਸ਼ਿਅਰਾਂ ਨੇ ਭਲੀ-ਭਾਂਤ ਮੈਨੂੰ ਪ੍ਰਭਾਵਿਤ ਕੀਤਾ ਹੈ, ਜਿਵੇਂ :—

—ਮੇਰੇ ਅੰਬਰ ਤੇ ਮੰਨਿਆ ਕਿ ਨ੍ਹੇਰਾ ਹੈ
ਚਾਨਣ ਦੀ ਇਕ ਛਿੱਟ ਪਰ ਮੇਰੇ ਨਾਲ ਰਹੇ

—ਲਿਖਣਾ ਹੈ ਤਾਂ ਰੂਹਾਂ ਦੀ ਡੂੰਘੀ ਸਦਾ ਲਿਖਣਾ
ਸਾਹਾਂ ਦੀ ਗਾਨੀ 'ਤੇ ਮਣਕੇ ਦਾ ਪਤਾ ਲਿਖਣਾ

—ਉਹ ਰੂਹਾਂ ਦੀ ਜ਼ਖ਼ਮੀ ਸਰਗਮ ਦਾ ਪਤਾ ਦੇਣਾ
ਗ਼ਜ਼ਲਾਂ ਦੀ ਪੁਸਤਕ ਦਾ ਹਰ ਐਸਾ ਸਫ਼ਾ ਲਿਖਣਾ

ਪਹਿਲਾ ਸ਼ਿਅਰ ਵਿਅਕਤੀ ਦੀ ਮਾਨਸਿਕਤਾ ਦੀਆਂ ਬਹੁ-ਪਰਤਾਂ ਅਤੇ ਆਸ਼ਾ-ਨਿਰਾਸ਼ਾ-ਆਸ਼ਾ ਦੇ ਸਿਲਸਿਲੇ ਨੂੰ ਰੂਪਮਾਨ ਕਰਨ ਵਾਲਾ ਹੈ ਅਤੇ ਦੂਸਰੇ ਦੋਵੇਂ ਸ਼ਿਅਰ ਗ਼ਜ਼ਲ ਦੇ ਕਾਵਿ-ਸਿਧਾਂਤ ਨਾਲ ਸਰੋਕਾਰ ਹੁੰਦੇ ਹੋਏ ਉਸ ਦੀ ਸਿਧਾਂਤਕ ਤਾਸੀਰ ਨੂੰ ਜ਼ਾਹਿਰ ਕਰਨ ਵੱਲ ਰੁਚਿਤ ਹੁੰਦੇ ਹਨ।

ਥੀਮ ਅਤੇ ਰੂਪਾਕਾਰ ਦੇ ਸੰਜੋਗ ਅਤੇ ਸੁਹਜਾਤਮਕ-ਪ੍ਰਭਾਵ ਦੀ ਇਕ ਕਾਵਿਕ-ਤਲਿੱਸਮ ਪਾਠਕ ਦੇ ਮਨ ਉੱਪਰ ਜਿੰਨੀ ਸ਼ਿੱਦਤ ਜਾਂ ਸ਼ਕਤੀ ਨਾਲ ਆਪਣਾ ਅਸਰ ਕਾਇਮ ਕਰੇਗਾ, ਸ਼ਾਇਰ ਜਾਂ ਸਾਹਿਤਕਾਰ ਦਾ ਹਸਤਾਖ਼ਰ ਓਨੇ ਹੀ ਗੂੜ੍ਹੇ ਅੱਖਰਾਂ ਵਿਚ ਲਿਖਿਆ ਜਾਵੇਗਾ। ਇਕ ਵਕਤ ਸੀ ਜਦੋਂ ਸ਼ਾਇਰੀ ਦੀ ਸਿਰਜਣਾ ਨੂੰ ਆਵੇਸ਼/ਇਲਹਾਮ ਆਦਿ ਨਾਲ ਜੋੜ ਲਿਆ ਜਾਂਦਾ ਸੀ ਪਰ ਵਕਤ ਦੇ ਬੀਤਣ ਨਾਲ ਇਸ ਆਵੇਸ਼ ਨੂੰ ਮਨੁੱਖ ਦੇ ਅਚੇਤ ਮਨ ਦੇ ਨਾਲ-ਨਾਲ ਸੁਚੇਤ ਮਨ ਨਾਲ ਜੋੜਨ ਦਾ ਯਤਨ ਵੀ ਕੀਤਾ ਗਿਆ ਹੈ। ਸ਼ਾਇਰ ਕਿਸੇ ਪ੍ਰੇਰਨਾ ਸਦਕਾ ਕਵਿਤਾ ਦੀਆਂ ਸਤਰਾਂ ਦੀਆਂ ਸਿਰਜਣਾ ਕਰਦਾ ਹੈ। ਸੁਚੇਤ ਮਨ ਰਾਹੀਂ ਇਨ੍ਹਾਂ ਸਤਰਾਂ ਦੇ ਨੈਣਾਂ ਨਕਸ਼ਾਂ ਅਤੇ ਮੁਹਾਂਦਰੇ ਨੂੰ ਤਰਾਸ਼ਦਾ ਅਤੇ ਸੰਵਾਰਦਾ ਵੀ ਹੈ। ਅੰਗਰੇਜ਼ੀ ਕਵੀਆਂ ਸ਼ੈਲੇ, ਕੀਟਸ, ਸ਼ੇਕਸਪੀਅਰ, ਵਰਡਜ਼ਵਰਥ, ਈਲੀਅਟ ਆਦਿ ਦੇ ਕਾਵਿ-ਖਰੜਿਆਂ ਨੂੰ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਲਾ-ਪ੍ਰਬੀਨਤਾਂ ਜਾਂ ਸ਼ਿਲਪਕਾਰੀ (Craftsmanship) ਉੱਪਰ ਉਹ ਆਪਣਾ ਕਿੰਨਾ ਧਿਆਨ ਲਗਾਉਂਦੇ ਰਹੇ ਹਨ। ਮਹਿਮਾ ਸਿੰਘ ਬੁਨਿਆਦੀ ਤੌਰ ਤੇ ਇਕ ਸ਼ਾਇਰ ਹੈ। ਕਦੇ-ਕਦੇ ਉਸ ਦੀ ਸ਼ਾਇਰੀ ਵਿਚ ਅਚੇਤ ਮਨ ਦਾ ਦਖ਼ਲ ਉਲਾਰਤਾ ਦੀ ਹੱਦ ਤੱਕ ਪ੍ਰਵੇਸ਼ ਕਰ ਜਾਂਦਾ ਹੈ। ਹੋਰ ਸ਼ਾਇਰਾਂ ਦੀਆਂ ਤੁਕਾਂ ਅਤੇ ਸ਼ਾਇਰਾਂ ਦੁਆਰਾ ਘੜੇ ਗਏ ਰੂਪਕਾਂ, ਤਸ਼ਬੀਹਾਂ, ਪ੍ਰਤੀਕਾਂ, ਬਿੰਬਾਂ ਆਦਿ ਦੀ ਉਹ ਆਮ ਹੀ ਵਰਤੋਂ ਕਰ ਜਾਂਦਾ ਹੈ। ਸੁਰਜੀਤ ਪਾਤਰ ਦੀ ਸ਼ਾਇਰੀ ਦਾ ਅਸਰ ਉਸ ਦੇ ਅਵਚੇਤਨ ਵਿਚ ਵੱਸਿਆ ਹੈ, ਉਸ ਦੀਆਂ ਕਾਵਿ-ਧੁਨਾਂ ਮੁਤਾਬਿਕ ਵੀ ਉਹ ਗ਼ਜ਼ਲਾਂ ਦੀ ਘਾੜਤ ਕਰਦਾ ਹੈ। ਸ਼ਾਇਰ ਲਈ ਆਪਣਾ ਹਸਤਾਖ਼ਰ ਉਲੀਕਣ ਵਾਸਤੇ ਅਚੇਤ ਵਿਚ ਵਸੇ ਪ੍ਰਭਾਵਾਂ ਦੇ ਦਖ਼ਲ ਨੂੰ ਘਟਾਉਣ ਲਈ ਮਨ ਦੀ ਸੁਚੇਤ ਅਵਸਥਾ ਤੱਕ ਪੁੱਜਣਾ ਵੀ ਜ਼ਰੂਰੀ ਬਣ ਜਾਂਦਾ ਹੈ।

ਕਦੇ-ਕਦੇ ਮਹਿਮਾ ਸਿੰਘ ਆਪਣੀਆਂ ਗ਼ਜ਼ਲਾਂ ਦੇ ਸ਼ਿਅਰਾ ਦੀ ਲੈਅ ਅਤੇ ਤੋਲ ਤੁਕਾਂਤ ਨੂੰ ਤਾਂ ਬਰਕਰਾਰ ਰੱਖਦਾ ਹੈ ਪਰ ਉਸ ਦੇ ਥੀਮਿਕ-ਪ੍ਰਭਾਵ ਨੂੰ ਖੰਡਿਤ ਕਰ ਬਹਿੰਦਾ ਹੈ, ਉਦਾਹਰਣ ਵਜੋਂ—

ਰੰਗ ਲਹੂ ਦਾ ਛਿਣਕ ਰਿਹਾ ਹੈ ਕੈਨਵਸ ਉੱਤੇ
ਇਹ ਨਾ ਸਮਝੋ ਕਿ ਕਲਾਕਾਰ ਖਾਮੋਸ਼ ਹੈ
ਪਾਣੀ ਵਿਚ ਉਸ ਅੱਗ ਦੀ ਲਕੀਰ ਖਿੱਚਣੀ
ਇਹ ਨਾ ਸਮਝੋ ਕਿ ਇਹ ਜਜ਼ਬੇ ਠਰੇ ਰਹਿਣਗੇ

ਉਪਰੋਕਤ ਚਾਰ ਸਤਰਾਂ ਦੇ ਬੰਦ ਵਿਚ ਤੀਸਰੀ ਸਤਰ ਆਪਣਾ ਕਾਵਿਕ-ਤਰਕ ਗੁਆ ਬਹਿੰਦੀ ਹੈ। ਕੀ ਕਲਾਕਾਰ ਪਾਣੀ ਵਿਚ ਅੱਗ ਦੀ ਲਕੀਰ ਖਿੱਚ ਸਕਦਾ ਹੈ?



ਪਾਣੀ ਦੀ ਤਾਸੀਰ ਹੀ ਅਜਿਹੀ ਹੈ ਕਿ ਉਹ ਅੱਗ ਨੂੰ ਠੰਡਾ-ਸੀਤ ਕਰ ਦਿੰਦੀ ਹੈ। ਅਰਸਤੂ ਨੇ ਸਿਰਜਣਾ ਦੇ ਤਰਕ ਨੂੰ 'ਸੰਭਾਵਿਤਾ ਦੇ ਨੇਮ' ਅਨੁਕੂਲ ਵਿਚਾਰਨ ਲਈ ਸੁਚੇਤ ਕੀਤਾ ਸੀ। ਹਰ ਸ਼ਾਇਰ ਪਾਸ ਇਕ ਸਿਰਜਣਾਤਮਕ-ਨੇਮ ਵੀ ਹੁੰਦਾ ਹੈ ਜਿਹੜਾ ਕਿਸੇ ਨਾ ਕਿਸੇ ਤਰਕ ਦੇ ਆਧਾਰ ਤੇ ਆਪਣੇ ਬੋਲਾਂ ਦਾ ਇਜ਼ਹਾਰ ਕਰਦਾ ਹੈ। ਪਰ 'ਰਾਗ ਮਲਹਾਰ' ਗ਼ਜ਼ਲ-ਸੰਗ੍ਰਹਿ ਵਿਚ ਇਹ ਤਰਕ ਇਕ ਤੋਂ ਵਧੀਕ ਮੌਕਿਆਂ ਉੱਪਰ ਸੰਦੇਹ ਦਾ ਭਾਗੀ ਬਣ ਜਾਂਦਾ ਹੈ।

ਇਸ ਗ਼ਜ਼ਲ-ਸੰਗ੍ਰਹਿ ਵਿਚ ਜੰਗਲ ਦੇ ਰੂਪਕ ਦੀ ਥਾਂ-ਪਰ-ਥਾਂ ਵਰਤੋਂ ਹੋਈ ਹੈ। ਕੀ ਜੰਗਲ ਜਾਂ ਜੰਗਲ ਦੇ ਬਿਰਖਾਂ ਨੂੰ ਸਭਿਅਕ ਲੋਕਾਂ ਦੇ ਰੂਪਕ ਵਿਚ ਪੇਸ਼ ਕੀਤਾ ਜਾ ਸਕਦਾ ਹੈ? ਜੰਗਲ ਨੂੰ ਤਾਂ ਅਸਭਿਅਕ ਜੀਵਨ ਨਾਲ ਜੋੜਿਆ ਗਿਆ ਹੈ, ਪਰ ਸ਼ਾਇਰ ਇਸ ਨੂੰ ਸਭਿਅਕ ਜੀਵਨ ਨਾਲ ਜੋੜ ਕੇ ਪੇਸ਼ ਕਰਦਾ ਹੈ। ਸ਼ਾਇਰ ਜਿਹੜੇ ਖੇਤਰ ਵਿਚੋਂ ਭਾਸ਼ਾ ਦੀ ਚੋਣ ਕਰਦਾ ਹੈ ਉਸ ਖੇਤਰ ਬਾਰੇ ਉਸ ਦਾ ਗਿਆਨ ਵਿਸ਼ਾਲ ਅਤੇ ਪਰਪੱਕ ਹੋਣਾ ਚਾਹੀਦਾ ਹੈ, ਪ੍ਰੋ: ਮੋਹਨ ਸਿੰਘ, ਸ਼ਿਵ ਕੁਮਾਰ, ਡਾ. ਹਰਿਭਜਨ ਸਿੰਘ, ਜਸਵੰਤ ਸਿੰਘ ਨੇਕੀ—ਇਸ ਦੀਆਂ ਪ੍ਰਤੱਖ ਮਿਸਾਲਾਂ ਹਨ। ਪੰਛੀ ਦੇ ਘਰ ਅਤੇ ਖ਼ਾਬਾਂ ਦੇ ਅਕਾਸ਼ ਬਾਰੇ ਸ਼ਾਇਰ ਦਾ ਕਥਨ ਦੇਖੋ—

ਪਰਬਤ ਦੀ ਟੀਸੀ 'ਤੇ ਪੰਛੀ ਦਾ ਘਰ ਹੋਵੇ
ਖ਼ਾਬਾਂ ਦੇ ਜੰਗਲ ਵਿਚ ਖੁਲ੍ਹਦੀ ਇਕ ਦਰ ਹੋਵੇ

ਕੀ ਪੰਛੀ ਦਾ ਘਰ ਪਰਬਤ ਦੀ ਟੀਸੀ ਤੇ ਹੋਣਾ ਚਾਹੀਦਾ ਹੈ? ਪਰਬਤ ਤਾਂ ਕੀ ਕਿਸੇ ਬਿਰਖ ਦੀ ਟੀਸੀ ਤੇ ਵੀ ਪੰਛੀ ਦਾ ਘਰ ਹੋਵੇ ਤਾਂ ਉਸ ਨੂੰ ਚੈਨ, ਆਰਾਮ ਅਤੇ ਨਿੱਘ ਨਹੀਂ ਮਿਲੇਗਾ। ਪੰਛੀ ਦੇ ਆਲ੍ਹਣੇ ਲਈ ਤਾਂ ਬਿਰਖ ਦੀਆਂ ਸੰਘਣੀਆਂ ਟਾਹਣੀਆਂ ਦਾ ਹੋਣਾ ਜ਼ਰੂਰੀ ਹੈ। ਦੂਸਰਾ ਮਿਸਰਾ ਦੇਖੋ ਖ਼ਾਬਾਂ ਦੇ ਦਰ ਲਈ ਜੰਗਲ ਦੇ ਦਰ ਲਈ ਕਾਮਨਾ ਕੀਤੀ ਗਈ ਹੈ। ਜੰਗਲ ਨਾਂਹ-ਮੁਖਤਾ ਦੀ ਪ੍ਰਤੀਕ ਹੈ, ਇਸ ਨੂੰ ਹਾਂ-ਮੁਖਤਾ ਲਈ ਵਰਤਿਆ ਗਿਆ ਹੈ। ਖ਼ਾਬਾਂ ਦਾ ਅੰਬਰ ਹੋ ਸਕਦਾ ਹੈ। ਖ਼ਾਬਾਂ ਨੂੰ ਤਾਂ ਸੁਹੱਪਣ ਅਤੇ ਸੁਪਨੇ ਨਾਲ ਜੋੜਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀਆਂ ਮਿਸਾਲਾਂ ਪੁਸਤਕ ਵਿਚ ਹੋਰ ਵੀ ਦੇਖੀਆਂ ਜਾ ਸਕਦੀਆਂ ਹਨ।

ਪੁਸਤਕ ਦੇ ਪ੍ਰਕਾਸ਼ਨ ਰੂਪ ਵੱਲ ਵੀ ਮਹਿਮਾ ਸਿੰਘ ਨੇ ਸੁਚੇਤ ਰੂਪ ਵਿਚ ਦਖ਼ਲ ਨਹੀਂ ਦਿੱਤਾ। ਪੁਸਤਕ ਦਾ ਸਿਰਲੇਖ ਮਲਹਾਰ ਸ਼ਬਦ ਵੀ ਸ਼ਬਦ ਕੋਸ਼ਾਂ ਵਿਚ 'ਮੱਲਾਰ' ਅਤੇ 'ਮਲਾਰ' ਵਿਚ ਲਿਖਿਆ ਗਿਆ ਹੈ, ਗੁਰੂ ਗ੍ਰੰਥ ਸਾਹਿਬ ਵਿਚ ਵੀ 'ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ' ਜਾਂ 'ਮਲਾਰੁ ਸੀਤਲ ਰਾਗ ਹੈ' ਦੇ ਰੂਪ ਵਿਚ ਹੀ ਵਰਤਿਆ ਗਿਆ ਹੈ। ਪੁਸਤਕ ਵਿਚ ਥਾਂ-ਪਰ ਥਾਂ ਅਜਿਹੀਆਂ ਗ਼ਲਤੀਆਂ ਕਵਿਤਾ ਦੇ ਪ੍ਰਭਾਵ ਨੂੰ ਖੰਡਿਤ ਕਰਦੀਆਂ ਹਨ: ਜਰਾ, ਸਰੂੰ, ਦਰਵਾਜੇ, ਦਲਿਆ, ਮੰਜਿਲ, ਮੁਲਖ, ਰਮਜ, ਹੋਈਆ, ਤੇਜ, ਜਿਕਰ, ਚੋੜ, ਖਾਮੋਸ਼ੀ ਆਦਿ। ਅੰਤ ਵਿਚ ਮੈਂ ਇਹ ਕਹਿਣਾ ਚਾਹਾਂਗਾ ਕਿ ਗ਼ਜ਼ਲ ਵਿਚ ਸ਼ਿਅਰਾਂ ਨੂੰ ਗੁਣਾਤਮਕ ਪੱਖ ਨੂੰ ਧਿਆਨ ਵਿਚ ਰੱਖ ਕੇ ਹੀ

ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਸਿਰਜਣਾਤਮਕ ਤਰਕ ਨੂੰ ਹਰ ਹਾਲੇ ਵਿਚ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ। ਸ਼ਾਇਰ ਮਹਿਮਾ ਸਿੰਘ ਨੂੰ ਗ਼ਜ਼ਲਕਾਰਾਂ ਵਰਗੇ ਸਿਰੜ ਅਤੇ ਸਾਧਨਾ ਦੇ ਰਸਤੇ ਤੇ ਅਜੇ ਦੂਰ ਤੱਕ ਤੁਰਨਾ ਹੋਵੇਗਾ. ਜਿਗਰ ਮੁਰਾਦਾਬਾਦੀ ਦਾ ਇਕ ਸ਼ਿਅਰ ਯਾਦ ਆ ਰਿਹਾ ਹੈ :

'ਯਿਹ ਇਸ਼ਕ ਨਹੀਂ ਆਸਾਂ, ਬਸ ਇਤਨਾ ਸਮਝ ਲੀਜੇ,
ਇਕ ਆਗ ਕਾ ਦਰਿਯਾ ਹੈ ਔਰ ਡੂਬ ਕੇ ਜਾਨਾ ਹੈ।'

—ਡਾ: ਸੁਹਿੰਦਰ ਬੀਰ

## ਸੂਲੀ ਟੰਗੀਆਂ ਸਾਂਝਾਂ (ਕਹਾਣੀਆਂ)

ਅਵਤਾਰ ਸਾਦਿਕ

ਅਵਤਾਰ ਸਾਦਿਕ ਵਿਦੇਸ਼ ਰਹਿੰਦਾ ਪੰਜਾਬੀ ਲੇਖਕ ਹੈ। ਉਸ ਦਾ ਜੀਵਨ ਲੋਕਾਂ ਦੇ ਸੰਘਰਸ਼ ਨੂੰ ਅਰਪਤ ਹੈ। ਉਹ ਅਸਲੀ ਤੌਰ ਤੇ ਲੋਕਾਂ ਨੂੰ ਜਥੇਬੰਦ ਕਰਦਾ ਤੇ ਚੇਤਨ ਕਰਦਾ ਹੈ। ਉਥੇ ਸਾਹਿਤ ਨੂੰ ਜਮਾਤੀ ਸੰਘਰਸ਼ ਦਾ ਸਹਾਇਕ ਸਮਝਦਾ ਹੈ। ਹਥਲੇ ਕਹਾਣੀ ਸੰਗ੍ਰਹਿ "ਸੂਲੀ ਟੰਗੀਆਂ ਸਾਂਝਾਂ" ਤੋਂ ਪਹਿਲਾਂ ਉਹ ਦੋ ਕਥਾ ਸੰਗ੍ਰਹਿ "ਕੁੱਤੇ ਵਾਲਾ ਗੋਰਾ" ਅਤੇ ਰਿਮਨੀਆਂ ਦੀ ਛਾਵੇਂ" ਪਾਠਕਾਂ ਨੂੰ ਦੇ ਚੁੱਕਿਆ ਹੈ। ਉਸਨੇ ਦੋ ਕਾਵਿ ਸੰਗ੍ਰਹਿ ਵੀ ਦਿਤੇ ਹਨ।

ਸਾਦਿਕ ਕਹਾਣੀਆਂ ਘੜਦਾ ਨਹੀਂ ਬਲਕਿ ਕਹਾਣੀਆਂ ਜਿਊਂਦਾ ਹੈ। ਭਾਵ ਉਹ ਕਹਾਣੀਆਂ ਦੇ ਪਲਾਟ ਆਪਣੇ ਨੇੜੇ ਦੇ ਲੋਕਾਂ ਦੇ ਹਕੀਕੀ ਜੀਵਨ ਵਿਚੋਂ ਲੈਂਦਾ ਹੈ। ਉਹ ਗੱਲ ਸਹਿਜ ਭਾਵ ਨਾਲ ਕਰਦਾ ਹੈ ਅਤੇ ਅੰਤ ਤੇ ਜਾ ਕੇ ਸਿੱਟਾ ਕੱਢਦਾ ਹੈ। ਉਸ ਦੀਆਂ ਕਹਾਣੀਆਂ ਦੇ ਵਿਸ਼ੇ ਮਨੁੱਖੀ ਸਾਂਝ, ਜੀਵਨ ਸੰਘਰਸ਼, ਜਮਾਤੀ ਵਿਤਕਰਾ ਤੇ ਜੀਵਨ ਲਈ ਆਪਣੀ ਤਾਂਘ ਆਦਿ ਹਨ। ਪੰਜਾਬੀ ਕਹਾਣੀ "ਮਹਿਕ ਦਾ ਰਿਸ਼ਤਾ" ਨਿੱਜੀ ਸਾਂਝ ਤੇ ਰਿਸ਼ਤਿਆਂ ਤੇ ਫਿਰਕੂ ਸਾਂਝਾਂ ਦਾ ਵਰਨਣ ਕਰਦੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਦਾ ਜ਼ਿਕਰ ਹੈ ਅਤੇ ਕਮਿਊਨਿਸਟਾਂ ਦੀ ਧਰਮਾਂ ਦੇ ਵਿਤਕਰੇ ਤੋਂ ਨਿਰਲੇਪ ਮਨੁੱਖੀ ਸਾਂਝ ਵਾਲੀ ਪਹੁੰਚ ਦਾ ਵਰਨਣ ਹੈ। ਕਹਾਣੀ 'ਪਿਛਲ ਝਾਤ' ਰਾਹੀਂ ਵੰਡ ਤੋਂ ਪਹਿਲਾਂ ਦੇ ਪੰਜਾਬ ਦਾ ਜੀਵਨ ਬਿਆਨ ਕਰਦੀ ਹੈ। ਲੇਖਕ ਦੀ ਮਾਨਸਿਕਤਾ ਵਿਚ ਇਹ ਸਾਂਝੇ ਪੰਜਾਬ ਦਾ ਜੀਵਨ ਅਜਿਹਾ ਵਸਿਆ ਕਿ ਉਹ ਹੋਰ ਕਹਾਣੀਆਂ ਵਿਚ ਵੀ ਇਸ ਦਾ ਵਰਨਣ ਕਰਦਾ ਹੈ। ਖਾਸ ਕਰਕੇ ਜਿਸ ਕਹਾਣੀ ਦੇ ਨਾਂ ਉਤੇ ਇਸ ਸੰਗ੍ਰਹਿ ਦਾ ਨਾਂ ਰੱਖਿਆ ਗਿਆ ਹੈ। ਉਸ ਵਿਚ ਵੀ ਇਸੇ ਜੀਵਨ ਤੇ ਵੰਡ ਦਾ ਜ਼ਿਕਰ ਕਰਦਾ ਹੈ ਜਿਸ ਨੇ ਭਰਾਵਾਂ ਵਾਲੀ ਸਾਂਝ ਖਤਮ ਕਰਕੇ ਇਕ ਦੂਜੇ ਦੇ ਖ਼ੂਨ ਦੇ ਤਿਹਾਏ ਬਣਾ ਦਿਤੇ ਸਨ। ਦੂਜੀ ਕਹਾਣੀ "ਗਣੇਸ਼ੀ" ਵਿਚ ਇਸਤਰੀ ਮਰਦ ਦੀ ਸਾਂਝ ਦਾ ਰੁਮਾਂਟਿਕ ਵਰਨਣ ਹੈ। ਇਸ ਸਾਂਝ ਦੇ ਹੁੰਦਿਆਂ ਸੰਸਾਰ ਦਾ ਕੋਈ ਦੁੱਖ ਵੀ ਦੁੱਖ ਨਹੀਂ ਲਗਦਾ। "ਘਰ" ਕਹਾਣੀ ਸਾਧਨਹੀਣ ਵਿਅਕਤੀਆਂ ਦੇ ਜੀਵਨ ਦਾ ਵਰਨਣ ਹੈ। ਜਿਨ੍ਹਾਂ ਨੂੰ ਜਿਥੇ ਰੋਜ਼ੀ ਮਿਲਦੀ ਹੈ, ਉਥੇ ਚਲੇ ਜਾਂਦੇ ਹਨ। ਉਹਨਾਂ ਦਾ ਕੋਈ



ਦੇਸ਼ ਤੇ ਕੋਈ ਘਰ ਨਹੀਂ ਹੈ। 'ਵਿਦੇਸ਼ੀ' ਨਸਲ ਵਿਚ ਲੇਖਕ ਆਪਣੇ ਵਿਸ਼ੇਸ਼ ਅੰਦਾਜ਼ ਵਿਚ ਪਿੰਡ ਵਿਚਲੇ ਵਦੇਸ਼ੀ-ਨਸਲ ਦੇ ਕੁੱਤੇ ਤੋਂ ਤੁਰ ਕੇ ਪਰਦੇਸ ਵਿਚ ਨਸਲੀ ਵਿਤਕਰੇ ਤੇ ਦੇਸ਼ ਵਿਚਲੇ ਫਿਰਕੂ ਵਿਤਕਰੇ ਤੱਕ ਪੁੱਜ ਜਾਂਦਾ ਹੈ। 'ਮੁਕੱਦਮਾ' ਕਹਾਣੀ ਵਿਚ ਪਰਚਲਤ ਵਿਸ਼ਵਾਸ਼, ਕਿ ਮਰਨ ਉਪ੍ਰੰਤ ਕੋਈ ਹੋਰ ਜੀਵਨ ਹੈ, ਅਤੇ ਮੁਰਦੇ ਵੀ ਜਿਊਂਦਿਆਂ ਵਾਂਗ ਜੀਵਨ ਲੋੜਾਂ ਮੰਗਦੇ ਹਨ—ਦਾ ਮਖੌਲ ਉਡਾਇਆ ਗਿਆ ਹੈ, ਅਤੇ ਤਰਕ ਨਾਲ ਉਸਨੂੰ ਗ਼ਲਤ ਸਾਬਤ ਕੀਤਾ ਗਿਆ ਹੈ। ਇਸੇ ਤਰ੍ਹਾਂ ਹੋਰ ਕਹਾਣੀਆਂ "ਜਮਾਂ ਦੇ ਬੱਸ" ਅਜੋਕੀ ਬੁਰਜ਼ਵਾ ਜੀਵਨ ਜਾਂਚ ਦਾ ਵਰਨਣ ਹੈ। ਜਿਸ ਵਿਚ ਨੂੰਹਾਂ ਬੁੱਢੀ ਸੱਸ ਤੋਂ ਕੰਮ ਕਰਵਾਉਂਦੀਆਂ ਹਨ, ਤੇ ਆਪ ਹਾਰ ਸ਼ਿੰਗਾਰ ਕਰਦੀਆਂ ਹਨ।

'ਨੱਕ ਕਟੇ' ਕਹਾਣੀ ਵਿਚ ਜਗੀਰੂ ਤੇ ਬੁਰਜ਼ਵਾ ਕਦਰਾਂ ਵਿਚਕਾਰ ਟੱਕਰ ਹੈ। ਜਗੀਰੂ ਸੋਚ ਵਲੈਤ ਜਾ ਕੇ ਵੀ ਖਹਿੜਾ ਨਹੀਂ ਛੱਡਦੀ। ਹੱਥੀਂ ਕੰਮ ਕਰਨਾ ਹੱਤਕ ਸਮਝਦੀ ਹੈ। ਪ੍ਰੰਤੂ ਨਵੀਂ ਸੋਚ ਅੱਗੇ ਅਵੱਸ਼ ਉਸ ਹਾਰਨਾ ਹੈ। "ਸੀਸ਼ ਮਹਿਲ" ਵਿਚ ਵਲੈਤ ਵਿਚ ਨਸਲੀ ਵਿਤਕਰੇ ਦਾ ਵਰਨਣ ਹੈ।

ਸਾਦਿਕ ਦੀਆਂ ਕਹਾਣੀਆਂ ਨਰੋਈਆਂ ਮਾਨਵੀ ਕਦਰਾਂ ਦੇ ਪੱਖ ਵਿਚ ਖੜਦੀਆਂ ਤੇ ਨਾਂਹ-ਪੱਖੀ ਕਦਰਾਂ ਦਾ ਖੰਡਨ ਕਰਦੀਆਂ ਹਨ। ਸਾਦਿਕ ਕਲਮ ਨਾਲ ਕਾਲੀਆਂ ਸ਼ਕਤੀਆਂ ਵਿਰੁਧ ਨਫਰਤ ਉਪਜਾਉਂਦਾ ਤੇ ਅੱਗੇ ਵਧੂ ਸੋਚ ਦਾ ਸੰਚਾਰ ਕਰਦਾ ਹੈ। ਉਸਦਾ ਸਹਿਜ ਤੇ ਸਾਦਾ ਵਰਨਣ ਆਪ ਪਾਠਕ ਦੀ ਸੂਝ ਦਾ ਹਾਣੀ ਹੈ। ਆਸ ਕਰਨੀ ਚਾਹੀਦੀ ਹੈ ਕਿ ਉਹ ਆਪਣੀ ਕਲਮ ਨੂੰ ਹੋਰ ਪ੍ਰਚੰਡ ਕਰੇਗਾ।

ਸੁਰਜੀਤ ਗਿੱਲ

## ਪੰਜਾਬ ਸੰਕਟ—ਇਕ ਵਿਸ਼ਲੇਸ਼ਣ

ਅਮਰਜੀਤ ਸੂਫ਼ੀ

ਪੰਜਾਬ ਨੇ ਪਿਛਲੇ ਬਾਰਾਂ ਸਾਲ ਸੰਤਾਪ ਭੋਗਿਆ ਹੈ। ਇਥੇ ਬੇ-ਗੁਨਾਹਾਂ, ਬੱਚਿਆਂ, ਬੁੱਢਿਆਂ, ਤਰੀਮਤਾਂ, ਬੁਧੀਜੀਵੀਆਂ, ਰਾਜਨੀਤਕਾਂ ਦਾ ਖ਼ੂਨ ਡੁੱਲ੍ਹਿਆ ਹੈ। ਇਹਨਾਂ ਬਾਰੇ ਸਾਰੇ ਪੱਖਾਂ ਤੋਂ ਬਹੁਤ ਕੁਝ ਕਿਹਾ ਗਿਆ ਹੈ। ਪਰੰਤੂ ਇਸ ਸਾਰੇ ਸੰਕਟ ਦਾ ਵਿਗਿਆਨਿਕ ਦ੍ਰਿਸ਼ਟੀ ਤੋਂ ਬਹੁਤ ਘੱਟ ਲੋਕਾਂ ਨੇ ਜਾਇਜ਼ਾ ਲਿਆ ਹੈ। ਹਕੀਕਤ ਵਿਚ ਪੰਜਾਬ ਮਸਲਾ ਸਾਰੇ ਪੱਖਾਂ ਆਰਥਿਕ, ਸਮਾਜਿਕ, ਰਾਜਨੀਤਕ, ਮਨੋਵਿਗਿਆਨਿਕ ਆਦਿ ਦਾ ਮੁਥਾਜ ਹੈ। ਪਰੰਤੂ ਇਹ ਕੁਝ ਕਰਨਾ ਇਕ ਵਿਅਕਤੀ ਦੇ ਵੱਸ ਦੀ ਗੱਲ ਨਹੀਂ। ਬੇਸ਼ੱਕ ਪਿਛਲੇ ਸਮੇਂ ਵਿਚ ਕੁਝ ਯਤਨ ਹੋਏ ਹਨ। ਪਰੰਤੂ ਉਨ੍ਹਾਂ ਨੂੰ ਸਾਂਵੇ ਤੇ ਦਰੁਸਤ ਨਹੀਂ ਕਿਹਾ ਜਾ ਸਕਦਾ। ਕਿਉਂਕਿ ਹਰ ਇਕ ਵਿਅਕਤੀ ਨੇ ਇਸ ਮਸਲੇ ਨੂੰ ਆਪਣੇ ਤਬਕਾਤੀ ਦ੍ਰਿਸ਼ਟੀਕੋਣ ਤੋਂ ਵੇਖਿਆ ਹੈ। ਬਹੁਤੇ ਲੋਕਾਂ ਨੇ ਬੁਜ਼ਦਿਲੀ ਦਾ ਪ੍ਰਗਟਾਵਾ ਕਰਦਿਆਂ ਕਾਤਲਾਂ ਨੂੰ ਕਾਤਲ ਕਹਿਣ ਦਾ ਯਤਨ ਨਹੀਂ ਕੀਤਾ। ਸਗੋਂ ਕਾਤਲਾਂ ਨੂੰ ਮਕਤੂਲਾਂ ਵਜੋਂ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਥੋਂ ਤੱਕ ਕਿ ਉਨ੍ਹਾਂ ਲਈ ਢੁੱਕਵਾਂ ਨਾਂ ਦਹਿਸਤਗਰਦ

ਵੀ ਵਰਤਣੋਂ ਡਰਦੇ ਰਹੇ ਹਨ। ਇਸ ਸਭ ਕੁਝ ਦੇ ਹੁੰਦਿਆਂ ਪੰਜਾਬ ਸੰਕਟ ਬਾਰੇ ਜ਼ਿਕਰ ਜ਼ਰੂਰੀ ਹੈ।

ਇਸ ਪਾਸੇ ਇਕ ਸਾਰਥਕ ਯਤਨ ਪਰਦੇਸ਼ ਵੱਸਦੇ ਪੰਜਾਬੀ ਲੇਖਕ ਅਮਰਜੀਤ ਸੂਫ਼ੀ ਨੇ ਕੀਤਾ ਹੈ। ਸੂਫ਼ੀ ਬੇਸ਼ਕ ਪ੍ਰਦੇਸ਼ ਵੱਸਦਾ ਹੈ ਫਿਰ ਵੀ ਉਹ ਆਪਣੀ ਧਰਤੀ ਤੇ ਇਥੋਂ ਦੇ ਲੋਕਾਂ ਨਾਲੋਂ ਟੁੱਟਿਆ ਨਹੀਂ ਹੈ। ਪ੍ਰਦੇਸ਼ ਵਿਚ ਜਿਥੇ ਉਹਦਾ ਦਿਲ ਸੰਸਾਰ ਦੇ ਕਿਰਤੀਆਂ ਤੇ ਹੋਰ ਜਮਹੂਰੀ ਸ਼ਕਤੀਆਂ ਲਈ ਧੜਕਦਾ ਹੈ, ਉਥੇ ਆਪਣੀ ਧਰਤੀ ਲਈ ਵੀ ਉਹ ਫ਼ਿਕਰਮੰਦ ਹੈ। ਉਹ ਪੰਜਾਬ ਸੰਕਟ ਨੂੰ ਮੁੱਢ ਤੋਂ ਹੀ ਵਿਗਿਆਨਿਕ ਦ੍ਰਿਸ਼ਟੀ ਤੋਂ ਵਾਚਦਾ ਰਿਹਾ ਹੈ ਅਤੇ ਸਮੇਂ-ਸਮੇਂ ਇਸ ਬਾਰੇ ਟਿਪਣੀ ਵੀ ਕਰਦਾ ਰਿਹਾ ਹੈ। ਜਿਥੇ ਉਹ ਇਸ ਸੰਕਟ ਦੇ ਰਾਜਸੀ ਕਾਰਨਾਂ ਬਾਰੇ ਚੇਤੰਨ ਹੈ, ਉਥੇ ਦੂਜੇ ਪੱਖਾਂ ਦਾ ਜਾਇਜ਼ਾ ਲੈਣਾ ਵੀ ਆਪਣਾ ਕਰਤੱਵ ਸਮਝਦਾ ਹੈ। ਪਰੰਤੂ ਉਹਨੇ ਇਸ ਮਸਲੇ ਦਾ ਜਾਇਜ਼ਾ ਕਿਸੇ ਡੂੰਘੇ ਖੋਜੀ ਵਿਦਵਾਨ ਵਾਂਗ ਨਹੀਂ ਲਿਆ ਬਲਕਿ ਇਕ ਚੇਤੰਨ ਪੱਤਰਕਾਰ ਵਜੋਂ ਲਿਆ ਹੈ। ਉਸ ਨੇ ਆਪਣੇ ਕਥਨਾਂ ਦੀ ਪੁਸ਼ਟੀ ਤੇ ਸਰੋਤ ਬਾਰੇ ਕੋਈ ਸਬੂਤ ਪੇਸ਼ ਨਹੀਂ ਕੀਤਾ। ਹਕੀਕਤ ਵਿਚ ਸੂਫ਼ੀ ਦੀ ਇਸ ਕਿਰਤ ਦੀ ਮਹਾਨਤਾ ਇਸ ਪੱਖੋਂ ਵੇਖਣੀ ਨਹੀਂ ਬਣਦੀ ਕਿ ਉਸ ਨੇ ਇਸ ਮਸਲੇ ਨੂੰ ਵਾਕਿਆਤ ਤੇ ਤੱਥਾਂ ਦੇ ਹਵਾਲਿਆਂ ਨਾਲ ਪੇਸ਼ ਨਹੀਂ ਕੀਤਾ। ਬਲਕਿ ਇਸ ਪੱਖੋਂ ਬਣਦੀ ਹੈ ਕਿ ਉਹਨੇ ਬਹੁਤ ਮਿਹਨਤ ਨਾਲ ਖੋਜੇ ਜਾਣ ਵਾਲੇ ਪੱਖਾਂ ਦਾ ਸੂਚੀਕਰਨ ਕੀਤਾ ਹੈ। ਇਹ ਸਾਰੇ ਪੱਖ ਅਜੋਕੇ ਵਿਗਿਆਨਾਂ ਦੇ ਦਾਇਰੇ ਵਿਚ ਆਉਂਦੇ ਹਨ। ਹਕੀਕਤ ਵਿਚ ਹਰ ਵਿਗਿਆਨੀ ਦੀ ਖੋਜ ਲਈ ਇਕ ਮੁੱਦਾ **(Topic)** ਪੇਸ਼ ਕੀਤਾ ਹੈ।

ਪੁਸਤਕ ਦਾ ਅਹਿਮ ਪੱਖ ਇਹ ਹੈ ਕਿ ਇਹ ਵਰਗ-ਦ੍ਰਿਸ਼ਟੀ ਤੋਂ ਲਿਖੀ ਗਈ ਹੈ। ਇਸ ਵਿਚ ਲੋਟੂ ਤੇ ਲੁਟੀਦੀਆਂ ਜਮਾਤਾਂ ਦੇ ਹਿੱਤਾਂ ਤੇ ਟਕਰਾਵਾਂ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਗਿਆ ਹੈ। ਵਿਗਿਆਨਿਕ ਦ੍ਰਿਸ਼ਟੀ ਤੋਂ ਕੋਈ ਵੀ ਯਤਨ ਸੰਪੂਰਨ ਨਹੀਂ ਹੁੰਦਾ। ਕਿਉਂਕਿ ਉਹ ਕਿਸੇ ਵੀ ਸੱਚ ਨੂੰ ਸਦੀਵੀ **(Absolute)** ਨਹੀਂ ਮੰਨਦਾ। ਇਹਨਾਂ ਲੇਖਾਂ ਤੇ ਵੀ ਇਹ ਅਸੂਲ ਲਾਗੂ ਹੁੰਦਾ ਹੈ। ਇਸ ਸਭ ਕੁਝ ਦੇ ਹੁੰਦਿਆਂ ਵੀ ਅਮਰਜੀਤ ਸੂਫ਼ੀ ਦਾ ਇਹ ਯਤਨ ਬਹੁਤ ਅਹਿਮ ਹੈ। ਦਰੁਸਤ ਪਾਸੇ ਨੂੰ ਪੁਟਿਆ ਗਿਆ ਇਕ ਅਹਿਮ ਕਦਮ ਹੈ। ਪਿਛਲਿਆਂ ਲਈ ਪੱਥ-ਪ੍ਰਦਰਸ਼ਨ ਦਾ ਕੰਮ ਕਰੇਗਾ। ਪੁਸਤਕ ਛਪਾਈ ਤੇ ਦਿਖ ਦੇ ਪੱਖੋਂ ਸੋਹਣੀ ਹੈ। ਕੀਮਤ ਵੀ ਵਾਜ ਹੀ ਰੱਖੀ ਹੈ। ਸਮਾਜ ਵਿਗਿਆਨ ਦੇ ਪਾਠਕ ਲਈ ਪੜ੍ਹਨੀ ਬਣਦੀ ਹੈ। ਪੁਸਤਕ ਲਾਹੌਰ ਬੁੱਕ ਸ਼ਾਪ ਲੁਧਿਆਣਾ ਤੋਂ ਪ੍ਰਕਾਸ਼ਤ ਹੋਈ।

—ਸੁਰਜੀਤ ਗਿੱਲ

—O—



## ਮਿੱਤਰਾਂ ਦੇ ਖ਼ਤ

ਪਿਆਰੇ ਸੰਪਾਦਕ ਜੀ,

ਤੁਹਾਡੀ ਪਿਆਰ ਭਰੀ ਚਿੱਠੀ ਮਿਲੀ। ਸ਼ੁਕਰੀਆ। ਗੁਰਮੁਖੀ ਮੈਂ ਪੜ੍ਹ ਈ ਲੈਨਾਂ। ......ਵਿਰਕ ਨੰਬਰ ਸਾਡੇ ਓਸ ਆਹਰ ਦੀ ਕੜੀ ਏ, ਜਿਹੜਾ ਅਸੀਂ ਆਪਣੇ ਲੋਕਾਂ ਨੂੰ ਮਾਂ ਬੋਲੀ ਪੜ੍ਹਨ ਲਈ ਛੋਹਿਆ ਹੋਇਆ ਹੈ। ਦੁਆ ਕਰੋ ਸਾਡੇ ਲੋਕਾਂ ਨੂੰ ਆਪਣੀ ਬੋਲੀ ਵਿਚ ਪੜ੍ਹਨ ਲਿਖਣ ਦਾ ਸ਼ੌਂਕ ਪੈ ਜਾਵੇ। 'ਦਾਮਨ' ਹੋਰਾਂ ਦੀ ਕਿਤਾਬ ਤੁਹਾਨੂੰ ਘੱਲੀ ਜਾ ਸਕਦੀ ਏ, ਪਰ ਏਸ ਤੋਂ ਪਹਿਲਾਂ ਜਿਸ ਸੱਜਣ ਨੂੰ ਵੀ ਜਿਹੜੀ ਕਿਤਾਬ ਘੱਲੀ ਏ, ਉਹਦੀ ਰਸੀਦੀ ਚਿੱਠੀ ਜਾਂ ਕਿਤਾਬ ਮਿਲ ਜਾਣ ਦਾ ਵਾਅਦਾ ਨਹੀਂ ਮੁੜਿਆ। ਹਾਲਾਂਕਿ ਸਾਨੂੰ ਜਿਹੜੀ ਵੀ ਕਿਤਾਬ ਆਵੇ ਅਸੀਂ ਉਹਦੇ ਮਿਲ ਜਾਣ ਦੀ ਖ਼ਬਰ ਜ਼ਰੂਰ ਕਰਦੇ ਹਾਂ। ਇਸ ਕਰਕੇ ਇਹ ਖ਼ਿਆਲ ਰਹਿੰਦਾ ਏ, ਸਾਡੀਆਂ ਘੱਲੀਆਂ ਕਿਤਾਬਾਂ ਖ਼ਬਰੇ ਅੱਪੜੀਆਂ ਵੀ ਹੈਨ ਕਿ ਨਹੀਂ। 'ਮਾਂ-ਬੋਲੀ' ਤੁਹਾਨੂੰ ਅੱਪੜਦਾ ਰਹੇਗਾ, ਤੁਸੀਂ ਜੋ ਕੁਝ ਵੀ ਛਾਪਣਾ ਚਾਹੋ, ਜ਼ਰੂਰ ਛਾਪੋ। 'ਮਾਂ-ਬੋਲੀ' ਕਿਤਾਬ ਘਰ ਰੇਫਰੇਂਸ ਲਾਇਬਰੇਰੀ ਨੂੰ ਕਿਤਾਬਾਂ ਦਾ ਦਾਨ ਤੁਹਾਡੀ ਮਰਜ਼ੀ ਉੱਤੇ ਏ। ਤੁਹਾਡੀ ਕੋਈ ਵੀ ਕਿਤਾਬ ਮੇਰੇ ਕੋਲ ਨਹੀਂ। ਤੁਹਾਡੇ ਮੰਗੇ ਹੋਏ ਸਿਰਨਾਵਿਆਂ ਵਿਚੋਂ ਦੋ ਸਿਰਨਾਵੇ ਹਾਜ਼ਰ ਨੇ। ਮੀਆਂ ਸਲੀਮ ਜਹਾਂਗੀਰ ਤੇ ਰੱਬ ਨੂੰ ਪਿਆਰੇ ਹੋ ਗਏ ਨੇ। ਸਿਬਤੁਲ ਹਸਨ ਜ਼ੈਗ਼ਮ ਤੇ ਰਾਜਾ ਰਸਾਲੂ ਦਾ ਸਿਰਨਾਵਾਂ ਨੋਟ ਕਰ ਲਓ। ਚਿਰਾਗ਼ ਵਧੀਆ ਪਰਚਾ ਏ। ਮੈਨੂੰ ਘੱਲਦੇ ਰਿਹਾ ਜੇ। ਹੋਰ ਸਾਨੂੰ ਏਥੇ ਪੰਜਾਬੀ ਕਹਾਣੀ ਤੇ ਨਾਵਲ ਨੂੰ ਆਮ ਕਰਨ ਦੀ ਬੜੀ ਲੋੜ ਏ। ਏਸ ਬਾਰੇ ਸਲਾਹ-ਮਸ਼ਵਰਾ ਦੱਸਿਆ ਜੇ।

ਚੰਗੇ ਲਿਖਾਰੀਆਂ ਦੇ ਨਾਂ ਘੱਲੋ। ਨਵਿਆਂ ਤੇ ਪੁਰਾਣਿਆਂ ਦੇ। ਨਾਲੇ ਆਪਣੀਆਂ ਲਿਖਤਾਂ ਵੀ।

ਤੁਹਾਡਾ, ਮਕਸੂਦ ਸਾਕਿਬ
ਲਾਹੌਰ (ਪਾਕਿਸਤਾਨ)

ਚਿਰਾਗ਼ ਦਾ ਤੀਸਰਾ ਅੰਕ ਮਿਲਿਆ ਹੈ। ਪਹਿਲੇ ਹੀ ਪੰਨੇ ਉੱਪਰ ਨਜ਼ਮ 'ਚੁੱਪ ਨਾ ਰਹੋ' ਦੁਨੀਆਂ ਦੀਆਂ ਉੱਤਮ ਨਜ਼ਮਾਂ 'ਚ ਗਿਣੀ ਜਾ ਸਕਦੀ ਹੈ। ਅਜਿਹਾ ਸਾਹਿਤ ਪਾਠਕਾਂ ਤੱਕ ਪੁੱਜਦਾ ਕਰਨ ਲਈ 'ਚਿਰਾਗ਼' ਵਧਾਈ ਦਾ ਹੱਕਦਾਰ ਹੈ। ਆਓ ਸਾਰੇ ਵਾਅਦਾ ਕਰੀਏ ਕਿ ਚਿਰਾਗ਼ ਨੂੰ ਜੱਗਦਾ ਰੱਖਣ ਲਈ ਆਪਣੀਆਂ ਚੰਗੀਆਂ ਰਚਨਾਵਾਂ ਦਾ ਤੇਲ ਪਾਉਂਦੇ ਰਹਾਂਗੇ। ਅਮਰਜੀਤ ਕੌਂਕੇ ਇਸ ਅੰਕ ਦਾ ਹਾਸਿਲ ਹੈ। "ਵਾਘਿਉਂ ਪਾਰ" ਵਾਲਿਆਂ ਦੀ ਹਾਜ਼ਰੀ ਚੰਗੀ ਲੱਗੀ। ਮਕਸੂਦ ਸਾਕਿਬ ਜੀ ਤੁਸੀਂ "ਵਿਰਕ ਵਿਸ਼ੇਸ਼ ਅੰਕ" ਕੱਢ ਕੇ ਆਪਣਾ ਫਰਜ਼ ਨਿਭਾਇਆ ਹੈ ਆਪਣੇ ਹਿੱਸੇ ਆਉਂਦਾ ਕੰਮ ਕੀਤਾ ਹੈ ਮੈਂ ਹਵਾ ਦੇ ਹੱਥ ਇਕ ਅਹਿਸਾਸ ਭੇਜ ਰਿਹਾ ਹਾਂ ਆਪਣੇ ਤਾਈਂ ਪੁੱਜਦਾ ਕਰ ਲੈਣਾ। 'ਰਾਵੀ ਦੇ ਆਰ ਪਾਰ' ਕਹਾਣੀ ਬਹੁਤ ਚੰਗੀ ਲੱਗੀ......ਕਾਸ਼ ਸਭ ਕੁਝ 'ਮਸੀਹ ਦੀ ਸੋਚ ਵਰਗਾ ਹੋ ਜਾਵੇ। ਬਲਬੀਰ ਪਰਵਾਨਾ ਹੰਢਿਆ ਵਰਤਿਆ ਸ਼ਾਇਰ ਹੈ ਉਹਨੂੰ ਤਾਂ ਬਹੁਤ ਸਿਆਣਾ

ਹੋਣਾ ਚਾਹੀਦਾ ਹੈ। ਇਹ ਉਸ ਦੀ ਕਿਹੜੀ ਭੁੱਖ ਹੈ ਕਿ ਇਹੋ ਨਜ਼ਮ 'ਚਿਰਾਗ਼', 'ਸਾਹਿਤ-ਧਾਰਾ' 'ਚ ਵੀ ਛਪੀ ਹੈ। ਇੰਜ ਕੀਤਿਆਂ ਜ਼ਿਆਦਾ ਲੋਕਾਂ ਤੱਕ ਪਹੁੰਚਣ ਦਾ ਇਕ ਭਰਮ ਹੀ ਹੈ। ਇਹ ਭੈੜੀ ਬਿਮਾਰੀ ਹੈ। ਇਸ ਤੋਂ ਬਚਣਾ ਬਹੁਤ ਜ਼ਰੂਰੀ ਹੈ। —ਨਾਲੇ ਸੰਪਾਦਕ ਨੂੰ ਹਲਕੀਆਂ ਰਚਨਾਵਾਂ 'ਤੇ ਵਿਸ਼ੇਸ਼ ਨਜ਼ਰ ਰੱਖਣੀ ਚਾਹੀਦੀ ਹੈ। ਹੁੰਦਲ ਜੀ ਕਿਤੇ ਤੁਹਾਡੀ ਕੋਈ ਮਜ਼ਬੂਰੀ ਤਾਂ ਨਹੀਂ ਸੀ। ਕਿਉਂਕਿ ਪਰਵਾਨਾ ਵੀ ਸੰਪਾਦਕੀ ਬੋਰਡ 'ਚ ਸ਼ਾਮਿਲ ਹੈ ਕਿਸੇ ਹੋਰ ਸੰਸਥਾ 'ਚ......ਤੇ ਤੁਹਾਡਾ ਕਿਤਾਬਾਂ ਦਾ ਅਦਾਨ-ਪ੍ਰਦਾਨ ਚਲਦਾ ਹੋਵੇ। ਮੈਂ ਜੋ ਕੁਝ ਵੀ ਕਿਹਾ ਹੈ ਭਾਵੇਂ ਦੋਵੇਂ ਧਿਰਾਂ ਗੁੱਸਾ ਕਰੋ ਪਰ ਜੋ ਮੇਰੇ ਮਨ 'ਚ ਪਾਠਕ ਦੇ ਤੌਰ ਤੇ ਆਇਆ, ਮੈਂ ਆਖਿਆ ਹੈ।

ਤੁਹਾਡਾ
ਵਿਸ਼ਾਲ (ਬਿਆਸ)

---

ਪਿਆਰੇ ਹਰਭਜਨ,

"ਚਿਰਾਗ਼" (ਜਨਵਰੀ—ਮਾਰਚ 1993) ਮਿਲਿਆ। ਧੰਨਵਾਦ! ਵਿਸ਼ਾਲ ਤੇ ਅਮਰਜੀਤ ਕੌਂਕੇ ਦੀਆਂ ਕਵਿਤਾਵਾਂ, ਸੁਰਜੀਤ ਜੱਜ ਦੀ ਗ਼ਜ਼ਲ ਅਤੇ ਸਹਿਰਾਈ ਦਾ ਲੇਖ 'ਮਾਰਕਸਵਾਦ ਅਤੇ ਸਾਹਿਤਕਾਰ' ਚੰਗੀਆਂ ਰਚਨਾਵਾਂ ਹਨ। ਸੁਰਿੰਦਰ ਕਾਹਲੋਂ ਦਾ ਰੀਵੀਊ ਨਿਬੰਧ "ਕਵੀ ਹੁੰਦਲ ਦੀ ਕਾਵਿ-ਸੰਵੇਦਨਾ" ਬਹੁਪੱਖੀ ਲੇਖ ਹੈ। ਮੁੱਲਵਾਨ।

"ਚਿਰਾਗ਼ ਦਾ ਚਿਹਰਾ ਮੋਹਰਾ ਨਿਖਰ ਰਿਹਾ ਹੈ। ਇਹਦੀ ਸੇਧ ਨਰੋਈ ਹੈ। ਨਵੇਂ ਲੇਖਕਾਂ ਨੂੰ ਯੋਗ ਤੌਰ ਤੇ ਉਭਾਰਨ ਦੀ ਚਿਰਾਗ਼ ਦੀ ਨੀਤੀ ਹਾਂ-ਪੱਖੀ ਹੈ। ਇਹ ਚਿਰਾਗ਼ ਦੀ ਵਿਸ਼ੇਤਾ ਵੀ ਹੈ।

ਨਿਰੰਜਨ ਸਿੰਘ ਨੂਰ
(ਇੰਗਲੈਂਡ)

---

O ਤੁਹਾਡੀ ਸੰਪਾਦਨਾ, ਮਿਹਨਤ ਤੇ ਲਗਨ ਸਦਕਾ ਚਿਰਾਗ਼ ਆਪਣੀ ਉਮਰ ਤੋਂ ਕਾਫ਼ੀ ਪ੍ਰੌੜ ਤੇ ਵੱਡਾ-ਵੱਡਾ ਜਾਪਦਾ ਹੈ। ਇਸ ਦੀ ਦਿਨੋਂ-ਦਿਨ ਬੁਲੰਦੀ ਲਈ ਦੁਆ ਕਰਦਾ ਹਾਂ।

ਅਮਰਜੀਤ ਕੌਂਕੇ
(ਲੁਧਿਆਣਾ)

O ਅੰਕ 3 ਦੀ ਚੜ੍ਹਤ ਅੰਕ ਦੋ ਤੋਂ ਵੀ ਵਧੇਰੇ ਹੈ। ਮੇਰੀਆਂ ਚਿਰਾਗ਼ ਨੂੰ ਅਤੇ ਇਸ ਨੂੰ ਲਟ-ਲਟ ਬਲਦਾ ਰੱਖਣ ਵਾਲਿਆਂ ਨੂੰ ਸ਼ੁੱਭ ਇੱਛਾਵਾਂ।

ਸੂਫ਼ੀ ਅਮਰਜੀਤ
(ਕੈਨੇਡਾ)

ਆਦਰਯੋਗ ਹੁੰਦਲ ਸਾਹਿਬ,

ਯਾਦਾਂ!

ਮੈਂ ਤਰਦੀਦ ਨਹੀਂ ਕਰਨਾ ਚਾਹੁੰਦਾ ਸਾਂ ਪਰ, ਜਨਾਜ਼ਾ—ਵਰਤਮਾਨ ਦੀ ਜਵਾਨੀ ਦਾ ਹੈ ਜਿਹੜਾ ਕੁਝ ਤਾਂ ਸੰਤ ਤੇ ਚੇਲਿਆਂ ਨੇ ਕੱਢ ਦਿੱਤਾ ਤੇ ਕੁਝ ਪੁਲਿਸ ਨੇ। ਉਂਜ



ਵਰਤਮਾਨ 'ਚ ਰਹਿ ਕੇ ਵਿਵਸਥਾ ਦਾ ਜਨਾਜ਼ਾ ਕੱਢਣ ਦੀ ਪੇਸ਼ੀਨਗੋਈ ਹੈ, ਭਾਵੇਂ ਕਿ ਇਸ ਦੇ ਆਸਾਰ ਤੇ ਆਧਾਰ ਨਹੀਂ ਦਿਸਦੇ।

ਮੈਂ ਤੇ ਕਾਦਰ ਦੋਵੇਂ ਅਨਪੜ੍ਹ ਹਾਂ—ਅਮਰਜੀਤ M. A. ਹੈ। ਇਹ ਪੜ੍ਹੇ ਲਿਖੇ ਪਾਠਕਾਂ ਲਈ ਕਿਵੇਂ ਲਿਖੀਆਂ ਗਈਆਂ—ਸਮਝ ਨਹੀਂ ਆਉਂਦਾ। ਨਾਲੇ ਲਿਖਣ ਲੱਗਿਆਂ ਪਾਠਕ ਵਿਸ਼ੇਸ਼ ਸਾਹਮਣੇ ਨਹੀਂ ਹੁੰਦਾ ਤੇ ਨਾ ਹੀ ਅਜਿਹਾ ਕਰਕੇ ਲਿਖਿਆ ਜਾ ਸਕਦਾ ਹੈ ਤੇ ਨਾ ਹੀ ਸਰਲ ਸਪਾਟ ਬਿਆਨੀ ਨੂੰ ਕਵਿਤਾ ਮੰਨਿਆ ਜਾ ਸਕਦਾ ਹੈ।

ਮੋਹਣ ਮਤਿਆਲਵੀ

O ਅਗਾਂਹ-ਵਧੂ ਹਲਕਿਆਂ ਵਿਚ ਇਹ ਖੁਸ਼ੀ ਦੀ ਗੱਲ ਹੈ ਕਿ ਤੁਹਾਡੀ ਸੰਪਾਦਨਾ ਹੇਠ ਪਰਚਾ 'ਚਿਰਾਗ਼' ਨਿਕਲਿਆ ਹੈ। ਪਹਿਲਾਂ ਅਸਾਡੇ ਪਾਸ ਇਕ ਪਰਚਾ 'ਸਿਰਜਣਾ' ਸੀ, ਹੁਣ ਅਸਾਡੇ ਪਾਸ ਦੋ ਪਰਚੇ ਹਨ—ਮੈਂ ਇੰਜ ਮਹਿਸੂਸ ਕਰ ਰਿਹਾ ਹਾਂ। ਮੇਰੀਆਂ ਸੇਵਾਵਾਂ ਹਮੇਸ਼ਾ ਹਾਜ਼ਰ ਰਹਿਣੀਆਂ।

ਗੁਰਨਾਮ ਢਿੱਲੋਂ
(ਇੰਗਲੈਂਡ)

---

## ਪ੍ਰਾਪਤ ਪੁਸਤਕਾਂ

1. ਬਰੀ ਹੋਣ ਦੀ ਉਮੀਦ (ਕਹਾਣੀਆਂ) ਸ਼ਮਸ਼ੇਰ ਢਪਾਲੀ ਪੰਨੇ-126, ਮੁੱਲ 40/- ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ।
2. ਉਦਾਸੀ ਹੋਰੇ ਹਿਰਨ ਦੀ (ਨਜ਼ਮਾਂ) ਭਗਵਾਨ ਢਿਲੋਂ ਮੁੱਲ 60/- ਪੰਨੇ 80, ਰੂਬੀ ਪ੍ਰਕਾਸ਼ਨ, ਹਸੈਨਪੁਰਾ ਅੰਮ੍ਰਿਤਸਰ।
3. ਤਪੇ ਹੋਏ (ਨਜ਼ਮਾ) ਪ੍ਰੇਮ ਸਾਹਿਲ, ਮੁਲ 40/- ਪੰਨੇ 72, ਰੂਬੀ ਪ੍ਰਕਾਸ਼ਨ, ਚੌਂਕ ਹੁਸੈਨਪੁਰ, ਅੰਮ੍ਰਿਤਸਰ।
4. ਸੰਗਤਿ ਦੇ ਖੰਭ (ਕਵਿਤਾਵਾਂ) ਪਿਆਰਾ ਸਿੰਘ ਸਹਿਰਾਈ ਸਫੇ 72, ਮੁੱਲ 40/- ਨਵਯੁਗ ਪਬਲਿਸ਼ਰਜ਼ ਦਿੱਲੀ।
5. ਗ਼ਦਰ ਦੀ ਗੂੰਜ (ਕਵਿਤਾਵਾਂ) ਮੁੱਲ 25/- ਪੰਨੇ 84 ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ।
6. ਬਰਤਾਨੀਆਂ ਵਿਚ ਪੰਜਾਬੀ ਜੀਵਨ ਤੇ ਸਾਹਿਤ (ਵਾਰਤਕ) ਜੋਗਿੰਦਰ ਸ਼ਮਸ਼ੇਰ, ਪੰਨੇ 164, ਮੁੱਲ 75/- ਰਵੀ ਸਾਹਿਤ ਪ੍ਰਕਾਸ਼ਨ :
7. 1919 ਦਾ ਪੰਜਾਬ (ਇਤਿਹਾਸ) ਜੋਗਿੰਦਰ ਸ਼ਮਸ਼ੇਰ ਪੰਨੇ 102 ਮੁੱਲ 75, ਨਵਯੁਗ ਪ੍ਰੈਸ, ਦਿੱਲੀ।
8. ਡਾ: ਰਘਬੀਰ ਢੰਡ, ਸਿਮ੍ਰਿਤੀ-ਗ੍ਰੰਥ/ਸੰਪਾਦਕ ਮੋਹਨ ਭੰਡਾਰੀ, ਮੁੱਲ ਦੋ ਸੌ ਰੁਪਏ, ਪੰਨੇ 324, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ
9. ਪੰਜਾਬੀ ਸਾਹਿਤ ਦੀ ਇਤਿਹਾਸਕਾਰੀ (ਸੰਪਾਦਕ ਪ੍ਰੀਤਮ ਸਿੰਘ) ਮੁੱਲ 200/- ਪ੍ਰਕਾਸ਼ਕ ਕੇਂਦਰੀ ਪੰਜਾਬੀ ਲੇਖਕ ਸਭਾ।
10. ਮਿੱਟ ਰਹੀਆਂ ਪੈੜਾਂ (ਸਵੈ-ਜੀਵਨੀ) ਕਰਤਾਰ ਸਿੰਘ ਅਰਸ਼ ਪੰਜਾਬੀ ਸਾਹਿਤ ਸਭਾ ਬੰਡਾਲਾ (ਜਲੰਧਰ) ਮੁੱਲ 40/- ਪੰਨੇ 146।

'ਚਿਰਾਗ਼' ਲਈ ਸ਼ੁਭ ਇੱਛਾਵਾਂ

★

# ਪੱਡਾ ਰਾਇਸ ਮਿਲਜ਼

**ਅਲੀਵਾਲ ਰੋਡ, ਬਟਾਲਾ-143505**

◎

◎

ਜੁੜਵੇਂ ਅਦਾਰੇ :

★ ਪੱਡਾ ਟ੍ਰਾਂਸਪੋਰਟ ਕੰ: (ਰਜਿ.)

★ ਪੱਡਾ ਫਾਊਂਡਰੀ ਐਂਡ ਇੰਜੀਨੀਅਰਿੰਗ ਵਰਕਸ

**ਅਲੀਵਾਲ ਰੋਡ, ਬਟਾਲਾ-143505**

**ਫੋਨ ਦਫਤਰ : 42179, 42095, ਘਰ : 42385**



**With best compliments from :**

# FREEDOM SALES

**G. T. Road (Near Canal),**
**AMRITSAR-143001**

Awarded with Gold Medel & Udyog Partra by
Vice President of India

CYCLE AIR PUMPS, AIR PUMP'S RUBBER NYLEX TUBINGS, CYCLE'S RUBBER & PLASTIC PARTS, MUDGUARD SCREWS & SEAT BOLTS, CYCLE BELL & PEDALS

Office Phone :
230930, 260846, 230833,
230848, 230849, 231165,
47953.

Resi. Phone :
224453, 220018, 224853,
221500, 62148,
Grams : 'FREEDOM'

ਉੱਤਰੀ ਭਾਰਤ ਵਿਚ ਸਿਰਫ ਇੱਕੋ

**ਪਲਾਸਟਿਕ, ਕਾਸਮੈਟਿਕ ਤੇ ਪੁਨਰ-ਸਿਰਜਣਾ ਦਾ ਕੇਂਦਰ**

# ਭੂਪਿੰਦਰਾ ਨਰਸਿੰਗ ਹੋਮ

**ਸਾਡੀਆਂ ਵਿਸ਼ੇਸ਼ਤਾਈਆਂ :**

★ **ਚਰਬੀ ਕੱਢਣ**, ਸਰੀਰ ਚੋਂ ਵਾਧੂ ਜਮ੍ਹਾ ਹੋਈ ਚਰਬੀ ਕੱਢਣਾ।

★ ਸਰੀਰਕ ਬਣਤਰ ਨੂੰ ਹੋਰ ਸੁੰਦਰ ਬਣਾਉਣਾ, ਸਦੀਵੀ, ਸੁਰੱਖਿਅਤ ਤੇ ਘੱਟ ਖਰਚੇ ਵਾਲਾ।

★ **ਸ਼ਫੈਦ ਦਾਗ਼**, ਰੁਕੇ ਹੋਏ ਫੁਲਹਿਰੀ ਦੇ ਚਿੱਟੇ ਦਾਗ਼ਾਂ ਨੂੰ ਉਪਰੇਸ਼ਨ ਰਾਹੀਂ ਸਥਾਈ ਤੌਰ ਤੇ ਦੂਰ ਕਰਨਾ।

★ ਨੱਕ ਦੀ ਬਣਤਰ ਨੂੰ ਸੁੰਦਰ ਬਣਾਉਣਾ, ਵਿਗੜੀ ਸ਼ਕਲ ਠੀਕ ਕਰਨੀ, ਛੋਟੀ ਨੂੰ ਵੱਡਾ ਅਤੇ ਵੱਡੀ ਕਰੂੰਬਲੀ ਨੂੰ ਛੋਟਾ ਕਰਕੇ ਸੁੰਦਰ ਬਣਾਉਣਾ।

★ ਚਿਹਰੇ ਦੀਆਂ ਝੁਰੜੀਆਂ ਨੂੰ ਢੁਕਵੀਂ ਉਮਰ ਦੇ ਪਰਭਾਵਾਂ ਨੂੰ ਘਟਾਕੇ, ਜਵਾਨ ਦਿੱਖ ਬਹਾਲ ਕਰਨੀ।

★ ਅੱਖਾਂ ਦੇ ਹੇਠਾਂ ਜਾਂ ਉਪਰ ਵਾਧੂ ਤੇ ਢਿਲਕੇ ਹੋਏ ਮਾਸ ਨੂੰ ਠੀਕ ਕਰਨਾ।

★ ਕੰਨ ਤੇ ਬੁੱਲ੍ਹਾਂ ਦੀ ਬਣਤਰ ਸੁੰਦਰ ਬਣਾਉਣਾ।

**ਵਿਸ਼ੇਸ਼ :**

★ ਦਾਗ਼, ਧੱਬੇ ਜਾਂ ਲਸਣ ਨੂੰ ਮਿਟਾਉਣਾ।

★ ਗੰਜੇਪਨ ਦਾ ਇਲਾਜ ਵਾਲਾਂ ਦੇ ਪ੍ਰਤੀਰੂਪਣ ਰਾਹੀਂ।

★ ਛਾਤੀ ਨੂੰ ਛੋਟੀ ਜਾਂ ਵੱਡੀ ਕਰਨਾ।

★ ਜਲੇ ਸੜੇ ਦਾ ਇਲਾਜ

★ ਪੁਰਾਣੇ ਜਲੇ ਹੋਏ ਦੇ ਨਿਸ਼ਾਨ ਅਤੇ ਨਾੜਾਂ ਦੇ ਗੁੱਛਿਆਂ ਨੂੰ ਦੂਰ ਕਰਨਾ।

★ ਜਮਾਂਦਰੂ ਨੁਕਸ, ਜਿਸ ਤਰ੍ਹਾਂ ਖੰਡਾ, ਬੁੱਲ ਆਦਿ ਦੀ ਦਰੁਸਤੀ।

## ਡਾ. ਬੀ. ਪੀ. ਸਿੰਘ ਐਮ. ਐਸ.

**ਪਲਾਸਟਿਕ, ਕਾਸਮੈਟਿਕ ਤੇ ਪੁਨਰ-ਸਿਰਜਣਾ ਦਾ ਸਰਜਨ**

ਟੈਲੀਫੂਨ ; 223376, 224228, 221295